ਸਚਿੱਤਰ ਸਾਖੀਆਂ

# ਸ੍ਰੀ ਗੁਰੂ ਨਾਨਕ ਦੇਵ ਜੀ

## ਇਕ ਸਰਬ-ਸਾਂਝੇ ਮਾਰਗ-ਦਰਸ਼ਕ

ਮੁਖਤਾਰ ਸਿੰਘ ਗੁਰਾਇਆ

ਸਚਿੱਤਰ ਸਾਖੀਆਂ

# ਸ੍ਰੀ ਗੁਰੂ ਨਾਨਕ ਦੇਵ ਜੀ

ਇਕ ਸਰਬ-ਸਾਂਝੇ ਮਾਰਗ-ਦਰਸ਼ਕ

ਮੁਖਤਾਰ ਸਿੰਘ ਗੁਰਾਇਆ
ਡੀ-577, ਰਣਜੀਤ ਐਵੀਨਿਊ
ਅੰਮ੍ਰਿਤਸਰ - 143 001
ਮੋਬਾ : 98551-22568

© - ਲੇਖਕ

ਪਹਿਲੀ ਛਾਪ : ਅਗਸਤ 2019 : 2000

ਭੇਟਾ ਰਹਿਤ

ਪ੍ਰਕਾਸ਼ਕ :
**ਡਾ. ਇੰਦਰਜੀਤ ਕੌਰ, ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.)
ਅੰਮ੍ਰਿਤਸਰ ।

ਛਾਪਕ:
ਪੂਰਨ ਪ੍ਰਿੰਟਿੰਗ ਪ੍ਰੈਸ ਮਾਨਾਂਵਾਲਾ ਕੰਪਲੈਕਸ ਅੰਮ੍ਰਿਤਸਰ ।



ਗੁਰਦਵਾਰਾ ਜਨਮ-ਅਸਥਾਨ, ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ

ਸ੍ਰੀ ਗੁਰੂ ਨਾਨਕ ਦੇਵ ਜੀ

ਦੇ

੫੫੦ਵੇਂ ਪ੍ਰਕਾਸ਼ ਦਿਹਾੜੇ ਨੂੰ

# ਤਤਕਰਾ


| | | |
|---|---|---|
| | ਮੁਖ ਬੰਦ | 7 |
| | ਭੂਮਿਕਾ | 10 |
| 1. | ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਸਮੁੱਚੀ ਦਸ਼ਾ | 13 |
| 2. | ਗੁਰੂ ਜੀ ਦਾ ਪ੍ਰਕਾਸ਼ | 16 |
| 3. | ਜਨਮ-ਪੱਤਰੀ ਤਿਆਰ ਕਰਨੀ | 18 |
| 4. | ਬਾਲ-ਲੀਲ੍ਹਾ | 20 |
| 5. | ਗੁਰੂ ਜੀ ਦੁਆਰਾ ਵਿੱਦਿਆ ਪੜ੍ਹਨੀ | 22 |
| 6. | ਜਨੇਊ ਦੀ ਰਸਮ | 25 |
| 7. | ਗਊਆਂ ਅਤੇ ਮੱਝਾਂ ਦਾ ਛੇੜੂ | 28 |
| 8. | ਮਰਦਾਨਾ ਜੀ ਨਾਲ ਮਿਲਾਪ | 32 |
| 9. | ਸੱਚਾ ਸੌਦਾ | 34 |
| 10. | ਵੈਦ ਬੁਲਾਉਣਾ | 36 |
| 11. | ਮੋਦੀਖਾਨੇ ਵਿਚ ਨੌਕਰੀ ਕਰਨੀ | 38 |
| 12. | ਗੁਰੂ ਜੀ ਦਾ ਵਿਆਹ | 41 |
| 13. | ਵੇਈਂ ਦਾ ਉਪਦੇਸ਼ | 43 |
| 14. | ਨਮਾਜ਼ ਪੜ੍ਹਨੀ | 46 |
| 15. | ਗੁਰੂ ਜੀ ਦੀਆਂ ਲੰਮੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਦਾ ਅਰੰਭ | 48 |
| 16. | ਦੁਨੀ ਚੰਦ ਨੂੰ ਉਪਦੇਸ਼ | 50 |
| 17. | ਭਾਈ ਲਾਲੋ ਤੇ ਮਲਕ ਭਾਗੋ | 52 |
| 18. | ਸੱਜਣ ਠੱਗ | 57 |
| 19. | ਸੂਰਜ ਗ੍ਰਹਿਣ | 60 |
| 20. | ਹਰਿਦੁਆਰ ਦੀ ਸਾਖੀ | 62 |
| 21. | ਸੁੱਚ ਤੇ ਭਿੱਟ | 64 |
| 22. | ਗੋਰਖ ਮਤਾ ਤੋਂ ਨਾਨਕ ਮਤਾ | 66 |
| 23. | ਬਨਾਰਸ ਦੇ ਵਿਦਵਾਨ ਪੰਡਿਤ ਚਤੁਰ ਦਾਸ ਨੂੰ ਉਪਦੇਸ਼ | 68 |
| 24. | ਸਮਕਾਲੀ ਭਗਤਾਂ ਦਾ ਮੇਲ | 70 |
| 25. | ਗਯਾ ਵਿਖੇ ਪਾਂਡਿਆਂ ਨੂੰ ਉਪਦੇਸ਼ | 72 |
| 26. | ਅਨਮੋਲ ਹੀਰਾ ਤੇ ਸਾਲਿਸ ਰਾਇ ਜੌਹਰੀ | 74 |
| 27. | ਭੂਮੀਏ ਚੋਰ ਨੂੰ ਉਪਦੇਸ਼ | 76 |
| 28. | ਨੂਰ ਸ਼ਾਹ ਨੂੰ ਮਿਲਣਾ | 78 |

| | | |
|---|---|---|
| 29. | ਚੰਗੇ-ਮੰਦੇ ਲੋਕਾਂ ਨੂੰ ਵੇਖਣ ਦਾ ਗੁਰੂ ਜੀ ਦਾ ਅਲੌਕਿਕ ਨਜ਼ਰੀਆ | 80 |
| 30. | ਪਰਮ ਪਿਤਾ ਪ੍ਰਮਾਤਮਾ ਪ੍ਰਤੀ ਹੋ ਰਹੀ ਸਦਾ-ਬਹਾਰ ਆਰਤੀ | 82 |
| 31. | ਰੁਹੇਲ ਖੰਡ ਦੀ ਯਾਤਰਾ | 84 |
| 32. | ਕੌਡਾ ਰਾਖਸ਼ | 86 |
| 33. | ਭਾਈ ਭਗੀਰਥ ਦੀ ਸਾਖੀ | 88 |
| 34. | ਭਾਈ ਮਨਸੁਖ ਅਤੇ ਗੁਰੂ ਜੀ ਦੀ ਲੰਕਾ ਫੇਰੀ | 88 |
| 35. | ਦੱਖਣ ਦੀ ਯਾਤਰਾ ਤੋਂ ਤਲਵੰਡੀ ਵਾਪਸੀ | 92 |
| 36. | ਕੋਹੜੀ ਦਾ ਉਧਾਰ | 94 |
| 37. | ਪੀਰ ਹਮਜ਼ਾ ਗੌਂਸ ਨੂੰ ਉਪਦੇਸ਼ | 97 |
| 38. | ਮੀਆਂ ਮਿੱਠੇ ਸ਼ਾਹ | 100 |
| 39. | ਸੁਮੇਰ ਪਰਬਤ ਉੱਪਰ ਸਿੱਧਾਂ ਨਾਲ ਵਿਚਾਰ-ਚਰਚਾ | 102 |
| 40. | ਮੱਕੇ ਦਾ ਹੱਜ | 105 |
| 41. | ਕਾਰੂ ਨੂੰ ਉਪਦੇਸ਼ | 108 |
| 42. | ਪਾਤਾਲਾ ਪਾਤਾਲ ਲਖ ਆਗਾਸਾ ਆਗਾਸ | 111 |
| 43. | ਵਲੀ ਕੰਧਾਰੀ ਦਾ ਹੰਕਾਰ ਤੋੜਨਾ | 114 |
| 44. | ਬਾਬਰ ਦਾ ਹਮਲਾ | 117 |
| 45. | ਕਰਤਾਰਪੁਰ ਵਸਾਉਣਾ | 120 |
| 46. | ਗੁਰੂ ਜੀ ਦੀ ਸਿੱਧਾਂ ਨਾਲ ਆਖਰੀ ਵਿਚਾਰ-ਚਰਚਾ | 123 |
| 47. | ਮੁਲਤਾਨ ਫੇਰੀ | 125 |
| 48. | ਜੋਤੀ ਜੋਤ ਸਮਾਉਣਾ | 127 |
| 49. | ਗੁਰੂ ਜੀ ਦੇ ਉਪਦੇਸ਼ਾਂ ਦਾ ਸੰਖੇਪ ਰੂਪ | 129 |
| 50. | ਗੁਰੂ ਜੀ ਪ੍ਰਤੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ | 132 |
| 51. | ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ | 134 |
| | ੳ) ਮੂਲ ਮੰਤਰ | |
| | ਅ) ਨਿਤਨੇਮ ਦੀਆਂ ਬਾਣੀਆਂ | |
| | ੲ) ਪੰਜ ਪਿਆਰੇ | |
| | ਸ) ਚਾਰ ਸਾਹਿਬਜ਼ਾਦੇ | |
| | ਹ) ਪੰਜ ਤਖ਼ਤ ਸਾਹਿਬਾਨ | |
| | ਕ) ਪੰਜ ਕਕਾਰ | |
| | ਖ) ਸਿੱਖ ਧਰਮ ਵਿਚ ਕਰਨਯੋਗ ਗੱਲਾਂ | |
| | ਗ) ਸਿੱਖ ਧਰਮ ਵਿਚ ਨਾ-ਕਰਨਯੋਗ (ਵਰਜਿਤ) ਗੱਲਾਂ | |
| 52. | ਸਹਾਇਕ ਹਵਾਲਾ ਪੁਸਤਕਾਂ ਦਾ ਸੂਚੀ | 139 |
| | ਅਪੀਲ | 140 |

## ਮੁਖ ਬੰਦ

**ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।**
**ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥**

ਵਾਰ: ੧, ਪਉੜੀ ੨੭ਵੀਂ, ਭਾਈ ਗੁਰਦਾਸ ਜੀ)

ਅਕਾਲ ਪੁਰਖ ਦੀ ਅਦੁੱਤੀ ਅਤੇ ਅਦਭੁੱਤ ਸ਼ਕਤੀ ਨੇ ਇਸ ਸੰਸਾਰ ਦੀ ਰਚਨਾ ਕੀਤੀ। ਇਸ ਰਚਨਾ ਵਿੱਚ ਚੰਗਿਆਈ ਅਤੇ ਬੁਰਿਆਈ ਦਾ ਅਜੀਬ ਜਿਹਾ ਸੁਮੇਲ ਹੈ। ਜਦੋਂ ਬੁਰਿਆਈਆਂ ਹੱਦ ਤੋਂ ਜ਼ਿਆਦਾ ਵਧ ਜਾਂਦੀਆਂ ਹਨ ਤਾਂ ਅਕਾਲ ਪੁਰਖ ਆਪਣੇ ਵੱਲੋਂ ਕਿਸੇ ਨਾ ਕਿਸੇ ਅਵਤਾਰ ਨੂੰ ਇਸ ਸੰਸਾਰ ਵਿੱਚ ਆਪਣਾ ਦੂਤ ਬਣਾ ਕੇ ਭੇਜਦਾ ਹੈ। ਉਹ ਅਵਤਾਰ ਰੱਬ ਦਾ ਸੁਨੇਹਾ ਲੈ ਕੇ ਸੰਸਾਰ ਵਿੱਚ ਆਉਂਦਾ ਹੈ ਅਤੇ ਉਸਦੇ ਹੁਕਮ ਮੁਤਾਬਿਕ ਦੁਨੀਆਂ ਨੂੰ ਸੱਚ ਦਾ ਮਾਰਗ ਦਿਖਾਉਂਦਾ ਹੈ ਅਤੇ ਉਸ ਮਾਰਗ ਉੱਤੇ ਚੱਲਣ ਲਈ ਪ੍ਰੇਰਦਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਆਗਮਨ (ਪ੍ਰਕਾਸ਼) ਵੀ ਇਸੇ ਤਰ੍ਹਾਂ ਹੋਇਆ। ਭਾਈ ਗੁਰਦਾਸ ਜੀ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਨੂੰ ਇੰਞ ਬਿਆਨ ਕਰਦੇ ਹਨ:

**ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।**

ਵਾਰ: ੧, ਪਉੜੀ ੨੭ਵੀਂ, ਭਾਈ ਗੁਰਦਾਸ ਜੀ

ਇਸ ਕਿਤਾਬ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲਾਂ ਜੋ ਦੁਨੀਆਂ ਦੇ ਜਾ ਖ਼ਾਸ ਤੌਰ 'ਤੇ ਭਾਰਤ-ਵਰਸ਼ ਦੇ ਹਾਲਾਤ ਸਨ ਨੂੰ ਬਹੁਤ ਸੋਹਣੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਉਸ ਵੇਲੇ ਦੋ ਤਰ੍ਹਾਂ ਦੇ ਇਨਸਾਨ ਸਨ ਇਕ ਠੱਗੀਆਂ-ਠੋਰੀਆਂ, ਵਹਿਮਾਂ-ਭਰਮਾਂ ਵਿੱਚ ਫਸਾਣ ਵਾਲੇ; ਦੂਜੇ ਸਨ ਫਸਣ ਵਾਲੇ। ਸਾਰੇ ਇਨਸਾਨ ਦੇਸ਼ਾਂ, ਕੌਮਾਂ, ਜਾਤਾਂ, ਵਰਣਾਂ ਅਤੇ ਧਰਮਾਂ ਵਿੱਚ ਵੰਡੇ ਹੋਏ ਸਨ। ਇਨਸਾਨ ਹੀ ਇਨਸਾਨ ਉੱਤੇ ਜ਼ੁਲਮ ਕਰ ਰਿਹਾ ਸੀ। ਸਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਗੁਰੂ ਨਾਨਕ ਦੇਵ ਜੀ ਆਪ ਫ਼ਰਮਾਉਂਦੇ ਹਨ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥** ਅੰਗ: ੧੪੫

ਭਾਈ ਗੁਰਦਾਸ ਜੀ ਇਨ੍ਹਾਂ ਹਾਲਾਤਾਂ ਨੂੰ ਇੰਞ ਬਿਆਨ ਕਰਦੇ ਹਨ:-

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
**ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।**
**ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।**
**ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।**
**ਵਰਤਿਆ ਪਾਪੁ ਸਭਸਿ ਜਗਿ ਮਾਂਹੀ॥**

ਵਾਰ: ੧, ਪਉੜੀ ੩0ਵੀਂ, ਭਾਈ ਗੁਰਦਾਸ ਜੀ

ਅੱਜ ਵੀ ਹਾਲਾਤ ਲਗਭਗ ਉਸ ਸਮੇਂ ਵਰਗੇ ਹਨ। ਪਰ ਅੱਜ ਸਾਡੇ ਚੰਗੇ ਭਾਗਾਂ ਨੂੰ ਗੁਰੂ ਸਾਹਿਬਾਨ ਦੀ ਸਿੱਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਅਤੇ ਗੁਰੂ ਸਾਹਿਬਾਨ ਦੀਆਂ ਜੀਵਨ ਸਾਖੀਆਂ ਜਿਹੜੀਆਂ ਕਈ ਗ੍ਰੰਥਾਂ ਵਿੱਚ ਲਿਖੀਆਂ ਗਈਆਂ ਹਨ, ਸਾਡੇ ਕੋਲ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਸਾਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਾਉਂਦੀਆਂ ਹਨ। ਅੱਜ ਜ਼ਰੂਰਤ ਹੈ ਇਹਨਾਂ ਗ੍ਰੰਥਾਂ ਨੂੰ ਪੜ੍ਹਣ ਪੜ੍ਹਾਉਣ ਦੀ ਅਤੇ ਇਹ ਸਿੱਖਿਆਵਾਂ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਦੀ। ਅੱਜ ਦੀ ਪੀੜ੍ਹੀ ਨਵੀਂ ਤਕਨੀਕੀ ਵਿੱਦਿਆ ਦੇ ਮਗਰ ਹੱਥ ਧੋ ਕੇ ਪੈ ਗਈ ਹੈ। ਬੱਚੇ, ਬੁੱਢੇ, ਜਵਾਨ ਟੈਲੀਵਿਜ਼ਨ, ਫੇਸਬੁੱਕ ਅਤੇ ਵਟ-ਸ-ਅਪ ਦੇ ਵਿੱਚ ਹੀ ਜ਼ਿਆਦਾ ਸਮਾਂ ਬਤੀਤ ਕਰਦੇ ਹਨ। ਪਹਿਲਾਂ ਮਾਤਾਵਾਂ, ਨਾਨੀਆਂ, ਦਾਦੀਆਂ ਰਾਤ ਨੂੰ ਬਾਤਾਂ ਦੇ ਰੂਪ ਵਿੱਚ ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਉਂਦੀਆਂ ਹੁੰਦੀਆਂ ਸਨ। ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਸਾਡੇ ਜ਼ਮਾਨੇ ਦੇ ਲੋਕਾਂ ਦੇ ਦਿਮਾਗ਼ਾਂ ਵਿੱਚ ਚਿੱਤਰਾਂ ਵਾਂਙੂ ਫਿਟ ਹੋਈਆਂ ਪਈਆਂ ਹਨ। ਅੱਜ ਦੀ ਨੌਜਵਾਨ ਪੀੜ੍ਹੀ ਦੇ ਬੱਚਿਆਂ ਨੂੰ ਮਿਲਣ ਦਾ ਮੌਕਾ ਮਿਲਦਾ ਰਹਿੰਦਾ ਹੈ। 90% ਅੱਜ ਦੇ ਨੌਜਵਾਨ ਬੱਚਿਆਂ ਨੂੰ ਭਾਈ ਲਾਲੋ ਜੀ ਦਾ ਪਤਾ ਹੀ ਨਹੀਂ। ਜਦੋਂ ਉਹਨਾਂ ਨੇ ਭਾਈ ਲਾਲੋ ਜੀ ਬਾਰੇ ਨਹੀਂ ਸੁਣਿਆਂ ਤਾਂ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼: ਕਿਰਤ ਕਰੋ, ਨਾਮ ਜਪੋ, ਵੰਡ ਛਕੋ ਨੂੰ ਕਿਸ ਤਰ੍ਹਾਂ ਸਮਝ ਸਕਦੇ ਹਨ।

ਕੁਝ ਕੁ ਸਾਖੀਆਂ ਜੋ ਇਸ ਕਿਤਾਬ ਵਿੱਚ ਦਰਜ ਹਨ ਉਹਨਾਂ ਦਾ ਸੰਖੇਪ ਵਰਣਨ ਮੈਂ ਇਸ ਮੁੱਖ-ਬੰਦ ਵਿੱਚ ਸੰਗਤਾਂ ਨਾਲ ਸਾਝੀਆਂ ਕਰਨੀਆਂ ਚਾਹੁੰਦੀ ਹਾਂ।

ਗੁਰੂ ਨਾਨਕ ਸਾਹਿਬ ਜਦੋਂ ਪੈਦਾ ਹੋਏ ਤਾਂ ਵੀ ਉਹਨਾਂ ਦੇ ਚਿਹਰੇ ਤੇ ਰੱਬੀ ਨੂਰ ਸੀ, ਜਿਸਨੂੰ ਦੇਖ ਕੇ ਦੋਲਤਾਂ ਦਾਈ ਅਤੇ ਤੁਲਸਾਂ ਵੀ ਨਿਹਾਲ ਹੋ ਗਈਆਂ। ਦੋਲਤਾਂ ਦਾਈ ਨੇ ਕਿਹਾ ਮੈਂ ਪਹਿਲਾਂ ਕਦੇ ਵੀ ਅਜਿਹਾ ਬਾਲਕ ਨਹੀਂ ਦੇਖਿਆ।

ਜਦੋਂ ਗੁਰੂ ਜੀ ਪੈਦਾ ਹੋਏ ਉਸ ਜ਼ਮਾਨੇ ਵਿੱਚ ਹਰ ਵਿਦਵਾਨ ਦਾ ਸਤਿਕਾਰ ਕੀਤਾ ਜਾਂਦਾ ਸੀ ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਮਾਨ । ਸੋ ਗੁਰੂ ਨਾਨਕ ਦੇਵ ਜੀ ਨੂੰ ਵਿੱਦਿਆ ਲੈਣ ਲਈ ਗੋਪਾਲ ਦਾਸ ਪਾਂਧੇ ਪਾਸ, ਪੰਡਿਤ ਬ੍ਰਿਜ ਲਾਲ ਅਤੇ ਮੌਲਵੀ ਕੁਤਬਦੀਨ ਕੋਲ ਭੇਜਿਆ ਗਿਆ; ਉਹ ਵੱਖਰੀ ਗੱਲ ਹੈ ਕਿ ਬਹੁਤ ਕੁਝ ਆਪਣੇ ਉਸਤਾਦਾਂ ਨੂੰ ਪੜ੍ਹਾ ਆਏ। ਜਨੇਊ ਦੀ ਰਸਮ ਵੇਲੇ ਵੀ ਲੋਕਾਂ ਨੂੰ ਗਿਆਨ ਦਿੱਤਾ ਅਤੇ ਆਦਮੀ ਅਤੇ ਔਰਤ ਦੀ ਬਰਾਬਰੀ ਦੀ ਗੱਲ ਵੀ ਕੀਤੀ।

ਜਦੋਂ ਗੁਰੂ ਨਾਨਕ ਦੇਵ ਜੀ ਦੀ ਆਤਮਾ ਸੱਚਖੰਡ ਪੁੱਜੀ। ਉੱਥੋਂ ਆਪ ਨੂੰ ਹੁਕਮ ਹੋਇਆ ਕਿ ਸਾਰੀ ਦੁਨੀਆਂ ਨੂੰ ਉਪਦੇਸ਼ ਦੀ ਲੋੜ ਹੈ, ਕਿਉਂਕਿ ਸਾਰੀ ਪ੍ਰਿਥਵੀ ਝੂਠ, ਸ਼ਰੀਕੇ, ਫੁੱਟ, ਵੈਰ, ਈਰਖਾ, ਕ੍ਰੋਧ, ਹੰਕਾਰ ਅਤੇ ਪਾਪਾਂ ਦੇ ਭਾਂਬੜਾਂ ਵਿੱਚ ਸੜ ਬਲ ਰਹੀ ਹੈ। ਉਹਨਾਂ ਨੂੰ ਅੰਮ੍ਰਿਤ ਦਾ ਛੱਟਾ ਦੇ ਕੇ ਠਾਰੋ ਅਤੇ ਸਭ ਸ਼ਾਂਤ ਕਰੋ ਅਤੇ ਸੰਸਾਰੀ ਜੀਵਾਂ ਨੂੰ ਸੱਚੇ ਧਰਮ ਵਾਲੀ ਏਕਤਾ ਪਿਆਰ ਪਰਉਪਕਾਰ ਵਾਲੀ ਸੱਚੀ-ਸੁੱਚੀ ਰਹਿਣੀ ਦੀ ਜਾਚ ਸਿਖਾਓ।

"ਪ੍ਰਮੇਸ਼ਰ ਕੇ ਸੇਵਕ ਗੁਰੂ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ ਤਾਂ ਅੰਮ੍ਰਿਤ ਦਾ ਕਟੋਰਾ ਭਰ-ਭਰ ਆਗਿਆ ਨਾਲ ਮਿਲਿਆ। ਹੁਕਮ ਹੋਇਆ, 'ਨਾਨਕ, ਇਹ ਅੰਮ੍ਰਿਤ ਨਾਮ ਕਾ ਪਿਆਲਾ ਹੈ, ਤੂੰ ਪੀਉ'। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬ ਮਿਹਰਬਾਨ ਹੋਇਆ। ਬਚਨ ਕੀਤਾ:- 'ਨਾਨਕ ਮੈਂ ਤੇਰੇ ਕੋਲ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਤੂੰ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾਂ ਥੀਂ ਭੀ ਜਪਾਇ ਅਰ ਸੰਸਾਰ ਥੀਂ ਨਿਰਲੇਪ ਰਹੁ। ਨਾਮੁ, ਦਾਨ, ਇਸ਼ਨਾਨ, ਸੇਵਾ, ਸਿਮਰਨ

ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਏਹਾ ਕਿਰਤ ਕਰ'। ਤਬ ਗੁਰੂ ਜੀ ਨੇ ਮੱਥਾ ਟੇਕਿਆ ਅਤੇ ਵਿਸਮਾਦ ਵਿੱਚ ਆ ਕੇ ਅਕਾਲ ਪੁਰਖ ਦੀ ਵਡਿਆਈ ਨੂੰ ਇੰਞ ਬਿਆਨ ਕੀਤਾ, 'ਭੀ ਤੇਰੀ ਕੀਮਤਿ ਨਾ ਪਵੈ, ਹਉ ਕੇਵਡੁ ਆਖਾ ਨਾਉ' ਦੀ ਧੁਨੀ ਲਗਾਈ । ਉੱਧਰੋਂ ਇਹ ਧੁਨੀ ਉੱਠੀ 'ਨਾਨਕ, ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫ਼ਤ ਕਰ'। ਤਦ ਗੁਰੂ ਜੀ ਨੇ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥1॥" ਉਚਾਰਿਆ। ਉੱਥੋਂ ਹੀ ਜਪੁ ਮਿਲਿਆ ।"

ਪੁਰਾਤਨ ਜਨਮ ਸਾਖੀ ਵਾਲਾ ਗੱਲ ਜਾਰੀ ਰੱਖਦੇ ਲਿਖਦਾ ਹੈ ਕਿ ਤਦ ਫੇਰ ਸੱਚ ਪੁਰਖ ਤੋਂ ਆਗਿਆ ਪਾਈ। ਹੁਕਮ ਹੋਆ:-

**"ਨਾਨਕ, ਜਿਸ ਉਪਰਿ ਤੇਰੀ ਨਦਰਿ, ਤਿਸ ਉਪਰ ਮੇਰੀ ਨਦਰਿ ।**
**ਜਿਸ ਉਪਰ ਤੇਰਾ ਕਰਮ, ਤਿਸ ਉਪਰ ਮੇਰਾ ਕਰਮ ।**
**ਮੇਰਾ ਨਾਉਂ ਪਾਰਬ੍ਰਹਮ, ਤੇਰਾ ਨਾਉਂ ਗੁਰ ਪ੍ਰਮੇਸਰ ।"**

ਨਿਮਰਤਾ ਵਿਚ 'ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ' ਗਾ ਕੇ ਗੁਰੂ ਨਾਨਕ ਵਾਪਸ ਮੁੜੇ।

ਪ੍ਰਭੂ ਦੇ ਮਿਲਾਪ ਤੋਂ ਬਾਅਦ ਗੁਰੂ ਨਾਨਕ ਚੱਲ ਪਏ ਅਕਾਲ ਪੁਰਖ ਦਾ ਹੁਕਮ ਲੋਕਾਂ ਤਾਈਂ ਪਹੁੰਚਾਉਣ ਵਾਸਤੇ, ਗੁਰੂ ਨਾਨਕ ਸਾਹਿਬ ਦੀਆਂ ਬਹੁਤ ਸਾਰੀਆਂ ਸਾਖੀਆਂ ਇਸ ਕਿਤਾਬ ਵਿੱਚ ਵਰਣਨ ਕੀਤੀਆਂ ਗਈਆਂ ਹਨ ਜਿਸ ਤੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਸੇਧ ਲੈ ਸਕਦੇ ਹਾਂ।

ਸ. ਮੁਖਤਾਰ ਸਿੰਘ ਜੀ ਨੂੰ ਮੈਂ ਬੇਨਤੀ ਕੀਤੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਬੱਚਿਆਂ ਲਈ ਕੋਈ ਕਿਤਾਬ ਸੰਸਥਾ ਵੱਲੋਂ ਛਾਪੀ ਜਾਵੇ। ਉਹਨਾਂ ਨੇ ਮੇਰੀ ਬੇਨਤੀ ਮੰਨ ਕੇ ਬੜੀ ਲਗਨ ਅਤੇ ਮਿਹਨਤ ਨਾਲ ਇਹ ਕਿਤਾਬ ਲਿਖੀ ਹੈ। ਰਾਜ ਸਿੰਘ ਪਾਲ ਨੇ ਚਿੱਤਰ ਤਿਆਰ ਕੀਤੇ ਹਨ। ਪਿੰਗਲਵਾੜਾ ਸੰਸਥਾ ਦੀ ਇਹ ਨਿਮਾਣੀ ਜੇਹੀ ਭੇਟ ਹੈ। ਆਸ ਹੈ ਸੰਗਤਾਂ ਪ੍ਰਵਾਨ ਕਰਨਗੀਆਂ ਅਤੇ ਅੱਗੋਂ ਤੋਂ ਇਹੋ ਜਿਹੇ ਨੇਕ ਕੰਮਾਂ ਲਈ ਅਸੀਸਾਂ ਵੀ ਦੇਣਗੀਆਂ।

**ਡਾ. ਇੰਦਰਜੀਤ ਕੌਰ**
ਮੁੱਖ ਸੇਵਕਾ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ।

# ਭੂਮਿਕਾ

ਅਸੀਂ ਸਾਰੇ ਗੁਰੂ ਨਾਨਕ ਨਾਮ ਲੇਵਾ ਸਿੱਖ ਭਾਗਾਂ ਵਾਲੇ ਹਾਂ, ਜਿਨ੍ਹਾਂ ਨੂੰ ਇਸ ਮਹਾਨ ਗੁਰੂ ਜੀ ਦਾ 550-ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਵਿਸ਼ੇ 'ਤੇ ਇਕ ਦਿਨ ਗੱਲ ਚੱਲੀ ਤਾਂ ਸੰਸਥਾ ਦੇ ਪ੍ਰਧਾਨ ਡਾ. ਇੰਦਰਜੀਤ ਕੌਰ ਜੀ ਨੇ ਇੱਛਾ ਪ੍ਰਗਟ ਕੀਤੀ ਕਿ ਕਿਉਂ ਨਾ ਇਸ ਸੁਭਾਗ ਦਿਹਾੜੇ ਨੂੰ ਮਨਾਉਣ ਵਿਚ ਪਿੰਗਲਵਾੜਾ ਸੰਸਥਾ ਵੀ ਕੋਈ ਨਿੱਗਰ ਯੋਗਦਾਨ ਪਾਵੇ? ਉਹ ਚਾਹੁੰਦੇ ਸਨ ਕਿ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੌਖੇ ਅਤੇ ਮਨੋਰੰਜਕ ਢੰਗ ਨਾਲ ਲਿਖਿਆ ਜਾਵੇ ਤਾਂ ਜੋ ਉਸ ਲਿਖਤ ਵੱਲ ਸੰਗਤਾਂ ਤੇ ਖਾਸ ਕਰ ਜਵਾਨ-ਹੋ-ਰਹੇ ਬੱਚੇ ਆਕਰਸ਼ਿਤ ਹੋਣ। ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਅਜਿਹੀ ਕਿਤਾਬ ਸਚਿੱਤਰ ਸਾਖੀਆਂ ਦੇ ਰੂਪ ਵਿਚ ਲਿਖੀ ਜਾਵੇ ਤਾਂ ਪਾਠਕ ਸੱਜਣ ਆਪਣੇ ਆਪ ਹੀ ਇਸ ਨੂੰ ਪੜ੍ਹਣ ਲਈ ਉਤਸੁਕ ਹੋਣਗੇ।

ਪ੍ਰਧਾਨ ਜੀ ਦੀ ਇੱਛਾ ਅਨੁਸਾਰ ਲੇਖਕ ਨੇ ਇਹ ਜ਼ਿੰਮੇਵਾਰੀ ਖੁਸ਼ੀ ਨਾਲ ਕਬੂਲ ਕੀਤੀ ਅਤੇ ਆਪਣੇ ਆਪ ਨੂੰ ਵਡ-ਭਾਗਾ ਸਮਝਿਆ ਕਿ ਉਸਨੂੰ ਗੁਰੂ ਜੀ ਦੇ ਜੀਵਨ ਬਿਰਤਾਂਤ ਨੂੰ ਸੰਗਤਾਂ ਤਕ ਪਹੁੰਚਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕਿਉਂਕਿ ਲੇਖਕ ਨੇ ਪਹਿਲਾਂ ਹੀ 'ਦਸ ਪਾਤਸ਼ਾਹੀਆਂ' ਨਾਮ ਦੀ ਪੁਸਤਕ ਲਿਖਦੇ ਸਮੇਂ ਸਿੱਖ ਧਰਮ ਤੇ ਇਤਿਹਾਸ ਬਾਰੇ ਕਾਫੀ ਖੋਜ ਕੀਤੀ ਹੋਈ ਸੀ, ਇਸ ਲਈ ਇਹ ਕਿਤਾਬ ਲਿਖਣ ਵਿਚ ਕੋਈ ਬਹੁਤੀ ਮੁਸ਼ਕਲ ਪੇਸ਼ ਨਹੀਂ ਆਈ। ਇਸ ਕਿਤਾਬ ਵਿਚ ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਸਮੁੱਚੀ ਦਸ਼ਾ ਵੀ ਬਿਆਨ ਕੀਤੀ ਗਈ ਹੈ। ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਚਾਹੇ ਉਹ ਰਾਜਸੀ, ਸਮਾਜਕ, ਧਾਰਮਕ ਜਾਂ ਆਰਥਕ ਦਸ਼ਾ ਸੀ, ਵੱਧ ਤੋਂ ਵੱਧ ਗੁਰੂ ਜੀ ਦੇ ਸ਼ਬਦਾਂ ਵਿਚ ਹੀ ਦਿੱਤੀ ਜਾਵੇ।

ਇਸ ਤੋਂ ਬਾਅਦ ਇਸ ਕਿਤਾਬ ਵਿਚ 47 ਹੋਰ ਸਚਿੱਤਰ ਸਾਖੀਆਂ ਲਿਖੀਆਂ ਗਈਆਂ ਹਨ, ਜੋ ਗੁਰੂ ਜੀ ਦੇ ਪ੍ਰਕਾਸ਼ ਤੋਂ ਬਾਅਦ ਬਚਪਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ, ਜਿਵੇਂ ਜਨਮ-ਪੱਤਰੀ ਤਿਆਰ ਕਰਨੀ, ਵਿੱਦਿਆ ਪ੍ਰਾਪਤੀ, ਜਨੇਊ ਦੀ ਰਸਮ, ਮੱਝਾਂ ਦਾ ਛੇੜੂ, ਭਾਈ ਮਰਦਾਨਾ ਨਾਲ ਮਿਲਾਪ, ਸੱਚਾ ਸੌਦਾ, ਵੈਦ ਬੁਲਾਉਣਾ, ਮੋਦੀਖਾਨੇ ਦੀ ਨੌਕਰੀ, ਗੁਰੂ ਜੀ ਦਾ ਵਿਆਹ, ਆਦਿ।

ਇਸ ਤੋਂ ਬਾਅਦ 13ਵੀਂ ਸਾਖੀ ਵਿਚ ਗੁਰੂ ਜੀ ਨਵੇਂ ਰੂਪ ਵਿਚ ਦਰਸਾਏ ਗਏ ਹਨ, ਜਦੋਂ ਉਹ ਵੇਈਂ ਵਿਚ ਅਲੋਪ ਹੋ ਕੇ ਪਰਮੇਸ਼ਰ ਦੀ ਦਰਗਾਹ ਤੋਂ ਰੱਬੀ ਫੁਰਮਾਨ ਲੈ ਕੇ ਆਉਂਦੇ ਹਨ ਤੇ ਮੂਲ ਮੰਤਰ ਉਚਾਰਨ ਤੋਂ ਬਾਅਦ 'ਨਾ ਕੋ ਹਿੰਦੂ, ਨਾ ਮੁਸਲਮਾਨ' ਦਾ ਅਲੋਕਾਰ ਹੋਕਾ ਦਿੰਦੇ ਹਨ। ਅਗਲੀ ਸਾਖੀ ਵਿਚ ਗੁਰੂ ਜੀ ਨੂੰ, ਹਾਲਾਤ ਦੇ ਸਨਮੁਖ, ਨਵਾਬ ਦੌਲਤ ਖਾਂ ਅਤੇ ਕਾਜ਼ੀ ਨਾਲ ਨਮਾਜ਼ ਪੜ੍ਹਣ ਬਾਰੇ ਵੇਰਵੇ ਸਹਿਤ ਲਿਖਿਆ ਗਿਆ ਹੈ।

ਇਸ ਤੋਂ ਬਾਅਦ ਗੁਰੂ ਜੀ ਆਪਣੇ ਘਰ ਦੇ ਦਰਵਾਜੇ ਲੋੜਵੰਦਾਂ ਲਈ ਖੋਲ ਦਿੰਦੇ ਹਨ ਕਿ ਜਿਸ ਕਿਸੇ ਨੂੰ ਜੋ ਚੀਜ਼ ਚਾਹੀਦੀ ਹੈ, ਲੈ ਜਾਵੇ ਅਤੇ ਆਪਣਾ ਨਵਾਂ ਫ਼ੈਸਲਾ ਸੁਣਾਉਂਦੇ ਹਨ ਕਿ ਹੁਣ ਉਹ ਮੋਦੀ

ਦੇ ਤੌਰ 'ਤੇ ਕੰਮ ਨਹੀਂ ਕਰਨਗੇ ਅਤੇ ਨਾ ਹੀ ਇਕ ਥਾਂ ਟਿੱਕ ਕੇ ਬੈਠਣਗੇ ਕਿਉਂਕਿ ਉਨ੍ਹਾਂ ਨੂੰ ਅਕਾਲ-ਪੁਰਖ ਵੱਲੋਂ ਹੁਕਮ ਹੋਇਆ ਹੈ ਕਿ ਸਾਰੀ ਪ੍ਰਿਥਵੀ ਝੂਠ, ਸ਼ਰੀਕੇ, ਫੁੱਟ, ਵੈਰ, ਵਿਰੋਧ, ਈਰਖਾ, ਕ੍ਰੋਧ, ਹੰਕਾਰ ਤੇ ਪਾਪਾਂ ਦੇ ਭਾਂਬੜਾਂ 'ਚ ਸੜ-ਬਲ ਰਹੀ ਹੈ, ਇਸ ਨੂੰ ਨਾਮ ਅੰਮ੍ਰਿਤ ਦਾ ਛੱਟਾ ਦੇ ਕੇ ਠਾਰੋ।

ਇਸ ਤੋਂ ਬਾਅਦ ਗੁਰੂ ਜੀ ਸੰਸਾਰ ਫੇਰੀਆਂ 'ਤੇ ਚੱਲ ਪੈਂਦੇ ਹਨ, ਜਿਸ ਦੌਰਾਨ ਉਨ੍ਹਾਂ ਦਾ ਮੇਲ ਦੁਨੀ ਚੰਦ ਵਰਗੇ ਅਮੀਰ ਸੇਠ, ਭਾਈ ਲਾਲੋ ਵਰਗੇ ਕਿਰਤੀ, ਮਲਕ ਭਾਗੋ ਵਰਗੇ ਵੱਢੀਖੋਰ ਤੇ ਹੰਕਾਰੀ ਅਤੇ ਸੱਜਣ ਵਰਗੇ ਜ਼ਾਲਮ ਠੱਗਾਂ ਨਾਲ ਹੁੰਦਾ ਹੈ। ਗੁਰੂ ਜੀ ਸਭ ਨੂੰ ਗਿਆਨ ਭਰੀ ਦਲੀਲ ਅਤੇ ਪਿਆਰ ਨਾਲ ਸਿੱਧੇ ਰਸਤੇ 'ਤੇ ਪਾਉਣ ਵਿਚ ਸਫ਼ਲ ਹੁੰਦੇ ਹਨ।

ਅਗਲੀਆਂ ਸਾਖੀਆਂ ਵਿਚ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਸਮੇਂ ਉਥੋਂ ਦੇ ਪਾਂਡਿਆਂ ਅਤੇ ਹਰਿਦੁਆਰ ਵਿਖੇ ਮੁਖੀ ਧਾਰਮਕ ਅਗੂਆਂ ਨਾਲ ਚਰਚਾ ਛੇੜ ਕੇ ਆਪਣੀਆਂ ਦਲੀਲਾਂ ਨਾਲ ਕਾਇਲ ਕਰਦੇ ਹਨ। ਉਪਰੰਤ, ਪੰਡਿਤ ਚਤੁਰਦਾਸ ਨੂੰ ਉਪਦੇਸ਼ ਦਿੰਦੇ ਹਨ, ਸਮਕਾਲੀ ਭਗਤਾਂ ਦੇ ਸਨਮੁਖ ਹੁੰਦੇ ਹਨ ਤੇ ਜਦ ਉਹ ਪੁੱਛਦੇ ਹਨ ਕਿ "ਤੁਸੀਂ ਪ੍ਰਭੂ ਨੂੰ ਕਿਵੇਂ ਪਾਇਆ ਹੈ?" ਤਾਂ ਗੁਰੂ ਜੀ 'ਹਉਂ ਹੋਵੇ ਤਾਂ ਉਹ ਨਾਹੀਂ' ਅਤੇ 'ਸਿਫਤੀ ਸਿਫਤਿ ਸਮਾਇ' ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਭਗਤ ਰਵੀਦਾਸ ਜੀ ਤੇ ਭਗਤ ਕਬੀਰ ਜੀ ਨੂੰ ਵੀ ਮਿਲਦੇ ਹਨ। ਇਹ ਤਿੰਨੇ ਮਹਾਂਪੁਰਖ ਇਸ ਗੱਲ 'ਤੇ ਸਹਿਮਤ ਹਨ ਕਿ ਹਰੀ ਦੇ ਸਿਮਰਨ ਬਿਨਾਂ ਹੋਰ ਕੋਈ ਦਵਾਈ ਜਾਂ ਤੰਤਰ-ਮੰਤਰ ਵਿਅਰਥ ਹਨ।

ਅਗਲੀਆਂ ਸਾਖੀਆਂ ਵਿਚ ਗਯਾ ਵਿਖੇ ਪਾਂਡਿਆਂ ਨੂੰ ਉਪਦੇਸ਼ ਦਿੰਦੇ ਹਨ, ਭੂਮੀਏ ਚੋਰ ਦਾ ਉਧਾਰ ਕਰਦੇ ਹਨ ਅਤੇ ਨੂਰ ਸ਼ਾਹ ਜਾਦੂਗਰਨੀ ਨੂੰ ਸਿੱਧੇ ਰਸਤੇ ਪਾਉਂਦੇ ਹਨ। ਇਸ ਤੋਂ ਅਗਲੀਆਂ ਸਾਖੀਆਂ ਵਿਚ ਕੋਹੜੀ ਦਾ ਉਧਾਰ, ਪੀਰ ਹਮਜ਼ਾ ਗੌਂਸ ਨੂੰ ਉਪਦੇਸ਼, ਮੀਆਂ ਮਿੱਠੇ ਸ਼ਾਹ ਨਾਲ ਗੋਸ਼ਟੀ, ਕੌਡਾ ਰਾਖਸ਼ ਦਾ ਉਧਾਰ ਅਤੇ ਸ੍ਰੀਲੰਕਾ ਦੇ ਰਾਜੇ ਨਾਲ ਮਿਲਾਪ ਦੇ ਵੇਰਵੇ ਦਿੱਤੇ ਗਏ ਹਨ। ਫਿਰ ਸੁਮੇਰ ਪਰਬਤ 'ਤੇ ਸਿੱਧਾਂ ਨਾਲ ਚਰਚਾ, ਮੱਕੇ ਦਾ ਹੱਜ, ਕਾਰੂ ਬਾਦਸ਼ਾਹ ਨੂੰ ਸੁਮੱਤ, ਵਲੀ ਕੰਧਾਰੀ ਦਾ ਹੰਕਾਰ ਤੋੜਨ ਅਤੇ ਬਾਬਰ ਨੂੰ ਉਪਦੇਸ਼ ਦੇਣ, ਆਦਿ, ਦੇ ਵੇਰਵੇ ਦਿੱਤੇ ਗਏ ਹਨ।

ਪਹਿਲੀ ਸੰਸਾਰ ਫੇਰੀ ਤੋਂ ਬਾਅਦ ਕਰਤਾਰਪੁਰ ਵਸਾਉਣ ਦਾ ਉਪਰਾਲਾ ਕਰਦੇ ਹਨ, ਜਿਸ ਲਈ ਲੋੜੀਂਦੀ ਜ਼ਮੀਨ ਭਾਈ ਕਰੋੜੀਆ ਨੇ ਭੇਟਾ ਕੀਤੀ ਸੀ। ਸੰਸਾਰ ਫੇਰੀਆਂ ਤੋਂ ਬਾਅਦ, ਸ਼ਿਵਰਾਤਰੀ ਦੇ ਮੇਲੇ 'ਤੇ, ਅਚਲ ਵਟਾਲਾ ਵਿਖੇ, ਸਿੱਧਾਂ ਨਾਲ ਅੰਤਿਮ ਗੋਸ਼ਟੀ ਕਰਨ ਲਈ ਉਚੇਚੇ ਤੌਰ 'ਤੇ ਕਰਤਾਰਪੁਰ ਤੋਂ ਆਉਂਦੇ ਹਨ। ਇਸ ਗੋਸ਼ਟੀ ਵਿਚ ਸਿੱਧਾਂ ਨੇ ਗੁਰੂ ਜੀ ਨੂੰ ਹਰਾਉਣ ਲਈ ਹਰ ਹੀਲਾ ਵਰਤਿਆ, ਪਰ ਗੁਰੂ ਜੀ ਦੀਆਂ ਦਲੀਲਾਂ ਅੱਗੇ ਲਾਜਵਾਬ ਹੋ ਗਏ। ਇਸਦੇ ਵੇਰਵੇ ਵਿਸਥਾਰ ਵਿਚ ਬਿਆਨ ਕੀਤੇ ਗਏ ਹਨ। ਅਗਲੀ ਸਾਖੀ ਵਿਚ ਮੁਲਤਾਨ ਫੇਰੀ ਅਤੇ ਗੋਰਖ ਮਤਾ ਤੋਂ ਨਾਨਕ ਮਤਾ ਬਾਰੇ ਵੇਰਵੇ ਸਹਿਤ ਲਿਖਿਆ ਗਿਆ ਹੈ।

ਆਖਰੀ ਸਾਖੀ ਵਿਚ ਗੁਰੂ ਜੀ ਦਾ ਅਕਾਲ-ਪੁਰਖ ਵਿਚ ਅਭੇਦ ਹੋਣਾ ਅਤੇ ਹਿੰਦੂ-ਮੁਸਲਮਾਨਾਂ ਵਿਚ ਗੁਰੂ ਜੀ ਪ੍ਰਤੀ ਸ਼ਰਧਾ ਅਤੇ ਮੋਹ-ਭਰਿਆ ਸਤਿਕਾਰ ਬਿਆਨ ਕੀਤੇ ਗਏ ਹਨ ।

ਪੁਸਤਕ ਦੇ ਅਗਲੇ ਪੰਨਿਆਂ ਉੱਤੇ ਗੁਰੂ ਜੀ ਵੱਲੋਂ ਵੱਖ-ਵੱਖ ਸਮਿਆਂ ਉੱਤੇ ਦਿੱਤੇ ਉਪਦੇਸ਼, ਸੰਖੇਪ ਰੂਪ ਵਿਚ, ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਿੱਖ ਧਰਮ ਬਾਰੇ ਮਹਤਵੱਪੂਰਨ ਜਾਣਕਾਰੀ ਵੀ ਘੱਟ-ਤੋਂ-ਘੱਟ ਸ਼ਬਦਾਂ ਵਿਚ ਲਿਖੀ ਗਈ ਹੈ।

ਇਸ ਸ਼ੁਭ ਕਾਰਜ ਨੂੰ ਸਿਰੇ ਚਾੜ੍ਹਨ ਦੀ ਜ਼ਿਮੇਵਾਰੀ ਮੈਨੂੰ ਸੌਂਪਣ ਲਈ, ਮੈਂ ਸੰਸਥਾ ਦੇ ਪ੍ਰਧਾਨ ਡਾ. ਇੰਦਰਜੀਤ ਕੌਰ ਜੀ ਦਾ ਅਤੀ ਧੰਨਵਾਦੀ ਹਾਂ ।

ਇਸ ਕੰਮ ਨੂੰ ਸਿਰੇ ਚਾੜ੍ਹਨ ਵਿਚ ਜੋ ਸਹਿਯੋਗ ਮੈਨੂੰ ਹੋਨਹਾਰ ਸੇਵਾਦਾਰ ਜਗਪ੍ਰੀਤ ਸਿੰਘ ਅਤੇ ਕੰਪਿਊਟਰ ਓਪਰੇਟਰ ਸ਼ਿਖਾ ਪੁਰੀ ਨੇ ਦਿੱਤਾ ਹੈ, ਉਸ ਲਈ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ।

ਜਦੋਂ ਇਤਿਹਾਸਕ ਚਿੱਤਰ ਬਨਾਉਣ ਬਾਰੇ, ਚਿੱਤਰਕਾਰ ਰਾਜ ਸਿੰਘ ਪਾਲ ਨਾਲ ਗੱਲ ਕੀਤੀ ਤਾਂ ਉਸਨੇ ਇਹ ਕਹਿ ਕੇ ਮੇਰਾ ਸਾਰਾ ਫ਼ਿਕਰ ਦੂਰ ਕਰ ਦਿੱਤਾ, "ਮੈਂ ਆਪਣੇ ਧੰਨ ਭਾਗ ਸਮਝਦਾ ਹਾਂ ਜੋ ਤੁਸੀਂ ਅਜਿਹਾ ਪਵਿੱਤਰ ਕੰਮ ਕਰਨ ਲਈ ਮੈਨੂੰ ਯੋਗ ਸਮਝਿਆ ਹੈ । ਇਸ ਬਹਾਨੇ ਮੈਨੂੰ ਮਹਾਨ ਗੁਰੂ ਜੀ ਦੀ ਸੰਗਤ ਮਾਨਣੀ ਨਸੀਬ ਹੋਵੇਗੀ ।" ਇਸ ਨਿਮਰਤਾ ਭਰੇ ਉੱਤਰ ਅਤੇ ਉਨ੍ਹਾਂ ਵਲੋਂ ਬਣਾਏ ਅਤੀ ਸੁੰਦਰ ਚਿੱਤਰਾਂ ਲਈ ਮੈਂ ਉਨ੍ਹਾਂ ਦਾ ਬੇਹੱਦ ਸ਼ੁਕਰਗੁਜ਼ਾਰ ਹਾਂ।

**—ਮੁਖਤਾਰ ਸਿੰਘ ਗੁਰਾਇਆ**

## 1. ਸ੍ਰੀ ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਸਮੁੱਚੀ ਦਸ਼ਾ :-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਦੇਸ਼ ਵਿਚ ਅਗਿਆਨਤਾ ਦਾ ਹਨ੍ਹੇਰਾ ਸੀ। 1204 ਈ. ਵਿਚ ਖ਼ਾਨਦਾਨ-ਏ-ਗ਼ੁਲਾਮਾਂ ਦਾ ਰਾਜ ਹੋ ਗਿਆ। ਕੁਤਬੁੱਦੀਨ ਐਬਿਕ ਦੇ ਪਿੱਛੋਂ ਅਲਤਮਸ਼, ਅਲਾਉੱਦੀਨ ਖ਼ਿਲਜੀ, ਫ਼ਿਰੋਜ਼ ਤੁਗ਼ਲਕ, ਆਦਿ, ਦੇ ਰਾਜ ਵਿਚ ਹਿੰਦੂਆਂ ਉੱਤੇ ਬਹੁਤ ਜ਼ੁਲਮ ਹੋਇਆ। ਰਹਿੰਦੀ ਕਸਰ ਤੈਮੂਰ ਦੇ ਹਮਲੇ ਨੇ ਪੂਰੀ ਕਰ ਦਿੱਤੀ, ਜਿਸਨੇ ਇਕ ਲੱਖ ਕੈਦੀ ਕਤਲ ਕਰਵਾਇਆ।

ਬਾਅਦ ਵਿਚ ਬਹਿਲੋਲ ਖ਼ਾਨ ਲੋਧੀ ਨੇ ਦਿੱਲੀ 'ਤੇ ਕਬਜਾ ਕਰ ਲਿਆ। 1468 ਈ. ਵਿਚ ਬਹਿਲੋਲ ਖ਼ਾਨ ਦੇ ਮਰਨ ਪਿੱਛੋਂ ਉਸਦੇ ਪੁੱਤਰ ਸਿਕੰਦਰ ਲੋਧੀ ਨੇ 1517 ਈ. ਤਕ ਰਾਜ ਕੀਤਾ। ਉਸਨੇ ਬੇਸ਼ੁਮਾਰ ਮੰਦਰ ਢਾਹੇ ਅਤੇ ਜ਼ੁਲਮ ਕੀਤੇ। 1504 ਈ. ਵਿਚ ਦੌਲਤ ਖ਼ਾਂ ਨੂੰ ਸੁਲਤਾਨਪੁਰ ਲੋਧੀ ਦਾ ਨਵਾਬ ਬਣਾਇਆ ਗਿਆ। ਸਿਕੰਦਰ ਲੋਧੀ ਦੀ ਮੌਤ ਪਿੱਛੋਂ ਇਬਰਾਹਿਮ ਲੋਧੀ ਤਖ਼ਤ 'ਤੇ ਬੈਠਾ ਤਾਂ ਦੌਲਤ ਖਾਂ ਲੋਧੀ ਨੇ, ਆਲਮ ਖ਼ਾਂ ਨਾਲ ਰਲ ਕੇ, ਬਾਬਰ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਦਾ ਸੱਦਾ ਭੇਜਿਆ। ਉਸਦਾ ਖਿਆਲ ਸੀ ਕਿ ਬਾਬਰ, ਇਬਰਾਹਿਮ ਨੂੰ ਹਾਰ ਦੇ ਕੇ, ਅਤੇ ਲੁੱਟ ਦਾ ਮਾਲ ਲੈ ਕੇ, ਵਾਪਸ ਚਲਾ ਜਾਵੇਗਾ ਅਤੇ ਰਾਜ-ਭਾਗ ਦਾ ਮਾਲਕ ਉਹ ਬਣ ਜਾਵੇਗਾ। ਪਰ ਉਲਟਾ ਲੋਧੀਆਂ ਦਾ ਰਾਜ ਹੀ ਜਾਂਦਾ ਰਿਹਾ ਅਤੇ 1526 ਈ. ਵਿਚ ਇਬਰਾਹਿਮ ਨੂੰ ਹਾਰ ਦੇ ਕੇ ਤਖ਼ਤ ਦਾ ਮਾਲਕ ਬਾਬਰ ਬਣ ਗਿਆ ਤੇ ਮੁਗ਼ਲ ਰਾਜ ਸਥਾਪਿਤ ਹੋ ਗਿਆ।

ਲੋਧੀਆਂ ਤੋਂ ਪਿੱਛੋਂ ਮੁਗ਼ਲਾਂ ਦਾ ਰਾਜ, ਦੋਵੇਂ ਹੀ ਵਿਦੇਸ਼ੀ ਸਰਕਾਰਾਂ ਸਨ। ਬਾਦਸ਼ਾਹ ਦੇ ਥੱਲੇ ਨਵਾਬ, ਹਾਕਮ ਅਤੇ ਪਿੰਡਾਂ ਦੇ ਚੌਧਰੀ ਪਰਜਾ ਉੱਤੇ ਅੰਨ੍ਹਾ ਜ਼ੁਲਮ ਕਰਦੇ ਸਨ; ਕਿਸੇ ਦੀ ਵੀ ਇੱਜ਼ਤ-ਪਤ ਅਤੇ ਜਾਨ-ਮਾਲ ਸੁਰੱਖਿਅਤ ਨਹੀਂ ਸੀ। ਹਿੰਦੂ ਪਰਜਾ ਦਾ ਹੋਰ ਵੀ ਮਾੜਾ ਹਾਲ ਸੀ। ਉਹਨਾਂ ਨੂੰ ਇਸਲਾਮ ਵਿਚ ਲਿਆਉਣ, ਧਨ-ਮਾਲ ਲੁੱਟਣ ਅਤੇ ਬਹੂ-ਬੇਟੀਆਂ ਦੀ ਬੇ-ਪੱਤੀ ਕਰਨ ਨੂੰ ਹੁਕਮਰਾਨ ਟੋਲਾ ਆਪਣਾ ਹੱਕ ਸਮਝਦਾ ਸੀ।

i) **ਰਾਜਸੀ ਦਸ਼ਾ:-** ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ, ਉਸ ਵੇਲੇ ਇਹ ਹਾਲਤ ਸੀ:-

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥** ਅੰਗ: ੧੨੮੮

ਅਤੇ

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥** ਅੰਗ: ੧੪੫

ਰਾਜੇ ਸ਼ੇਰ ਵਾਂਗ ਸ਼ਿਕਾਰ ਦੀ ਤਾਕ ਵਿਚ ਰਹਿੰਦੇ ਸਨ । ਅਹਿਲਕਾਰ ਕੁੱਤਿਆਂ ਵਾਂਗੂੰ ਸਨ ਅਤੇ ਛੋਟੇ ਮੁਲਾਜ਼ਮ ਰਾਜੇ ਦੀਆਂ ਨਹੁੰਦਰਾਂ ਸਨ ਅਤੇ ਜਨਤਾ ਨੂੰ ਲਹੂ-ਲੁਹਾਨ ਕਰਦੇ ਰਹਿੰਦੇ ਸਨ । ਭਲੇ ਲੋਕਾਂ ਨੂੰ ਆਰਾਮ ਨਾਲ ਸੌਣ ਵੀ ਨਹੀਂ ਦਿੰਦੇ ਸਨ । ਦੇਸ਼ ਦੀ ਜਨਤਾ ਉੱਤੇ ਜ਼ੁਲਮ ਹੋ ਰਿਹਾ ਸੀ ਅਤੇ ਹੁਕਮਰਾਨ ਟੋਲਾ ਖ਼ਰਮਸਤੀ ਅਤੇ ਐਸ਼ ਕਰ ਰਿਹਾ ਸੀ । ਕੋਈ ਦਾਦ-ਫ਼ਰਿਆਦ ਸੁਨਣ ਵਾਲਾ ਨਹੀਂ ਸੀ । ਜ਼ਾਲਮ ਮੁਸਲਮਾਨ ਨਮਾਜ਼ਾਂ ਪੈ ਪੜ੍ਹਦੇ ਸਨ ਅਤੇ ਬ੍ਰਾਹਮਣ, ਖਤਰੀ ਆਦਿ ਵੀ, ਹਕੂਮਤ ਦੇ ਝੋਲੀ-ਚੁੱਕ ਬਣਕੇ, ਆਪਣੇ ਹੀ ਭਰਾਵਾਂ ਨੂੰ ਤੰਗ ਕਰ ਰਹੇ ਸਨ। ਗੁਰੂ ਸਾਹਿਬ ਦੇ ਸ਼ਬਦਾਂ ਵਿਚ:-

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥੩॥** ਅੰਗ: ੬੬੩

ਅਤੇ

**ਮਾਣਸ ਖਾਣੇ ਕਰਹਿ ਨਿਵਾਜ ॥**
**ਛੁਰੀ ਵਗਾਇਨਿ ਤਿਨ ਗਲਿ ਤਾਗੁ ॥**
**ਸਰਮ ਧਰਮ ਕਾ ਡੇਰਾ ਦੂਰਿ ॥**
**ਨਾਨਕ ਕੂੜੁ ਰਹਿਆ ਭਰਪੂਰਿ ॥** ਅੰਗ: ੪੭੧

ii) **ਸਮਾਜਕ ਦਸ਼ਾ:–** ਸਮਾਜ ਦੋ ਹਿਸਿਆਂ ਵਿਚ ਵੰਡਿਆ ਹੋਇਆ ਸੀ—ਹਿੰਦੂ ਅਤੇ ਮੁਸਲਮਾਨ । ਅਗੋਂ ਹੋਰ ਵੰਡੀਆਂ ਪਈਆਂ ਹੋਈਆਂ ਸਨ । ਖਾਸ ਕਰਕੇ ਹਿੰਦੂ ਚਾਰ ਵਰਨਾਂ ਵਿਚ ਵੰਡੇ ਹੋਏ ਸਨ — ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ । ਸ਼ੂਦਰ ਦੀ ਹਾਲਤ ਬਹੁਤ ਹੀ ਤਰਸਯੋਗ ਸੀ । ਔਰਤ ਨੂੰ ਵੀ 'ਪੈਰ ਦੀ ਜੁੱਤੀ' ਤਕ ਕਿਹਾ ਜਾਂਦਾ ਸੀ ।

- ਤੁਲਸੀਦਾਸ ਵਰਗੇ ਵਿਦਵਾਨ ਲਿਖ ਰਹੇ ਸਨ :-

**ਢੋਰ, ਗਵਾਰ, ਸ਼ੂਦਰ, ਪਸ਼ੂ, ਨਾਰੀ ।**
**ਪਾਂਚੋ ਤਾੜਨ ਕੇ ਅਧਿਕਾਰੀ ।**

- ਪੀਲੂ ਜਿਹਾ ਕਵੀ ਕਹਿ ਰਿਹਾ ਸੀ :-

**ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ ।**

- ਵਾਰਿਸ ਸ਼ਾਹ ਲਿਖ ਰਿਹਾ ਸੀ:-

**ਵਾਰਿਸ ! ਰੰਨ, ਫਕੀਰ, ਤਲਵਾਰ, ਘੋੜਾ,**
**ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ ।**

ਐਸੇ ਹਾਲਾਤ ਵਿਚ, ਆਮ ਲੋਕਾਂ ਵਲੋਂ ਔਰਤ ਨੂੰ ਮਾੜਾ ਸਮਝਣਾ ਸੁਭਾਵਕ ਹੀ ਸੀ। ਅਜੇਹੀ ਬਦਸਲੂਕੀ ਦੇ ਸਨਮੁਖ, ਔਰਤ ਵੀ ਆਪਣੇ ਗੁਣ — ਹਲੇਮੀ, ਸਾਦਗੀ, ਸ਼ਰਮ-ਹਯਾ, ਪਵਿੱਤਰਤਾ, ਆਦਿ, ਗਵਾ ਬੈਠੀ ਸੀ। ਪੁਰਸ਼ ਕਸਾਈ, ਕਠੋਰ, ਵੱਢ-ਖਾਣੇ, ਵੱਢੀਖੋਰ, ਆਦਿ, ਹੋ ਗਏ ਸਨ । ਸ਼ਰਮ ਅਤੇ ਅਣਖ ਅਲੋਪ ਹੋ ਗਈ ਸੀ । ਗੁਰੂ ਸਾਹਿਬ ਨੂੰ ਕਹਿਣਾ ਪਿਆ:-

**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**
**ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥**
**ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥**

ਅੰਗ: ੧੨੪੨

iii) **ਧਾਰਮਿਕ ਦਸ਼ਾ:–** ਮੁਸਲਮਾਨ ਰਾਜ ਦੇ ਹੰਕਾਰ ਵਿਚ ਆਫਰੇ ਫਿਰਦੇ ਸਨ ਤੇ ਹਿੰਦੂ ਉੱਕਾ ਹੀ ਗ਼ੁਲਾਮੀ ਥੱਲੇ ਦੱਬੇ ਹੋਏ । ਦੋਵੇਂ ਇਕ ਦੂਜੇ ਨੂੰ ਨਫ਼ਰਤ ਕਰਦੇ ਸਨ । ਮੁਸਲਮਾਨ ਹਿੰਦੂਆਂ ਨੂੰ 'ਕਾਫਰ' ਅਤੇ ਹਿੰਦੂ ਮੁਸਲਮਾਨਾਂ ਨੂੰ 'ਮਲੇਛ' ਸਮਝਦੇ ਸਨ । ਇਸ ਮਾਹੌਲ ਨੂੰ ਭਾਈ ਗੁਰਦਾਸ ਨੇ ਇੰਜ ਬਿਆਨ ਕੀਤਾ ਹੈ:-

**ਚਾਰਿ ਵਰਨਿ ਚਾਰਿ ਮਜਹਬਾ ਜਗਿ ਵਿਚਿ ਹਿੰਦੂ ਮੁਸਲਮਾਣੇ ।**
**ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ ।**
**ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ।**
**ਸੁੰਨਤਿ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ ।**
**ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ।**

**ਬੇਦਿ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ।**
**ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ।**
**ਸਿਰੋ ਨ ਮਿਟੇ ਆਵਣਿ ਜਾਣੇ ॥** ਵਾਰ: ੧/੨੧

ਕਾਜ਼ੀ ਵੱਢੀ ਲੈ ਕੇ ਝੂਠੇ ਫਤਵੇ ਦੇਂਦਾ ਸੀ ਅਤੇ ਕੁਰਾਨ ਦੇ ਗ਼ਲਤ ਅਰਥ ਕਰਕੇ ਬਾਦਸ਼ਾਹ ਨੂੰ ਕੁਰਾਹੇ ਪਾਉਂਦਾ ਸੀ। ਬ੍ਰਾਹਮਣ ਲੋਕਾਂ ਨੂੰ ਵਹਿਮਾਂ-ਭਰਮਾਂ 'ਚ ਪਾ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਕਰਮ-ਕਾਂਡ ਦੱਸ ਕੇ ਪੂਰਾ ਸ਼ੋਸ਼ਨ ਕਰ ਰਿਹਾ ਸੀ ।

ਕਾਜ਼ੀਆਂ ਤੇ ਬ੍ਰਾਹਮਣਾਂ ਤੋਂ ਤੀਜੀ ਥਾਂਵੇਂ ਸਨ ਜੋਗੀ । ਉਹ ਸੰਸਾਰ ਨੂੰ ਮਾਇਆ ਸਮਝ ਕੇ ਛੱਡ, ਜੰਗਲਾਂ ਵਿਚ ਜਾਂ ਪਹਾੜਾਂ 'ਤੇ ਚਲੇ ਗਏ ਸਨ । ਸੰਨਿਆਸੀਆਂ ਦੇ 10 ਅਤੇ ਜੋਗੀਆਂ ਦੇ 12 ਟੋਲੇ ਬਣੇ ਹੋਏ ਸਨ ਜੋ ਆਪੋ-ਆਪਣੇ, ਢੰਗਾਂ ਨਾਲ ਅਤੇ ਆਪਣੇ ਹੀ ਕਲਿਆਣ ਲਈ ਕਈ ਹੀਲੇ ਵਰਤ ਰਹੇ ਸਨ। ਪਰ ਆਪਣੇ ਮਨ ਨੂੰ ਕਾਬੂ ਵਿਚ ਰੱਖ ਕੇ ਲੋਕਾਂ ਦੀ ਅਗਵਾਈ ਕਰਨ ਲਈ ਕੋਈ ਵੀ ਅੱਗੇ ਨਹੀਂ ਆਉਂਦਾ ਸੀ ।

ਇਸ ਸਮੁੱਚੀ ਦਸ਼ਾ ਨੂੰ ਗੁਰੂ ਸਾਹਿਬ ਨੇ ਇੰਜ ਬਿਆਨ ਕੀਤਾ ਹੈ :-

**ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥**
**ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥**

ਅੰਗ: ੯੫੧

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥**

ਅੰਗ: ੧੨੨

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥** ਅੰਗ: ੬੬੨

**iv) ਆਰਥਕ ਦਸ਼ਾ:-** ਮੁਸਲਮਾਨ ਹਾਕਮ ਹੋਣ ਕਰਕੇ ਜਨਤਾ ਨੂੰ ਲੁੱਟਦਾ ਸੀ । ਕੋਈ-ਕੋਈ ਸਰਕਾਰ ਦੇ ਝੋਲੀ-ਚੁੱਕ ਹਿੰਦੂ ਵੀ ਅਮੀਰ ਸਨ । ਲੋਕ ਜਾਂ ਤਾਂ ਬਹੁਤ ਅਮੀਰ ਸਨ ਅਤੇ ਜਾਂ ਬਹੁਤ ਗਰੀਬ । ਦਰਮਿਆਨਾ ਤਬਕਾ ਨਾਂ-ਮਾਤਰ ਸੀ । ਗੁਰੂ ਜੀ ਦੇ ਜਨਮ ਵੇਲੇ ਆਰਥਕ ਅਤੇ ਸਮਾਜਕ ਨਾ-ਬਰਾਬਰੀ, ਆਗਿਆਨਤਾ, ਚ੍ਰਿੱਤਰ-ਹੀਣਤਾ, ਜੋਰ-ਜਬਰ, ਕੂੜ-ਕੁਸੱਤ, ਵਹਿਮ-ਭਰਮ, ਆਦਿ, ਦਾ ਹਰ ਥਾਂ ਬੋਲ-ਬਾਲਾ ਸੀ ।

## 2. ਗੁਰੂ ਜੀ ਦਾ ਪ੍ਰਕਾਸ਼ :-

ਗੁਰੂ ਜੀ ਦਾ ਜਨਮ ਮਿਤੀ 15 ਅਪ੍ਰੈਲ, 1469 ਈ. (20 ਵਿਸਾਖ, 1526 ਬਿ.) ਨੂੰ ਰਾਏ-ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਮਾਤਾ ਤ੍ਰਿਪਤਾ ਜੀ ਅਤੇ ਮਹਿਤਾ ਕਾਲੂ ਜੀ ਦੇ ਘਰ ਹੋਇਆ। ਸਤਿਬੀਰ ਸਿੰਘ ਦੇ ਸ਼ਬਦਾਂ ਅਨੁਸਾਰ, 'ਮਾਤਾ ਤ੍ਰਿਪਤਾ ਨੇ ਤਾਂ ਤ੍ਰਿਪਤ ਹੋਣਾ ਹੀ ਸੀ ਪਰ ਦੌਲਤਾਂ ਦਾਈ ਅਤੇ ਤੁਲਸਾਂ ਨੂੰ ਜੋ ਜਲਵੇ ਦੀ ਦੌਲਤ ਮਿਲੀ, ਉਸ ਨਾਲ ਉਹ ਖਿੜ ਹੀ ਗਈਆਂ।'

ਦੌਲਤਾਂ ਤਾਂ ਐਨੀ ਨਿਹਾਲ ਹੋਈ ਕਿ ਜਦ ਮਹਿਤਾ ਕਾਲੂ ਜੀ ਨੇ ਉਸਨੂੰ ਕੁਝ ਰੁਪਏ ਦੇਣੇ ਚਾਹੇ ਤਾਂ ਉਸਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ "ਮੈਂ ਐਨੇ ਬੱਚਿਆਂ ਨੂੰ ਜਨਮ ਦਿਵਾਇਆ ਹੈ, ਅਜਿਹਾ ਕੋਈ ਬਾਲਕ ਨਹੀਂ ਡਿੱਠਾ ਜੋ ਹੌਲੇ-ਹੌਲੇ ਮੁਸਕਰਾ ਕੇ ਮੇਰੇ ਵੱਲ ਵੇਖੇ। ਇਸ ਬਾਲਕ ਦੇ ਦਰਸ਼ਨ ਕਰਕੇ ਮੈਨੂੰ ਪੈਸਿਆਂ ਦੀ ਕੋਈ ਭੁੱਖ ਨਹੀਂ ਰਹੀ।"

ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :

**ਸਤਿਗੁਰ ਨਾਨਕ ਪ੍ਰਗਟਿਆ**
**ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ**
**ਤਾਰੇ ਛਪਿ ਅੰਧੇਰੁ ਪਲੋਆ।** ਵਾਰ: ੧/੨੭

ਅਕਸਰ ਬੱਚੇ ਰੋਂਦੇ ਹੋਏ ਜਨਮ ਲੈਂਦੇ ਹਨ ਪਰ ਬਾਬੇ ਦਾ ਚਿਹਰਾ ਤਾਂ ਜਨਮ ਵੇਲੇ ਖਿੜਿਆ ਹੋਇਆ ਸੀ। ਉਹ ਕਦੀ ਰੋ ਕੇ ਦੁੱਧ ਵੀ ਨਹੀਂ ਮੰਗਦੇ ਸਨ। ਉਹ ਹਰ ਵੇਲੇ ਅਕਾਲ ਪੁਰਖ ਦੀ ਯਾਦ ਵਿਚ ਹੀ ਜੁੜੇ ਰਹਿੰਦੇ ਸਨ।

ਉਹ ਬਾਲਕਾਂ ਨਾਲ ਵੀ ਖੇਡਦੇ ਤਾਂ ਜੀਵਨ ਦੀਆਂ ਖੇਡਾਂ ਬਾਰੇ ਹੀ ਗੱਲਾਂ ਕਰਦੇ ਸਨ। ਉਨ੍ਹਾਂ ਦੀਆਂ ਗੱਲਾਂ ਜੋ ਵੀ ਸੁਣਦਾ, ਤ੍ਰਿਪਤ ਹੋ ਜਾਂਦਾ।


Raj Singh Paul's
PENCILS 2019

## 3. ਜਨਮ-ਪੱਤਰੀ ਤਿਆਰ ਕਰਨੀ :-

ਗੁਰੂ ਜੀ ਦੇ ਜਨਮ ਉੱਤੇ ਮਾਤਾ ਤ੍ਰਿਪਤਾ ਜੀ ਨੇ ਤਾਂ ਤ੍ਰਿਪਤ ਹੋਣਾ ਹੀ ਸੀ, ਦਾਈ ਦੌਲਤਾਂ ਨੂੰ ਜੋ ਜਲਵੇ ਦੀ ਦੌਲਤ ਮਿਲੀ, ਉਸ ਨਾਲ ਉਸਨੂੰ ਐਨਾ ਸਕੂਨ ਪ੍ਰਾਪਤ ਹੋਇਆ ਕਿ ਦੁਨੀਆਵੀ ਪਦਾਰਥਾਂ ਦੀ ਕੋਈ ਭੁੱਖ ਹੀ ਨਾ ਰਹੀ। ਪਿੰਡ ਵਾਲਿਆਂ ਨੂੰ ਜਦੋਂ ਦੌਲਤਾਂ ਰਾਹੀਂ ਅਜਿਹੇ ਬਾਲਕ ਦੇ ਜਨਮ ਬਾਰੇ ਪਤਾ ਲੱਗਾ ਤਾਂ ਹਰੇਕ ਨੂੰ ਦਰਸ਼ਨਾਂ ਦੀ ਤਾਂਘ ਉਤਪੰਨ ਹੋਈ।

ਉਸ ਵੇਲੇ ਦੇ ਰਿਵਾਜ਼ ਅਨੁਸਾਰ ਮਹਿਤਾ ਕਾਲੂ ਜੀ ਨੇ ਪੰਡਿਤ ਹਰਿਦਿਆਲ ਜੋਤਸ਼ੀ ਨੂੰ ਜਨਮ-ਪੱਤਰੀ ਤਿਆਰ ਕਰਨ ਲਈ ਆਪਣੇ ਘਰ ਬੁਲਾਇਆ। ਪੰਡਿਤ ਹਰਿਦਿਆਲ ਤਾਂ ਪਹਿਲਾਂ ਹੀ ਇਸ ਬੱਚੇ ਦੇ ਦਰਸ਼ਨ ਕਰਨ ਲਈ ਉਤਾਵਲਾ ਸੀ। ਜਦ ਉਸਨੇ ਘਰ ਆ ਕੇ ਬਾਲ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸਨੂੰ ਵੀ ਇਕ ਅਦਭੁੱਤ ਸ਼ਾਂਤੀ ਅਤੇ ਸਕੂਨ ਪ੍ਰਾਪਤ ਹੋਇਆ। ਉਸਨੇ ਪਹਿਲਾਂ ਵੀ ਅਨੇਕ ਬੱਚੇ ਵੇਖੇ ਹੋਏ ਸਨ ਅਤੇ ਉਨ੍ਹਾਂ ਦੀਆਂ ਜਨਮ-ਪੱਤਰੀਆਂ ਵੀ ਤਿਆਰ ਕੀਤੀਆਂ ਹੋਈਆਂ ਸਨ ਪਰ ਬਾਲ ਗੁਰੂ ਜੀ ਦੇ ਦਰਸ਼ਨ ਕਰਕੇ ਉਸਨੂੰ ਇੰਞ ਮਹਿਸੂਸ ਹੋਇਆ ਕਿ ਉਹ ਕਿਸੇ ਅਮਨ-ਸ਼ਾਂਤੀ ਦੇ ਦੇਵਤੇ ਦੇ ਦਰਸ਼ਨ ਕਰ ਰਿਹਾ ਹੈ।

ਬੜੀ ਦੇਰ ਤਕ ਗਹੁ ਨਾਲ ਬਾਲਕ ਨੂੰ ਦੇਖਣ ਤੋਂ ਬਾਅਦ, ਪੰਡਿਤ ਹਰਿਦਿਆਲ ਨੇ ਮਹਿਤਾ ਕਾਲੂ ਜੀ ਨੂੰ ਆਖਿਆ, "ਤੁਸੀਂ ਬੜੇ ਭਾਗਾਂ ਵਾਲੇ ਹੋ ਜਿਨ੍ਹਾਂ ਦੇ ਘਰ ਅਜਿਹੇ ਰੱਬੀ ਨੂਰ ਵਾਲਾ ਬਾਲਕ ਪੈਦਾ ਹੋਇਆ ਹੈ। ਇਹ ਵੱਡੇ-ਵੱਡੇ ਚੋਰਾਂ, ਡਾਕੂਆਂ, ਜ਼ਾਲਮਾਂ ਅਤੇ ਕੁਕਰਮੀਆਂ ਦਾ ਦਿਲ ਜਿੱਤ ਲਵੇਗਾ ਅਤੇ ਨਾਲ ਹੀ ਉਨ੍ਹਾਂ ਨੂੰ ਸੱਚ ਦੇ ਰਾਹ ਵੀ ਪਾ ਦੇਵੇਗਾ।"

ਇਹ ਰੱਬੀ ਦਰਗਾਹ 'ਚੋਂ ਸੱਚ ਦੀ ਪੂੰਜੀ ਲੈ ਕੇ ਆਇਆ ਹੈ। ਇਸਦਾ ਸਾਰੇ ਧਰਮਾਂ ਵਾਲੇ ਸਤਿਕਾਰ ਕਰਨਗੇ। ਅਤੇ, ਇਸ ਦੁਆਰਾ ਚਲਾਇਆ ਗਿਆ ਧਰਮ ਜੁਗਾਂ-ਜੁਗਾਂਤਰਾਂ ਤਕ ਚੱਲੇਗਾ।

ਪੰਡਿਤ ਜੀ ਦੀ ਭਵਿੱਖਬਾਣੀ ਸੁਣ ਕੇ ਮਾਤਾ ਤ੍ਰਿਪਤਾ ਜੀ ਤੇ ਪਿਤਾ ਕਾਲੂ ਜੀ ਬੜੇ ਪ੍ਰਸੰਨ ਹੋਏ ਅਤੇ ਪੰਡਿਤ ਜੀ ਨੂੰ ਜਨਮ-ਪੱਤਰੀ ਬਨਾਉਣ ਲਈ ਬੇਨਤੀ ਕੀਤੀ। ਮਾਤਾ ਤ੍ਰਿਪਤਾ ਜੀ ਬਾਲਕ ਨੂੰ ਗੋਦੀ ਵਿਚ ਲੈ ਕੇ ਬੈਠ ਗਏ। ਮਹਿਤਾ ਕਾਲੂ ਤੇ ਬੇਬੇ ਨਾਨਕੀ ਜੀ ਵੀ ਕੋਲ ਆ ਬੈਠੇ।

ਮਹਿਤਾ ਜੀ ਨੂੰ ਜਾਨਣ ਵਾਲੇ ਕੁਝ ਹੋਰ ਅਹਿਲਕਾਰ ਵੀ ਨਵ-ਜੰਮੇ ਬਾਲਕ ਦੇ ਦਰਸ਼ਨ ਕਰਨ ਆਏ ਹੋਏ ਸਨ। ਸਹਿਜ ਸੁਭਾਅ ਹੀ ਸਭ ਦੇ ਹੱਥ ਜੁੜੇ ਹੋਏ ਸਨ।

ਪੰਡਿਤ ਆਪਣੀ ਜੋਤਿਸ਼ ਵਿੱਦਿਆ ਅਨੁਸਾਰ ਗ੍ਰਹਿਆਂ ਅਤੇ ਨਛੱਤਰਾਂ ਦੀ ਚਾਲ ਬੜੇ ਗਹੁ ਨਾਲ ਵੇਖ ਰਿਹਾ ਸੀ ਤੇ ਨਾਲ ਹੀ ਆਪ ਮੁਹਾਰੇ ਪ੍ਰਭੂ ਦਾ ਜਾਪ ਕਰੀ ਜਾ ਰਿਹਾ ਸੀ। ਬਾਲਕ ਗੁਰੂ ਦਾ ਨਾਂ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਨਾਲ ਰਲਦਾ, ਨਾਨਕ ਦੇਵ ਹੀ ਰੱਖਿਆ ਗਿਆ। ਉਂਞ ਵੀ, ਜਿਨ੍ਹਾਂ ਘਰਾਂ ਵਿਚ ਲੜਕੀ ਤੋਂ ਬਾਅਦ ਲੜਕੇ ਦਾ ਜਨਮ ਹੁੰਦਾ ਹੈ, ਉਹ ਲੜਕੀ ਬੜੀ ਸ਼ੁੱਭ ਮੰਨੀ ਜਾਂਦੀ ਹੈ ਅਤੇ ਉਸ ਦਾ ਪਰਿਵਾਰ ਖੁਸ਼ੀ ਨਾਲ ਇਹ ਗੱਲ ਕਰਦਾ ਰਹਿੰਦਾ ਹੈ ਕਿ ਇਹ ਆਪਣੇ ਨਿੱਕੇ ਵੀਰ ਦਾ ਹੱਥ ਫੜ ਕੇ ਲਿਆਈ ਹੈ।

ਗੁਰੂ ਨਾਨਕ ਦੇਵ ਜੀ ਵੀ ਆਪਣੀ ਭੈਣ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਬੇਬੇ ਨਾਨਕੀ ਵੀ ਆਪਣੇ ਵੀਰ ਦੇ ਸਾਹ-ਸਾਹ ਨਾਲ ਜਿਊਂਦੀ ਸੀ ਅਤੇ ਜਦੋਂ ਵੀ ਯਾਦ ਕਰਦੀ ਸੀ, ਗੁਰੂ ਜੀ ਆ ਪਹੁੰਚਦੇ ਸਨ।



Raj Singh Paul's
PENCILS 2019

## 4. ਬਾਲ-ਲੀਲ੍ਹਾ :-

ਗੁਰੂ ਨਾਨਕ ਸਾਹਿਬ ਜੀ ਬਚਪਨ ਤੋਂ ਹੀ ਅਨੋਖੀ ਕਿਸਮ ਦੇ ਬਾਲਕ ਸਨ। ਜਦੋਂ ਵੀ ਕੋਈ ਉਨ੍ਹਾਂ ਦੇ ਲਾਗੇ ਪ੍ਰਮਾਤਮਾ ਬਾਰੇ, ਮਨੁੱਖਾਂ ਬਾਰੇ ਅਤੇ ਮਨੁੱਖੀ ਜੀਵਨ ਜਾਂ ਜਨਮ-ਮਰਨ ਬਾਰੇ ਗੱਲ ਕਰਦਾ ਤਾਂ ਗੁਰੂ ਜੀ ਨੂੰ ਬਹੁਤ ਚੰਗਾ ਲਗਦਾ। ਸਾਧੂ, ਮਹਾਤਮਾ ਉਨ੍ਹਾਂ ਨੂੰ ਬਹੁਤ ਚੰਗੇ ਲਗਦੇ ਸਨ। ਜਿਨ੍ਹਾਂ ਦੀ ਉਹ ਅੰਨ-ਪਾਣੀ ਨਾਲ ਵੀ ਸੇਵਾ ਕਰਦੇ ਰਹਿੰਦੇ ਸਨ। ਉਹ ਆਪਣੇ ਹਾਣੀਆਂ ਵਿਚ ਵੀ ਅਜੀਬ ਕਿਸਮ ਦੀਆਂ ਖੇਡਾਂ ਖੇਡਦੇ। ਜਦੋਂ ਉਹ ਕਿਸੇ ਸਾਧੂ-ਸੰਤ ਨੂੰ ਕੀਰਤਨ ਕਰਦਾ ਵੇਖਦੇ ਤਾਂ ਉਨ੍ਹਾਂ ਨੂੰ ਬਹੁਤ ਚੰਗਾ ਲਗਦਾ। ਉਹ ਬਚਪਨ ਵਿਚ ਹੀ ਬੜੀ ਸੁਰੀਲੀ ਤੇ ਮਿੱਠੀ ਆਵਾਜ਼ ਵਿਚ ਗਾ ਲੈਂਦੇ ਸਨ ਅਤੇ ਆਪਣੇ ਹਾਣ ਦੇ ਬੱਚਿਆਂ ਨੂੰ ਵੀ ਧੰਨ ਨਿਰੰਕਾਰ, ਸਤਿ ਕਰਤਾਰ ਦੀ ਧੁਨੀ ਲਵਾਉਂਦੇ, ਆਪ ਅੱਗੇ ਬੋਲਦੇ ਤੇ ਬੱਚਿਆਂ ਨੂੰ ਪਿੱਛੇ ਬੋਲਣ ਲਈ ਕਹਿੰਦੇ।

ਉਨ੍ਹਾਂ ਦੀ ਇਸ ਲੀਲ੍ਹਾ ਨੂੰ ਵੇਖਣ ਸੁਨਣ ਲਈ ਵੱਡੀ ਉਮਰ ਦੇ ਇਸਤਰੀਆਂ-ਪੁਰਸ਼ ਵੀ ਆਉਂਦੇ ਤੇ ਅਨੰਦਿਤ ਹੁੰਦੇ। ਇਕ ਦਿਨ ਤਲਵੰਡੀ ਪਿੰਡ ਦਾ ਮਾਲਕ ਰਾਇ ਬੁਲਾਰ ਵੀ ਇਨ੍ਹਾਂ ਨੂੰ ਵੇਖਣ ਆਇਆ ਤੇ ਛੋਟੇ ਬਾਲਾਂ ਦੀ ਅਲੌਕਿਕ ਖੇਡ ਵੇਖ ਕੇ ਬਹੁਤ ਖੁਸ਼ ਹੋਇਆ। ਉਸਨੂੰ ਵਿਸ਼ਵਾਸ ਹੋ ਗਿਆ ਕਿ ਬਾਲ ਨਾਨਕ ਕੋਈ ਆਮ ਬਾਲਕ ਨਹੀਂ ਹੈ, ਬਲਕਿ ਰੱਬ ਦਾ ਰੂਪ ਹਨ। ਰਾਇ ਬੁਲਾਰ ਧਾਰਮਿਕ ਖਿਆਲਾਂ ਦੇ ਅਤੇ ਬੜੇ ਪਿਆਰ ਵਾਲੇ ਦਿਆਲੂ ਪੁਰਸ਼ ਸਨ। ਉਨ੍ਹਾਂ ਦੇ ਵਡੇਰੇ ਹਿੰਦੂ ਸਨ, ਜੋ ਜ਼ਬਰੀ ਮੁਸਲਮਾਨ ਬਣਾਏ ਗਏ ਸਨ। ਉਨ੍ਹਾਂ ਦੀ ਜੂਹ ਵਿਚ ਕਿਸੇ ਕਿਸਮ ਦਾ ਜ਼ਬਰ-ਜ਼ੁਲਮ ਨਹੀਂ ਸੀ ਹੁੰਦਾ।

ਬਾਲ ਗੁਰੂ ਜੀ ਜਦ ਇਕੱਲੇ ਹੁੰਦੇ ਤਾਂ ਚੌਂਕੜਾ ਮਾਰ ਕੇ ਰੱਬ ਦੀ ਯਾਦ ਵਿਚ ਜੁੜ ਜਾਂਦੇ। ਉਹ ਕਿਸੇ ਲੋਕ-ਲਾਜ ਜਾਂ ਡਰ ਅਤੇ ਸੰਗ ਤੋਂ ਬੇਪ੍ਰਵਾਹ ਸਨ। ਇਹੋ ਕਾਰਨ ਸੀ ਕਿ ਕੋਈ ਉਨ੍ਹਾਂ ਨੂੰ ਆਪਣੇ ਪਿੱਛੇ ਨਹੀਂ ਲਾ ਸਕਿਆ। ਉਨ੍ਹਾਂ ਨਾਲ ਕੋਈ ਗੁੱਸੇ ਵੀ ਨਹੀਂ ਸੀ ਹੁੰਦਾ ਕਿਉਂਕਿ ਉਹ ਆਪ ਕਦੇ ਗੁੱਸੇ ਵਿਚ ਨਹੀਂ ਆਉਂਦੇ ਸਨ। ਇਸੇ ਕਰਕੇ ਹਰ ਕੋਈ ਇਸਤਰੀ, ਮਰਦ, ਛੋਟਾ ਜਾਂ ਵੱਡਾ ਜਦੋਂ ਵੀ ਉਨ੍ਹਾਂ ਦੇ ਦਰਸ਼ਨ ਕਰਦਾ, ਨਿਹਾਲ ਹੋ ਜਾਂਦਾ ਸੀ ਕਿਉਂਕਿ ਉਨ੍ਹਾਂ ਦਾ ਖੁਸ਼ਬੂ ਭਰਿਆ ਵਿਅਕਤਿਤੱਵ ਹਰ ਥਾਂ ਖੁਸ਼ਬੂ ਹੀ ਖਿਲਾਰਦਾ ਸੀ।



Raj Singh Paul's
PENCILS 2019

## 5. ਗੁਰੂ ਜੀ ਦੁਆਰਾ ਵਿੱਦਿਆ ਪੜ੍ਹਨੀ :-

ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਨੇ ਕਿਸੇ ਅਧਿਆਪਕ ਪਾਸੋਂ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ; ਉਹ ਤਾਂ ਧੁਰ ਦਰਗਾਹੋਂ ਹੀ ਜਗਤ-ਗੁਰੂ ਬਣ ਕੇ ਆਏ ਸਨ। ਉਹ ਤਾਂ ਲੋਕਾਂ ਨੂੰ ਪੜ੍ਹਾਉਣ ਆਏ ਸਨ, ਕਿਸੇ ਹੋਰ ਪਾਸੋਂ ਉਨ੍ਹਾਂ ਕੀ ਪੜ੍ਹਨਾ ਸੀ। ਅਜਿਹੇ ਲੋਕ ਗੁਰੂ ਜੀ ਨੂੰ ਅਨਪੜ੍ਹ ਦੱਸਣ ਵਿਚ ਹੀ ਉਨ੍ਹਾਂ ਦੀ ਵਡਿਆਈ ਸਮਝਦੇ ਹਨ, ਜੋ ਕਿ ਠੀਕ ਨਹੀਂ ਹੈ। ਗੁਰੂ ਜੀ ਨੂੰ ਗੋਪਾਲ ਦਾਸ ਪਾਂਧੇ ਪਾਸ ਪੜ੍ਹਨ ਲਈ ਭੇਜਿਆ ਗਿਆ, ਪੰਡਿਤ ਬ੍ਰਿਜ ਲਾਲ ਪਾਸ ਵੀ ਅਤੇ ਮੌਲਵੀ ਕੁਤੁੱਬਦੀਨ ਪਾਸ ਵੀ । ਪ੍ਰੰਤੂ, ਕਿਉਂਕਿ ਉਹ ਰੱਬੀ ਗਿਆਨ ਦੀ ਦਾਤ ਧੁਰ ਦਰਗਾਹੋਂ ਹੀ ਲਿਆਏ ਸਨ, ਇਸ ਲਈ ਜੋ ਵੀ ਵਿੱਦਿਆ ਉਨ੍ਹਾਂ ਨੂੰ, ਜਿਸ ਅਧਿਆਪਕ ਦੁਆਰਾ ਪੜ੍ਹਾਈ ਗਈ, ਉਨ੍ਹਾਂ ਤੁਰੰਤ ਹੀ ਪੜ੍ਹ ਲਈ ਅਤੇ ਉਨ੍ਹਾਂ ਦੇ ਹਰ ਅਧਿਆਪਕ ਨੇ ਤੁਰੰਤ ਹੀ ਹੱਥ ਖੜੇ ਕਰ ਦਿੱਤੇ, "ਇਹ ਤਾਂ ਇਕ ਵਾਰ ਪੜ੍ਹ ਕੇ ਹੀ ਸਾਰਾ ਯਾਦ ਕਰ ਲੈਂਦੇ ਹਨ, ਮੇਰੇ ਪਾਸ ਹੋਰ ਪੜ੍ਹਾਉਣ ਲਈ ਕੁਝ ਨਹੀਂ ਹੈ।"

ਉਨ੍ਹਾਂ ਦੁਆਰਾ ਲਿਖੀ 'ਪੱਟੀ' ਜਦ ਪਾਂਧੇ ਨੇ ਪੜ੍ਹੀ ਤਾਂ ਉਹ ਹੱਕਾ-ਬੱਕਾ ਰਹਿ ਗਿਆ ਅਤੇ ਆਖਣ ਲੱਗਾ, "ਇਹ ਤਾਂ ਕੋਈ ਵੱਡਾ ਉਸਤਾਦ ਹੈ।" ਉਸਨੇ ਗੁਰੂ ਜੀ ਅੱਗੇ ਸਿਰ ਨਿਵਾਇਆ ਅਤੇ ਆਖਿਆ, "ਤੁਸੀਂ ਦੁਨੀਆ ਵਿਚ ਰਹਿਣਾ ਹੈ, ਹੁਣ ਕੋਈ ਲੇਖਾ-ਪੱਤਾ ਵੀ ਸਿੱਖ ਲਵੋ, ਤੁਹਾਡੇ ਕੰਮ ਆਵੇਗਾ।" ਗੁਰੂ ਜੀ ਨੇ ਆਖਿਆ, "ਮੈਨੂੰ ਉਹ ਲੇਖਾ-ਪੱਤਾ ਸਿਖਾਓ ਜੋ ਰੱਬ ਦੀ ਦਰਗਾਹ ਵਿਚ ਕੰਮ ਆਵੇ, ਜਿਥੇ ਇਸ ਜੀਵਨ ਦਾ ਲੇਖਾ ਦੇਣਾ ਪੈਣਾ ਹੈ।" ਅਧਿਆਪਕ ਦਾ ਉੱਤਰ ਸੀ, "ਉਸ ਲੇਖੇ ਦਾ ਮੈਨੂੰ ਤਾਂ ਕੋਈ ਪਤਾ ਨਹੀਂ ਹੈ, ਮੈਂ ਕੀ ਪੜ੍ਹਾਵਾਂ?"


ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ
ਆਇਆ ਤਿਨ੍ ਕਾ ਸਫਲੁ ਭਇਆ ॥੧॥
Raj Singh Paul's
PENCILS 2019


Raj Singh Paul's
PENCILS 2019

## 6. ਜਨੇਊ ਦੀ ਰਸਮ :-

ਗੁਰੂ ਜੀ 9 ਸਾਲ ਦੇ ਹੋਏ ਤਾਂ ਪਰਿਵਾਰ ਵੱਲੋਂ ਜਨੇਊ ਦੀ ਰਸਮ ਕਰਨ ਬਾਰੇ ਸੋਚਿਆ ਗਿਆ ਅਤੇ ਦਿਨ ਵੀ ਮਿੱਥਿਆ ਗਿਆ। ਮਹਿਤਾ ਕਾਲੂ ਜੀ ਵੱਲੋਂ ਸਾਰੇ ਸਾਕ-ਸੰਬੰਧੀਆਂ ਅਤੇ ਮਿੱਤਰ-ਪਰਿਵਾਰਾਂ ਨੂੰ ਸੱਦੇ ਭੇਜੇ ਗਏ ਅਤੇ ਮਿੱਥੇ ਦਿਨ ਉੱਤੇ ਸਵੇਰ ਤੋਂ ਹੀ ਪ੍ਰਾਹੁਣਿਆਂ ਦੀ ਆਓ-ਭਗਤ ਲਈ ਮਠਿਆਈਆਂ ਅਤੇ ਖਾਣੇ, ਆਦਿ, ਦਾ ਪ੍ਰਬੰਧ ਕੀਤਾ ਗਿਆ ਸੀ। ਘਰ ਦਾ ਪ੍ਰੋਹਿਤ ਪੰਡਿਤ ਹਰਿਦਿਆਲ ਵੀ ਸਮੇਂ ਸਿਰ ਪਹੁੰਚ ਗਿਆ। ਗੁਰੂ ਜੀ ਨੂੰ ਉਚੇਚੇ ਤੌਰ 'ਤੇ ਤਿਆਰ ਕੀਤੀ ਥਾਂ ਉੱਤੇ ਬਿਠਾਇਆ ਗਿਆ। ਪੰਡਿਤ ਨੇ ਕੁਝ ਮੰਤਰ ਪੜ੍ਹੇ ਤੇ ਜਿਸ ਥਾਂ ਆਪ ਬੈਠੇ ਸੀ, ਉਸ ਦੁਆਲੇ ਇਕ ਲਕੀਰ ਖਿੱਚ ਦਿੱਤੀ ਅਤੇ ਆਪਣੇ ਸਾਹਮਣੇ ਗੁਰੂ ਜੀ ਨੂੰ ਬਿਠਾ ਲਿਆ। ਆਲੇ-ਦੁਆਲੇ ਪਿੰਡ ਦਾ ਭਾਈਚਾਰਾ ਅਤੇ ਰਿਸ਼ਤੇਦਾਰ ਬੈਠ ਗਏ, ਇਸਤ੍ਰੀਆਂ ਇਕ ਪਾਸੇ ਅਤੇ ਮਰਦ ਇਕ ਪਾਸੇ। ਬੇਬੇ ਨਾਨਕੀ ਵੀ ਆਪਣੇ ਵੀਰ ਦੇ ਲਾਗੇ ਆ ਕੇ ਸੱਭ ਦੇ ਅੱਗੇ ਬੈਠ ਗਈ। ਜਨੇਊ ਪਾਉਣ ਲਈ ਪੰਡਿਤ ਹਰਿਦਿਆਲ ਨੇ ਆਪਣੇ ਹੱਥ ਅੱਗੇ ਕੀਤੇ।

ਏਧਰ ਮਿੱਤਰ ਅਤੇ ਰਿਸ਼ਤੇਦਾਰ ਵੀ ਵਧਾਈ ਦੇਣ ਦੀਆਂ ਤਿਆਰੀਆਂ ਵਿਚ ਹੀ ਸਨ ਕਿ ਗੁਰੂ ਜੀ ਨੇ ਪਾਂਧੇ ਦੇ ਹੱਥ ਪਰ੍ਹਾਂ ਕਰਦਿਆਂ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ। ਵੇਖਣ ਵਾਲੇ ਸਾਰੇ ਹੱਕੇ-ਬੱਕੇ ਰਹਿ ਗਏ। ਗੁਰੂ ਜੀ ਕਹਿਣ ਲੱਗੇ, "ਪੰਡਿਤ ਜੀ! ਮੈਨੂੰ ਪਹਿਲਾਂ ਦੱਸੋ ਕਿ ਤੁਸੀਂ ਇਹ ਕੀ ਕਰ ਰਹੇ ਹੋ, ਜਨੇਊ ਪਾਉਣ ਦੇ ਕੀ ਲਾਭ ਹਨ? ਪਹਿਲਾਂ ਮੈਨੂੰ ਸਾਰੀ ਗੱਲ ਸਮਝਾਓ ਅਤੇ ਫਿਰ ਜਨੇਊ ਪਾ ਦੇਣਾ।" ਪੰਡਿਤ ਜੀ ਨੇ ਦੱਸਿਆ ਕਿ ਇਹ ਰਸਮ ਸਾਡੇ ਵੱਡੇ-ਵਡੇਰਿਆਂ ਵਲੋਂ ਚੱਲੀ ਆ ਰਹੀ ਹੈ ਅਤੇ ਜਦ ਤਕ ਉੱਚੀ ਜ਼ਾਤ ਦਾ ਬੰਦਾ ਜਨੇਊ ਨਹੀਂ ਪਾਉਂਦਾ ਤਾਂ ਉਹ ਨੀਵੀਂ ਜ਼ਾਤ ਦਾ ਹੀ ਗਿਣਿਆ ਜਾਂਦਾ ਹੈ। ਜਨੇਊ ਪਾਉਣ ਨਾਲ ਉਹ ਪਵਿੱਤਰ ਹੋ ਜਾਂਦਾ ਹੈ। ਇਹ ਗੱਲ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ ਕਿ ਤੁਹਾਡੀ ਇਹ ਦਲੀਲ ਮੈਨੂੰ ਠੀਕ ਨਹੀਂ ਲਗਦੀ। ਨਾਲੇ ਔਰਤ ਨੂੰ ਤਾਂ ਜਨੇਊ ਪਾਇਆ ਹੀ ਨਹੀਂ ਜਾਂਦਾ।

ਨੀਵੀਂ ਜ਼ਾਤੀ ਦਾ ਸ਼ੂਦਰ ਜਾਂ ਨੀਚ ਉਹੀ ਹੁੰਦਾ ਹੈ, ਜਿਹੜਾ ਨੀਚਾਂ ਵਾਲੇ ਮੰਦੇ ਕੰਮ ਕਰਦਾ ਹੈ। ਕੋਈ ਪਾਪੀ, ਪਖੰਡੀ, ਧੋਖੇਬਾਜ਼, ਆਦਿ, ਜਨੇਊ ਪਾ ਕੇ ਉੱਚੀ ਜ਼ਾਤੀ ਦਾ ਕਿਵੇਂ ਬਣ ਸਕਦਾ ਹੈ। ਉੱਤਮ ਜ਼ਾਤੀ ਦਾ ਬਨਣ ਲਈ ਤਾਂ ਬੰਦੇ ਨੂੰ ਭਲੇ ਦੇ ਕੰਮ ਹੀ ਕਰਨੇ ਚਾਹੀਦੇ ਹਨ, ਭਾਵੇਂ ਉਹ ਕਿਸੇ ਜ਼ਾਤੀ ਦਾ ਵੀ ਹੋਵੇ। ਧਾਗੇ ਦਾ ਜਨੇਊ ਪਾਉਣ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਸੂਤ ਦਾ ਧਾਗਾ ਤਾਂ ਕੁਝ ਦਿਨਾਂ ਵਿਚ ਹੀ ਮੈਲਾ ਹੋ ਜਾਵੇਗਾ ਅਤੇ ਗਲ਼-ਸੜ ਕੇ ਟੁੱਟ ਜਾਵੇਗਾ ਅਤੇ ਫਿਰ ਹੋਰ ਧਾਗਾ ਵੱਟ ਕੇ ਪਾਉਣ ਦੀ ਲੋੜ ਪਵੇਗੀ। ਜਦ ਮਨੁੱਖ ਇਹ ਦੁਨੀਆ ਛੱਡ ਕੇ ਜਾਵੇਗਾ, ਇਹ ਧਾਗਾ ਤਾਂ ਇਥੇ ਹੀ ਰਹਿ ਜਾਵੇਗਾ। ਨਾਲ ਤਾਂ ਉਸਦੇ ਚੰਗੇ-ਮਾੜੇ ਕਰਮ ਹੀ ਜਾਣੇ ਹਨ, ਜੋ ਉਹ ਇਸ ਸੰਸਾਰ ਵਿਚ ਕਰਕੇ ਜਾਵੇਗਾ। ਮੈਨੂੰ ਤੇ ਅਜਿਹਾ ਜਨੇਊ ਪਾਓ, ਜੋ ਪਰਲੋਕ ਵਿਚ ਵੀ ਮੇਰੇ ਨਾਲ ਜਾਵੇ।

ਪੰਡਿਤ ਜੀ ਕਹਿਣ ਲੱਗੇ ਕਿ ਅਜਿਹੇ ਜਨੇਊ ਬਾਰੇ ਤੁਸੀਂ ਆਪ ਹੀ ਦੱਸੋ ਕਿ ਉਹ ਕਿਹੋ

ਜਿਹਾ ਹੁੰਦਾ ਹੈ? ਗੁਰੂ ਜੀ ਨੇ ਕਿਹਾ ਕਿ ਅਜਿਹਾ ਜਨੇਊ ਬਨਾਉਣ ਲਈ ਦਇਆ-ਰੂਪੀ ਕਪਾਹ, ਸੰਤੋਖ-ਰੂਪੀ ਸੂਤ, ਜਤ-ਰੂਪੀ ਗੰਢ ਅਤੇ ਸੱਤ-ਰੂਪੀ ਵੱਟ ਵਰਤੇ ਜਾਣ ਤਾਂ ਅਜਿਹਾ ਜਨੇਊ ਬਣਦਾ ਹੈ।

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥** ਅੰਗ: ੪੭੧

ਅਜਿਹੇ ਗੁਣਾਂ ਵਾਲਾ ਮਨੁੱਖ ਜਦ ਚੰਗੇ ਕੰਮ ਕਰਦਾ ਹੈ, ਕਿਸੇ ਦਾ ਭਲਾ ਕਰਦਾ ਹੈ ਅਤੇ ਨੇਕ ਕਮਾਈ ਕਰਦਾ ਹੈ ਤਾਂ ਉਹ ਨੀਚ ਜ਼ਾਤੀ ਦਾ ਹੁੰਦਾ ਹੋਇਆ ਵੀ ਉੱਚੀ ਜ਼ਾਤੀ ਦਾ ਬਣ ਜਾਂਦਾ ਹੈ।


Raj Singh Paul's
PENCILS 2019

## 7. ਗਊਆਂ ਅਤੇ ਮੱਝਾਂ ਦਾ ਛੇੜੂ :-

(ੳ) ਗੁਰੂ ਜੀ ਦਸ ਵਰ੍ਹਿਆਂ ਦੇ ਸਨ ਜਦੋਂ ਮੱਝਾਂ ਚਾਰਨ ਗਏ। ਵਾਹਿਗੁਰੂ ਦੀ ਯਾਦ ਵਿਚ ਜੁੜ ਗਏ ਤਾਂ ਮੱਝਾਂ ਇਕ ਜੱਟ ਦੇ ਖੇਤ ਵਿਚ ਪੈ ਗਈਆਂ ਤੇ ਖੂਬ ਉਜਾੜਾ ਕੀਤਾ। ਜੱਟ ਨੇ ਰਾਏ ਬੁਲਾਰ ਕੋਲ ਸ਼ਿਕਾਇਤ ਕੀਤੀ। ਉਹਨਾਂ ਨੇ ਨਾਨਕ ਜੀ ਨੂੰ ਸੱਦ ਕੇ ਪੁੱਛਿਆ, ਤਾਂ ਉੱਤਰ ਮਿਲਿਆ, ਮੱਝਾਂ ਖੇਤ ਵਿਚ ਪਈਆਂ ਜਰੂਰ ਸਨ ਪਰ ਉਜਾੜਾ ਤਾਂ ਨਹੀਂ ਕੀਤਾ ਹੋਣਾ ਚਾਹੀਦਾ। ਰਾਏ ਬੁਲਾਰ ਨੇ ਜੱਟ ਨਾਲ ਇਕ ਆਦਮੀ ਭੇਜਿਆ ਤਾਂ ਜੱਟ ਵੇਖ ਕੇ ਹੈਰਾਨ ਰਹਿ ਗਿਆ ਕਿ ਖੇਤ ਦਾ ਜਿਹੜਾ ਹਿੱਸਾ ਉਜੜਿਆ ਹੋਇਆ ਸੀ, ਉਸ ਵਿਚ ਫਸਲ ਖੂਬ ਲਹਿ-ਲਹਾ ਰਹੀ ਸੀ ਅਤੇ ਉਜਾੜੇ ਦਾ ਨਾਂ-ਨਿਸ਼ਾਨ ਨਹੀਂ ਸੀ। ਇਹ ਸਭ ਵੇਖਣ ਉਪਰੰਤ, ਜੱਟ ਨੇ ਆਪ ਹੀ ਰਾਏ ਬੁਲਾਰ ਨੂੰ ਜਾ ਕੇ ਕਹਿ ਦਿੱਤਾ ਕਿ ਨਾਨਕ ਜੀ ਕੋਈ ਆਮ ਬਾਲਕ ਨਹੀਂ ਹਨ। ਇਹ ਹਮੇਸ਼ਾ ਪਿਆਰ ਭਰੀਆਂ ਸਿਆਣੀਆਂ ਗੱਲਾਂ ਹੀ ਕਰਦੇ ਹਨ ਅਤੇ ਹਰ ਸਮੇਂ ਸੱਚੇ ਰੱਬ ਨਾਲ ਇਕ-ਮਿਕ ਹੋਏ ਰਹਿੰਦੇ ਹਨ।


(ਅ) ਜਦੋਂ ਗਿਆਰ੍ਹਾਂ ਵਰ੍ਹਿਆਂ ਦੇ ਹੋਏ ਤਾਂ ਇਕ ਦਿਨ ਗੁਰੂ ਜੀ ਇਕ ਰੁੱਖ ਥੱਲੇ ਸੁੱਤੇ ਪਏ ਸਨ ਤਾਂ ਰਾਏ ਬੁਲਾਰ ਜੋ ਉਸ ਰਸਤੇ ਲੰਘ ਰਹੇ ਸਨ, ਨੇ ਵੇਖਿਆ ਕਿ ਬਾਕੀ ਰੁੱਖਾਂ ਦੇ ਪਰਛਾਵੇਂ ਸੂਰਜ ਦੀ ਦਸ਼ਾ ਅਨੁਸਾਰ ਢਲੇ ਹੋਏ ਸਨ ਪਰ ਜਿਸ ਰੁੱਖ ਦੀ ਛਾਂ ਗੁਰੂ ਜੀ ਉੱਤੇ ਪੈ ਰਹੀ ਸੀ, ਉਸ ਰੁੱਖ ਦੇ ਪਰਛਾਵੇਂ ਉੱਤੇ ਸੂਰਜ ਦੀ ਦਸ਼ਾ ਦਾ ਕੋਈ ਅਸਰ ਨਹੀਂ ਸੀ। ਇਹ ਕੌਤਕ ਵੇਖ ਕੇ ਉਹ ਹੈਰਾਨ ਹੋ ਕੇ ਕਹਿਣ ਲੱਗਾ, "ਇਹ ਕੋਈ ਵਲੀ ਖੁਦਾਇ ਮੇਰੇ ਪਿੰਡ ਵਿਚ ਪੈਦਾ ਹੋਇਆ ਹੈ, ਅਸੀਂ ਕਿੱਡੇ ਭਾਗਾਂ ਵਾਲੇ ਹਾਂ!" ਫਿਰ ਉਹਨਾਂ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਇਹ ਤੇਰਾ ਪੁੱਤਰ ਨਹੀਂ, ਕੋਈ ਵੱਡਾ ਬਜ਼ੁਰਗ ਹੈ।

(ੲ) ਫਿਰ ਅਗਲੇ ਦਿਨ ਜਦ ਸਤਿਗੁਰੂ ਨਾਨਕ ਦੇਵ ਜੀ ਦੇ ਮੁਖੜੇ ਉੱਤੇ ਸੱਪ ਨੂੰ ਛਾਂ ਕਰਦੇ ਹੋਏ ਨੂੰ ਰਾਏ ਬੁਲਾਰ ਨੇ ਆਪਣੀ ਅੱਖੀਂ ਵੇਖਿਆ ਕਿ ਸੱਪ ਤਾਂ ਘੋੜੀ ਦੀ ਟਾਪ ਦੀ ਆਵਾਜ਼ ਸੁਣ ਕੇ ਆਪਣੀ ਫੱਨ੍ਹ ਸਮੇਟ ਕੇ ਆਪਣੀ ਖੁਡ ਵਿਚ ਵੜ ਗਿਆ ਅਤੇ ਨਾਨਕ ਜੀ ਮੁਸਕਰਾਉਂਦੇ ਹੋਏ ਉੱਠ ਕੇ ਬੈਠ ਗਏ। ਇਹ ਕੌਤਕ ਵੇਖ ਕੇ ਰਾਏ ਬੁਲਾਰ ਪੁਕਾਰ ਉੱਠਿਆ, "ਇਨ੍ਹਾਂ ਕੋਲ ਤਾਂ ਜ਼ਹਿਰ ਵੀ ਆ ਕੇ ਅੰਮ੍ਰਿਤ ਬਣ ਜਾਂਦਾ ਹੈ। ਮੇਰੇ ਪਿੰਡ ਦੇ ਵੱਡੇ ਭਾਗ ਹਨ ਕਿ ਐਡੀ ਵੱਡੀ ਅਜ਼ਮਤ ਵਾਲਾ ਕੋਈ ਮਹਾਂਪੁਰਖ ਇੱਥੇ ਪੈਦਾ ਹੋਇਆ ਹੈ, ਜਿਸ ਨੂੰ ਸੱਪ ਵੀ ਨਮਸਕਾਰ ਕਰਦੇ ਹਨ।"

ਰਾਏ ਬੁਲਾਰ ਨੇ ਇਹਨਾਂ ਤਿੰਨਾਂ ਕੌਤਕਾਂ ਤੋਂ ਪ੍ਰਭਾਵਿਤ ਹੋ ਕੇ, ਮਹਿਤਾ ਕਾਲੂ ਜੀ ਨੂੰ ਆਖਿਆ ਸੀ, "ਵੇਖੀਂ ਕਿਤੇ ਇਹਨਾਂ ਦਾ ਮੂੰਹ ਨਾ ਫਿਟਕਾਰ ਦੇਵੀਂ। ਅਸੀਂ ਵੱਡੇ ਭਾਗਾਂ ਵਾਲੇ ਹਾਂ ਜਿੰਨਾਂ ਦੇ ਪਿੰਡ ਵਿਚ ਨਾਨਕ ਜੀ ਵਰਗੇ ਖ਼ੁਦਾ ਦੇ ਪਿਆਰੇ ਅਤੇ ਅਜ਼ੀਮ ਬਾਲਕ ਦਾ ਜਨਮ ਹੋਇਆ ਹੈ।"


Raj Singh Paul's
PENCILS 2019


Raj Singh Paul's
PENCILS 2019


Raj Singh Paul's
PENCILS 2019

## 8. ਮਰਦਾਨਾ ਜੀ ਨਾਲ ਮਿਲਾਪ :-

ਇਕ ਦਿਨ ਗੁਰੂ ਜੀ ਇਕ ਰੁੱਖ ਥੱਲੇ ਲੇਟੇ ਹੋਏ ਸਨ ਕਿ ਉਹਨਾਂ ਦੇ ਕੰਨਾਂ ਵਿਚ ਰਬਾਬ ਵੱਜਣ ਦੀ ਅਵਾਜ਼ ਪਈ। ਗੁਰੂ ਜੀ ਨੇ ਪਤਾ ਕੀਤਾ ਅਤੇ ਰਬਾਬ ਵਜਾਉਣ ਵਾਲੇ ਦੇ ਪਾਸ ਗਏ ਅਤੇ ਉਸਨੂੰ ਪੁੱਛਿਆ ਕਿ ਤੇਰਾ ਨਾਮ ਕੀ ਹੈ ਉਸਨੇ ਕਿਹਾ, "ਮੇਰਾ ਨਾਮ ਦਾਨਾ ਹੈ ਤੇ ਮੈਨੂੰ ਲੋਕ ਦਾਨਾ ਮਰਾਸੀ ਕਹਿ ਕੇ ਸੱਦਦੇ ਹਨ।" ਗੁਰੂ ਜੀ ਨੇ ਆਖਿਆ ਕਿ ਤੂੰ ਰਬਾਬ ਵਧੀਆ ਵਜਾਉਂਦਾ ਹੈਂ ਤੈਨੂੰ ਰਾਗਾਂ ਦੀ ਵੀ ਸਮਝ ਹੈ ਅਤੇ ਜੇਕਰ ਇਸਦੇ ਨਾਲ ਅਕਾਲ ਪੁਰਖ ਦੀ ਉਸਤਤ ਗਾਈ ਜਾਵੇ ਤਾਂ ਉਹ ਇਕ ਦਵਾ ਬਣ ਜਾਵੇਗੀ। ਜੇ ਸਾਡੇ ਨਾਲ ਰਹਿ ਕੇ ਬਾਣੀ ਗਾਇਨ ਦੇ ਨਾਲ ਅਜਿਹੀ ਸੁਰੀਲੀ ਰਬਾਬ ਵਜਾਏਂਗਾ ਤਾਂ ਤੇਰਾ ਦੀਨ-ਦੁਨੀਆ ਵਿਚ ਭਲਾ ਹੋਏਗਾ। ਨਾਲ ਹੀ ਇਹ ਵੀ ਆਖਿਆ ਕਿ ਤੂੰ ਮਰਦ ਬਣ ਅਤੇ ਉਸਦਾ ਨਾਮ ਦਾਨਾ ਤੋਂ ਮਰਦਾਨਾ ਰੱਖ ਦਿੱਤਾ ਅਤੇ ਆਪਣੇ ਲੰਮੇ ਸਫ਼ਰਾਂ ਦਾ ਸਾਥੀ ਬਣਾ ਲਿਆ ਅਤੇ ਨਾਲ ਹੀ ਇਹ ਵੀ ਆਖਿਆ ਕਿ ਆਪਣੇ ਪਰਿਵਾਰ ਦੇ ਨਿਰਬਾਹ ਲਈ ਕਿਸੇ ਕੋਲੋਂ ਕੁਝ ਨਹੀਂ ਮੰਗਣਾ, ਦਾਤਾ ਅਕਾਲਪੁਰਖ ਹੈ। ਜਿਸ ਚੀਜ਼ ਦੀ ਵੀ ਲੋੜ ਹੋਵੇ ਮੈਨੂੰ ਦੱਸੀਂ। ਫਿਰ ਦੀਖਿਆ(ਸਿੱਖਿਆ) ਦਿੰਦੇ ਹੋਏ ਆਖਿਆ ਕਿ ਇਕ, ਸਿਰ ਦੇ ਵਾਲ ਨਹੀਂ ਕੱਟਣੇ, ਦੂਜੇ, ਪਿਛਲੀ ਰਾਤ ਸਤਨਾਮ ਦਾ ਜਾਪ ਕਰਨਾ ਅਤੇ ਤੀਜੇ, ਸਾਧ-ਸੰਗਤ (ਆਉਂਦੇ-ਜਾਂਦੇ) ਦੀ ਟਹਿਲ ਕਰਨੀ। ਇਸ ਤਰ੍ਹਾਂ ਤਲਵੰਡੀ ਵਿਖੇ ਕੀਰਤਨ ਦੀ ਉਤਪਤੀ ਹੋ ਗਈ । '*ਬਾਬੇ ਦੇ ਸ਼ਬਦ ਅਤੇ ਮਰਦਾਨੇ ਦੀ ਰਬਾਬ ਨੇ ਓਹ ਕਰਾਮਾਤ ਕਰ ਵਿਖਾਈ ਜਿਸਦਾ ਬਦਲ ਸੰਸਾਰ ਨੂੰ ਅਜੇ ਤਕ ਨਹੀਂ ਲੱਭਾ। ਇਸ ਤਰ੍ਹਾਂ ਇਕ ਨੀਵੀਂ ਜ਼ਾਤ ਦੇ ਬੰਦੇ ਨੂੰ ਉਮਰ ਭਰ ਦਾ ਸਾਥੀ ਬਨਾਉਣਾ, ਗੁਰੂ ਜੀ ਵੱਲੋਂ ਜ਼ਾਤ ਅਭਿਮਾਨੀਆਂ 'ਤੇ ਇਕ ਕਰਾਰੀ ਚੋਟ ਸੀ।'

ਇਕ ਨਗਰ ਵਿਚ ਲੋਕਾਂ ਨੇ ਗੁਰੂ ਜੀ ਨੂੰ ਬਹੁਤ ਸਾਰਾ ਧੰਨ, ਵਸਤਰ ਅਤੇ ਅੰਨ ਭੇਟ ਕੀਤੇ। ਭਾਈ ਮਰਦਾਨਾ ਜੀ ਨੇ ਇਕੱਠੇ ਕੀਤੇ ਤੇ ਕਿਹਾ, "ਜੇ ਆਪ ਜੀ ਦੀ ਰਜ਼ਾ ਹੋਵੇ ਤਾਂ ਮੈਂ ਇਹ ਸੰਭਾਲ ਲਵਾਂ।" ਗੁਰੂ ਜੀ ਨੇ ਕਿਹਾ ਮਰਦਾਨਿਆ ਇਹ ਸਾਡੇ ਕਿਸੇ ਕੰਮ ਨਹੀਂ, ਇਹਨਾਂ ਨੂੰ ਇੱਥੇ ਸੁੱਟ ਦਿਉ। ਭਾਈ ਮਰਦਾਨਾ ਨੇ ਪਦਾਰਥ ਸੁੱਟ ਦਿੱਤੇ; ਇੰਝ ਉਹ ਗੁਰੂ ਜੀ ਦਾ ਪੂਰਾ ਸੁਭਾਅ ਵੀ ਚੰਗੀ ਤਰ੍ਹਾਂ ਜਾਣ ਗਿਆ।

ਸੁਲਤਾਨਪੁਰ ਤੋਂ ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਮਰਦਾਨਾ ਨੂੰ ਨਵੀਂ ਰਬਾਬ ਬਣਵਾ ਕੇ ਦਿੱਤੀ, ਜੋ ਫਿਰੰਦੇ ਨਾਮ ਦੇ ਕਾਰੀਗਰ ਨੇ ਬਣਾਈ ਸੀ ਅਤੇ ਜਿਸਦੀ ਕੀਮਤ ਭਰਨ ਲਈ ਰਕਮ ਭੈਣ ਨਾਨਕੀ ਨੇ ਦਿੱਤੀ ਸੀ। ਭੈਣ ਨਾਨਕੀ ਕੋਲੋਂ ਰਬਾਬ ਦਾ ਤੋਹਫ਼ਾ ਲੈਣ ਦਾ ਭਾਵ ਸੀ, ਜਿਸ ਧਰਮ ਦੀ ਉਸਾਰੀ ਉਹ ਕਰਨ ਲੱਗੇ ਹਨ ਉਸ ਵਿਚ ਔਰਤ ਦੀ ਯੋਗ ਥਾਂ ਹੋਵੇਗੀ। ਭੈਣ ਦੇ ਪਿਆਰ ਤੁਲ ਹੋਰ ਕੋਈ ਵਸਤੂ ਨਹੀਂ ਹੈ ਇਸ ਦੁਨੀਆ ਵਿਚ।

---

* ਬਲਿਓ ਚਿਰਾਗ : ਸਤਿਬੀਰ ਸਿੰਘ


Raj Singh Paul's
PENCILS 2019

## 9. ਸੱਚਾ ਸੌਦਾ:-

ਮਹਿਤਾ ਕਾਲੂ ਜੀ ਨੇ ਇਕ ਦਿਨ ਗੁਰੂ ਜੀ ਨੂੰ ਆਖਿਆ ਕਿ ਤੁਸੀਂ ਹੁਣ ਵੱਡੇ ਹੋ ਗਏ ਹੋ, ਕੁਝ ਧਨ ਕਮਾਉਣਾ ਵੀ ਸਿੱਖੋ। ਕੁਝ ਰਕਮ ਲੈ ਜਾਵੋ ਤੇ ਕੋਈ ਨਫੇ ਵਾਲਾ ਸੌਦਾ ਕਰਨਾ। ਇੰਝ ਤੁਹਾਡੀ ਰਾਸ ਵਧਦੀ ਜਾਵੇਗੀ। ਫਿਰ ਕੋਈ ਵੱਡਾ ਕੰਮ ਤੁਹਾਨੂੰ ਕਰਾ ਦਿਆਂਗਾ। ਪਿਤਾ ਜੀ ਦੇ ਹੁਕਮ ਅਨੁਸਾਰ ਘਰੋਂ ਵੀਹ ਰੁਪਏ ਲੈ ਕੇ ਤੇ ਭਾਈ ਬਾਲਾ ਜੀ ਨੂੰ ਨਾਲ ਲੈ ਕੇ, ਚੂੜ੍ਹਕਾਣੇ ਵੱਲ ਨੂੰ ਤੁਰ ਪਏ। ਰਸਤੇ ਵਿਚ ਇਕ ਥਾਂ ਸਾਧੂਆਂ ਦੀ ਟੋਲੀ ਮਿਲੀ, ਜੋ ਭਜਨ ਬੰਦਗੀ ਵਿਚ ਲੱਗੀ ਹੋਈ ਸੀ। ਗੁਰੂ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਮੁਖੀ ਨਾਲ ਗੱਲਬਾਤ ਕੀਤੀ। ਗੱਲਬਾਤ ਤੋਂ ਪਤਾ ਲੱਗਾ ਕਿ ਇਹ ਸਾਧੂ ਚਾਰ-ਪੰਜ ਦਿਨਾਂ ਤੋਂ ਭੁੱਖੇ ਹਨ। ਗੁਰੂ ਜੀ ਨੇ ਸੋਚਿਆ ਕਿ ਇਹਨਾਂ ਨੂੰ ਭੋਜਨ ਛਕਾਉਣ ਨਾਲੋਂ ਹੋਰ ਕਿਹੜਾ ਨਫੇ ਵਾਲਾ ਸੌਦਾ ਹੋ ਸਕਦਾ ਹੈ। ਉਨ੍ਹਾਂ ਨੂੰ ਵੀਹ ਰੁਪਇਆਂ ਦੀ ਰਸਦ ਲਿਆ ਦਿੱਤੀ ਅਤੇ ਉਨ੍ਹਾਂ ਸਾਧੂਆਂ ਨੇ ਭੋਜਨ ਤਿਆਰ ਕਰਕੇ ਛੱਕ ਲਿਆ। ਗੁਰੂ ਜੀ ਬਹੁਤ ਸੰਤੁਸ਼ਟ ਹੋਏ।


ਬਾਅਦ ਵਿਚ ਉਨ੍ਹਾਂ ਨੂੰ ਯਾਦ ਆਇਆ ਕਿ ਪਿਤਾ ਜੀ ਤਾਂ ਗੁੱਸੇ ਹੋਣਗੇ। ਉਹ ਤਾਂ ਅਜਿਹਾ ਸੌਦਾ ਕਰਨ ਲਈ ਆਖਦੇ ਸਨ, ਜਿਸ ਨਾਲ ਧਨ ਰਾਸ਼ੀ ਵਿਚ ਵਾਧਾ ਹੋਵੇ। ਪਿਤਾ ਜੀ ਦਾ ਗੁੱਸਾ ਮੱਠਾ ਪਾਉਣ ਲਈ ਗੁਰੂ ਜੀ ਇਕ ਰੁੱਖ ਥੱਲੇ ਬੈਠ ਗਏ ਅਤੇ ਭਾਈ ਬਾਲਾ ਨੂੰ ਘਰ ਭੇਜ ਦਿੱਤਾ। ਭਾਈ ਬਾਲਾ ਨੇ ਮਹਿਤਾ ਕਾਲੂ ਜੀ ਨੂੰ ਸਾਰੀ ਗੱਲ ਤੋਂ ਜਾਣੂ ਕਰਵਾਇਆ। ਸਾਰੀ ਗੱਲ ਸੁਣ ਕੇ ਪਿਤਾ ਜੀ ਬਹੁਤ ਕ੍ਰੋਧ ਵਿਚ ਆਏ ਅਤੇ ਭਾਈ ਬਾਲਾ ਨੂੰ ਨਾਲ ਲੈ ਕੇ ਉਸ ਥਾਂ ਵੱਲ ਚਲ ਪਏ ਜਿੱਥੇ ਗੁਰੂ ਜੀ ਬੈਠੇ ਹੋਏ ਸਨ। ਉਥੇ ਪੁੱਜ ਕੇ ਗੁਰੂ ਜੀ 'ਤੇ ਬਹੁਤ ਖ਼ਫ਼ਾ ਹੋਏ ਅਤੇ ਚਪੇੜਾਂ ਤਕ ਵੀ ਕੱਢ ਮਾਰੀਆਂ।

ਬੇਬੇ ਨਾਨਕੀ ਜੋ ਪਿੱਛੇ-ਪਿੱਛੇ ਦੌੜੀ ਆ ਰਹੀ ਸੀ, ਨੇ ਆਪਣੇ ਵੀਰ ਤੇ ਪਿਤਾ ਦੇ ਵਿਚਕਾਰ ਹੋ ਕੇ ਛੁਡਾ ਦਿੱਤਾ। ਗੁਰੂ ਜੀ ਸ਼ਾਂਤ-ਚਿੱਤ ਰਹੇ ਅਤੇ ਬੇਬੇ ਜੀ ਨੂੰ ਕਹਿਣ ਲੱਗੇ, "ਭਲੇ ਦੇ ਕੰਮ ਕਰਨ ਵਾਲਿਆਂ ਨੂੰ ਦੁੱਖ ਝਲਣੇ ਹੀ ਪੈਂਦੇ ਹਨ।"

ਰਾਏ ਬੁਲਾਰ ਜੀ ਨੂੰ ਇਸ ਬਾਰੇ ਜਾਣ ਕੇ ਬਹੁਤ ਬੁਰਾ ਲੱਗਾ। ਉਨ੍ਹਾਂ ਮਹਿਤਾ ਕਾਲੂ ਜੀ ਨੂੰ ਆਖਿਆ, "ਜੋ ਨੁਕਸਾਨ ਨਾਨਕ ਜੀ ਨੇ ਕੀਤਾ ਹੈ, ਮੈਂ ਭਰ ਦਿੰਦਾ ਹਾਂ ਅਤੇ ਅੱਗੋਂ ਵੀ ਜੋ ਕਰਨ ਮੈਂ ਭਰ ਦਿਆ ਕਰਾਂਗਾ। ਮੁੜ ਕੇ ਸਜ਼ਾ ਨਾ ਦੇਣਾ। ਇਹ ਸਾਧਾਰਨ ਬੰਦੇ ਨਹੀਂ, ਰੱਬੀ ਜੋਤ ਹਨ। ਮੇਰੇ ਪਿੰਡ ਦੇ ਧੰਨਭਾਗ ਹਨ ਜੋ ਐਨੀ ਅਜ਼ਮਤ ਵਾਲਾ ਇਨਸਾਨ ਇੱਥੇ ਪੈਦਾ ਹੋਇਆ ਹੈ; ਵੇਖੀਂ ਕਿਤੇ ਇਹਨਾਂ ਦਾ ਮੂੰਹ ਨਾ ਫਿਟਕਾਰ ਦੇਵੀਂ।"

ਖੁਸ਼ਵੰਤ ਰਾਏ ਦੇ ਸ਼ਬਦਾਂ ਵਿਚ, "ਇਹ ਤਾਂ ਰੱਬੀ ਦਰਗਾਹ ਵਿਚੋਂ ਸਨਮਾਨੇ ਹੋਏ ਕੋਈ ਵਲੀ ਇਥੇ ਆਏ ਹਨ। ਅਸੀਂ ਵੱਡੇ ਭਾਗਾਂ ਵਾਲੇ ਹਾਂ ਜਿੰਨਾਂ ਨੂੰ ਇਹਨਾਂ ਦੇ ਦਰਸ਼ਨ, ਸਪਰਸ਼ ਅਤੇ ਅੰਮ੍ਰਿਤ ਬੋਲ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ।"


ਮਹਿਤਾ ਕਾਲੂ ਜੀ ਨੇ ਰਾਏ ਬੁਲਾਰ ਨੂੰ ਬੇਨਤੀ ਕੀਤੀ ਕਿ ਇਸਦੇ ਕੰਮ/ਰੋਜ਼ਗਾਰ ਦਾ ਕੋਈ ਉਪਾਅ ਦੱਸੋ। ਰਾਏ ਬੁਲਾਰ ਨੇ ਭਰੋਸਾ ਦਿਵਾਇਆ ਕਿ ਉਹ ਛੇਤੀ ਹੀ ਕੋਈ ਹੱਲ ਲੱਭ ਲੈਣਗੇ।


Raj Singh Paul's
PENCILS 2019

## 10. ਵੈਦ ਬੁਲਾਉਣਾ :-

ਗੁਰੂ ਜੀ ਹਰ ਵੇਲੇ ਅਕਾਲ ਪੁਰਖ ਨਾਲ ਜੁੜੇ ਰਹਿੰਦੇ ਸਨ। ਕਿਸੇ ਕੰਮ-ਕਾਜ ਵਿਚ ਕੋਈ ਦਿਲਚਸਪੀ ਨਹੀਂ ਸੀ ਰੱਖਦੇ। ਬਹੁਤ ਘੱਟ ਸੌਂਦੇ ਅਤੇ ਬਹੁਤ ਘੱਟ ਖਾਂਦੇ ਸਨ ਅਤੇ ਡੂੰਘੀਆਂ ਸੋਚਾਂ ਵਿਚ ਗ਼ਲਤਾਨ ਰਹਿੰਦੇ ਸਨ। ਘਰ ਵਾਲਿਆਂ ਨੂੰ ਚਿੰਤਾ ਹੋਈ ਕਿ ਸ਼ਾਇਦ ਉਨ੍ਹਾਂ ਨੂੰ ਕੋਈ ਰੋਗ ਲੱਗਾ ਹੋਇਆ ਹੈ। ਇਸ ਕਰਕੇ ਉਨ੍ਹਾਂ ਨੇ ਇਕ ਦਿਨ ਪਿੰਡ ਦੇ ਵੈਦ ਨੂੰ ਬੁਲਾ ਲਿਆ। ਵੈਦ ਨਾਲ ਗੱਲ ਕਰਦਿਆਂ ਗੁਰੂ ਜੀ ਨੇ ਆਖਿਆ ਕਿ ਠੀਕ ਇਲਾਜ ਕਰਨ ਲਈ ਪਹਿਲਾਂ ਰੋਗ ਪਛਾਨਣ ਦੀ ਲੋੜ ਹੁੰਦੀ ਹੈ। ਮੇਰੇ ਸਰੀਰ ਨੂੰ ਕੋਈ ਰੋਗ ਨਹੀਂ ਹੈ, ਜੇ ਕੋਈ ਰੋਗ ਹੈ ਤਾਂ ਆਪ ਜੀ ਨੂੰ ਉਸਦੀ ਸਮਝ ਨਹੀਂ। ਵੈਦ ਨੇ ਅੱਗੋਂ ਆਖਿਆ, "ਮੈਂ ਬੜੇ-ਬੜੇ ਰੋਗੀ ਠੀਕ ਕੀਤੇ ਹਨ। ਐਸਾ ਕਿਹੜਾ ਰੋਗ ਹੋ ਸਕਦਾ ਹੈ, ਜਿਸਦੀ ਮੈਨੂੰ ਸਮਝ ਨਹੀਂ ?" ਗੁਰੂ ਜੀ ਨੇ ਆਖਿਆ, "ਸਾਡੇ ਸਮਾਜ ਵਿਚ ਜੋ ਕੁਕਰਮ ਹੋ ਰਹੇ ਹਨ, ਕੀ ਤੁਸੀਂ ਉਸਦੇ ਇਲਾਜ ਬਾਰੇ ਕਦੀ ਸੋਚਿਆ ਹੈ?" ਵੈਦ ਨੇ ਆਖਿਆ ਕਿ ਇਹ ਕੰਮ ਪ੍ਰਮਾਤਮਾ ਦੀ ਦੇਣ ਹੈ। ਗੁਰੂ ਜੀ ਨੇ ਆਖਿਆ ਪ੍ਰਮਾਤਮਾ ਨੇ ਤਾਂ ਇਨਸਾਨ ਪੈਦਾ ਕੀਤਾ ਹੈ ਕਿ ਉਹ ਲੋਕਾਂ ਦੇ ਦੁਖ-ਸੁਖ ਦਾ ਭਾਈਵਾਲ ਬਣੇ ਅਤੇ ਕਿਸੇ ਮਨੁੱਖ ਜਾਂ ਜਾਨਵਰ ਉੱਤੇ ਕੋਈ ਅੱਤਿਆਚਾਰ ਨਾ ਕਰੇ, ਪਰ ਇੱਥੇ ਤਾਂ ਮਨੁੱਖ ਆਪਣੀ ਜਵਾਨੀ, ਸਮਾਜ ਵਿੱਚ ਆਪਣੀ ਤਾਕਤ ਅਤੇ ਰੁਤਬੇ ਦੇ ਨਸ਼ੇ ਵਿਚ ਕਿਸੇ ਦਾ ਦੁਖ ਵੰਡਾਉਣ ਦੀ ਬਜਾਏ ਲੋਕਾਂ 'ਤੇ ਜ਼ੁਲਮ ਢਾਹੁੰਦਾ ਹੈ, ਜਬਰਨ ਧਰਮ ਬਦਲਦਾ ਹੈ, ਔਰਤਾਂ ਦੀ ਬੇ-ਪੱਤੀ ਕਰਦਾ ਹੈ, ਆਦਿ। ਪਰ ਇਹਨਾਂ ਕੁਕਰਮਾਂ ਦੇ ਵਿਰੁੱਧ ਕੋਈ ਅਵਾਜ਼ ਨਹੀਂ ਉਠਾ ਰਿਹਾ। ਮੈਂ ਤਾਂ ਅਜਿਹੀ ਰੋਗੀ ਇਨਸਾਨੀਅਤ ਨੂੰ ਵੇਖ ਕੇ ਉਦਾਸ ਹਾਂ। ਕੀ ਤੁਹਾਡੇ ਪਾਸ ਇਸਦਾ ਕੋਈ ਇਲਾਜ ਹੈ ?

ਗੁਰੂ ਜੀ ਦੀਆਂ ਗੱਲਾਂ ਸੁਣ ਕੇ ਵੈਦ ਦੀ ਨਿਸ਼ਾ ਹੋ ਗਈ। ਉਸਨੇ ਗੁਰੂ ਜੀ ਦੇ ਪਰਿਵਾਰ ਨੂੰ ਆਖਿਆ ਕਿ ਨਾਨਕ ਜੀ ਨੂੰ ਕੋਈ ਸਰੀਰਕ ਦੁਖ ਨਹੀਂ ਹੈ। ਜਿਹੜੇ ਰੋਗ ਤੋਂ ਇਹ ਦੁਖੀ ਹਨ, ਉਸਦਾ ਇਲਾਜ ਕਰਨਾ ਮੈਂ ਨਹੀਂ ਜਾਣਦਾ। ਪਰ ਗੁਰੂ ਜੀ ਆਖਣ ਲੱਗੇ ਕਿ ਲੋਕਾਈ ਦੀ ਆਤਮਾ ਦੁਖੀ ਅਤੇ ਨਿਰਬਲ ਹੈ। ਜਿਸਨੂੰ ਬਲਵਾਨ ਤੇ ਸਿਹਤਮੰਦ ਬਨਾਉਣ ਵਾਸਤੇ ਨਾਮ ਸੱਭ ਤੋਂ ਵੱਡਾ ਦਾਰੂ ਹੈ। ਨਾਮ ਸਿਮਰਨ ਨਾਲ ਮਨ ਨਿਰਮਲ ਅਤੇ ਬਲਵਾਨ ਹੁੰਦਾ ਹੈ ਅਤੇ ਨਿਰਭੈ ਹੋ ਕੇ ਅਨੰਦ ਵਿਚ ਰਹਿਣ ਲੱਗ ਜਾਂਦਾ ਹੈ। ਅਤੇ ਉਸ ਵਿਚ ਪਾਪ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਅਥਾਹ ਸ਼ਕਤੀ ਉਤਪੰਨ ਹੋ ਜਾਂਦੀ ਹੈ। ਵੈਦ, ਗੁਰੂ ਜੀ ਦਾ ਇਲਾਜ ਕਰਨ ਆਇਆ ਸੀ, ਉਲਟਾ ਜ਼ੋਰ, ਜ਼ੁਲਮ ਦਾ ਇਲਾਜ ਕਰਨ ਦਾ ਨੁਸਖਾ ਲੈ ਕੇ ਚਲਾ ਗਿਆ।


Raj Singh Paul's
PENCILS 2019

## 11. ਮੋਦੀਖਾਨੇ ਵਿਚ ਨੌਕਰੀ ਕਰਨੀ :-

ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਂ ਲੋਧੀ ਨੇ ਰਾਏ ਭੋਇ ਦੀ ਤਲਵੰਡੀ ਦਾ ਮਾਲੀਆ ਉਗਰਾਹੁਣ (ਮਾਮਲਾ ਲੈਣ) ਲਈ ਜੈ ਰਾਮ ਜੀ ਦੀ ਡਿਊਟੀ ਲਾਈ ਹੋਈ ਸੀ, ਜਿਸ ਕਾਰਨ ਜੈ ਰਾਮ ਜੀ ਦਾ ਤਲਵੰਡੀ ਵਿਖੇ ਮਹਿਤਾ ਕਾਲੂ ਜੀ ਨਾਲ ਵੀ ਵਾਹ ਪੈਂਦਾ ਰਹਿੰਦਾ ਸੀ। ਇਸ ਮੇਲ-ਮਿਲਾਪ ਕਾਰਨ ਜੈ ਰਾਮ ਜੀ ਦਾ ਮਹਿਤਾ ਕਾਲੂ ਉੱਤੇ ਚੰਗਾ ਪ੍ਰਭਾਵ ਸੀ। ਜੈ ਰਾਮ ਜੀ ਦੀ ਸ਼ਖ਼ਸੀਅਤ ਤੋਂ ਰਾਏ ਬੁਲਾਰ ਜੀ ਵੀ ਬੜੇ ਖੁਸ਼ ਸਨ ਤੇ ਉਨ੍ਹਾਂ ਨੇ ਵਿਚ ਪੈ ਕੇ ਬੇਬੇ ਨਾਨਕੀ ਦਾ ਰਿਸ਼ਤਾ ਜੈ ਰਾਮ ਨਾਲ ਕਰਵਾ ਦਿੱਤਾ। ਵਿਆਹ ਹੋਣ ਉਪਰੰਤ ਜੈ ਰਾਮ ਬੇਬੇ ਨਾਨਕੀ ਨੂੰ ਸੁਲਤਾਨਪੁਰ ਲੋਧੀ ਲੈ ਗਏ।

ਮਹਿਤਾ ਕਾਲੂ ਜੀ ਇਕ ਉਤਸ਼ਾਹੀ ਪਿਤਾ ਹੋਣ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਇਕ ਕਮਾਊ ਪੁੱਤ ਦੇ ਰੂਪ ਵਿਚ ਦੇਖਣਾ ਚਾਹੁੰਦੇ ਸਨ ਜਦ ਕਿ ਗੁਰੂ ਜੀ ਹਮੇਸ਼ਾ ਭਗਤੀ ਵਿਚ ਹੀ ਲੀਣ ਰਹਿੰਦੇ ਸਨ ਅਤੇ ਖਾਂਦੇ-ਪੀਂਦੇ ਵੀ ਬਹੁਤ ਘੱਟ ਸਨ। ਮਹਿਤਾ ਕਾਲੂ ਜੀ ਦੀ ਨਿਤ ਦੀ ਕਲੇਸ਼ ਤੋਂ ਪ੍ਰਭਾਵਿਤ ਹੋ ਕੇ ਰਾਏ ਬੁਲਾਰ ਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ, "ਨਾਨਕ ਜੀ ਜੋ ਵੀ ਨੁਕਸਾਨ ਕਰਨ ਮੈਂ ਭਰ ਦਿਆ ਕਰਾਂਗਾ; ਵੇਖਣਾ ਕਿਤੇ ਇਨ੍ਹਾਂ ਦਾ ਮੂੰਹ ਨਾ ਫਿਟਕਾਰ ਦੇਣਾ; ਮੇਰੇ ਪਿੰਡ ਦੇ ਵੱਡੇ ਭਾਗ ਹਨ ਕਿ ਇਸ ਮਹਾਨ ਆਤਮਾ ਦਾ ਇੱਥੇ ਜਨਮ ਹੋਇਆ ਹੈ।" ਨਾਲ ਦੀ ਨਾਲ ਰਾਏ ਬੁਲਾਰ ਨੇ ਜੈ ਰਾਮ ਨੂੰ ਵੀ ਕਹਿ ਦਿੱਤਾ ਸੀ ਕਿ ਨਾਨਕ ਜੀ ਦੀ ਨੌਕਰੀ ਦਾ ਸੁਲਤਾਨਪੁਰ ਲੋਧੀ ਵਿਖੇ ਪ੍ਰਬੰਧ ਕਰਨ। ਇਸਦੇ ਫਲਸਰੂਪ ਗੁਰੂ ਜੀ ਨੂੰ ਭਾਈ ਜੈ ਰਾਮ ਜੀ ਨਾਲ ਸੁਲਤਾਨਪੁਰ ਭੇਜ ਦਿੱਤਾ ਗਿਆ। ਇਹ ਗੱਲ 1484 ਈ. ਦੀ ਹੈ ਜਦੋਂ ਉਹ 15 ਕੁ ਸਾਲ ਦੇ ਸਨ। ਉਥੇ ਉਨ੍ਹਾਂ ਨੂੰ 1485 ਈ. ਵਿੱਚ ਮੋਦੀ-ਖਾਨੇ ਵਿਚ ਮੋਦੀ ਦੀ ਆਸਾਮੀ 'ਤੇ ਲਗਾ ਦਿਤਾ ਗਿਆ। ਮੋਦੀ ਦਾ ਕੰਮ ਦਿੱਤੀਆਂ ਜਿਨਸਾਂ ਅਤੇ ਵੱਟੀ ਰਕਮ ਦਾ ਹਿਸਾਬ ਰੱਖਣਾ ਸੀ। ਇਸ ਬਦਲੇ ਜਿਨਸ ਅਤੇ ਨਕਦੀ ਦੇ ਰੂਪ ਵਿਚ ਤਨਖਾਹ ਮਿਲਦੀ ਸੀ ।


ਗੁਰੂ ਜੀ ਨੇ ਇਸ ਕੰਮ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਨਿਭਾਇਆ। ਉਹ ਮਿੱਠਾ ਬੋਲਦੇ, ਪੂਰਾ ਤੋਲਦੇ ਅਤੇ ਹਰ ਛੋਟੇ-ਵੱਡੇ ਨਾਲ ਇਕੋ-ਜਿਹਾ ਚੰਗਾ ਵਰਤਾਉ ਕਰਦੇ। ਲੋਕੀਂ ਉਨ੍ਹਾਂ ਉੱਤੇ ਬਹੁਤ ਖੁਸ਼ ਸਨ। ਉਨ੍ਹਾਂ ਤੋਂ ਪਹਿਲਾਂ ਮੋਦੀਖਾਨੇ ਵਿਚ ਕੁਝ ਲੋਕਾਂ ਨਾਲ ਬਹੁਤ ਮਾੜਾ ਵਰਤਾਓ ਕੀਤਾ ਜਾਂਦਾ ਸੀ ਅਤੇ ਲੋਕਾਂ ਦੀਆਂ ਬਹੁਤ ਸ਼ਕਾਇਤਾਂ ਸਨ। ਇਸ ਤੋਂ ਛੁਟ ਮੋਦੀ-ਖਾਨੇ ਵਿਚ ਘਬਲਾ ਵੀ ਕਾਫੀ ਹੁੰਦਾ ਰਹਿੰਦਾ ਸੀ।

ਨਿੱਜੀ ਜ਼ਿੰਦਗੀ ਵਿਚ ਉਹ ਪਹਿਰ ਰਾਤ ਰਹਿੰਦਿਆਂ ਉਠਦੇ ਅਤੇ ਵੇਈਂ ਨਦੀ 'ਤੇ ਜਾ ਇਸ਼ਨਾਨ ਕਰਦੇ। ਫਿਰ ਕੰਢੇ 'ਤੇ ਬੈਠ ਕੇ ਭਜਨ-ਬੰਦਗੀ ਵਿਚ ਜੁੜ ਜਾਂਦੇ (ਜਿੱਥੇ ਹੁਣ ਗੁਰਦੁਆਰਾ ਬੇਰ ਸਾਹਿਬ ਹੈ)। ਫਿਰ ਸਾਰਾ ਦਿਨ ਆਪਣਾ ਕਾਰ-ਵਿਹਾਰ ਕਰਦਿਆਂ ਵੀ ਕਰਤਾਰ ਵਿਚ ਹੀ ਉਨ੍ਹਾਂ ਦਾ ਚਿੱਤ ਲੱਗਾ ਰਹਿੰਦਾ ।

ਪੁਰਾਤਨ ਜਨਮ ਸਾਖੀ ਅਨੁਸਾਰ ਇਕ ਦਿਨ ਇਕ ਸਾਧੂ ਆਟਾ ਖ਼੍ਰੀਦਣ ਆਇਆ। ਆਪ ਤਕੜੀ ਫੜ ਕੇ ਤੋਲਣ ਲਗ ਪਏ। ਜਦ ਬਾਰਾਂ ਧਾਰਨਾਂ ਤੋਂ ਪਿਛੋਂ ਤੇਰ੍ਹਵੀਂ 'ਤੇ ਆਏ ਤਾਂ ਸੁਰਤ ਪ੍ਰਮਾਤਮਾ ਨਾਲ ਐਸੀ ਜੁੜੀ ਕਿ 'ਤੇਰਾ ਹਾਂ ਤੇਰਾ' ਕਰਦੇ ਤੇਰਾਂ 'ਤੇ ਹੀ ਅਟਕੇ ਰਹੇ ਅਤੇ ਧਾਰਨਾਂ ਤੋਲੀ ਗਏ ।

ਸਾਧੂ ਬੜਾ ਹੈਰਾਨ ਹੋਇਆ ਅਤੇ ਪੁੱਛਣ ਲੱਗਾ ਕਿ ਇਸ ਤਰ੍ਹਾਂ ਤੋਲਣ ਨਾਲ ਮੋਦੀਖਾਨਾ ਕਿਵੇਂ ਵੱਸੇਗਾ। ਗੁਰੂ ਜੀ ਨੇ ਉੱਤਰ ਦਿੱਤਾ ਕਿ "ਉਸਦੇ ਨਾਂ ਵਿਚ (ਤੇਰਾ-ਤੇਰਾ ਕਹਿਣ ਵਿਚ) ਹੀ ਬਰਕਤ ਪੈਂਦੀ ਹੈ। ਸਾਰਾ ਸੰਸਾਰ ਮੇਰਾ-ਮੇਰਾ ਕਰਕੇ ਹੀ ਖਵਾਰ ਹੋ ਰਿਹਾ ਹੈ।"

ਜਿਨ੍ਹਾਂ ਨੂੰ ਈਰਖਾ ਸੀ ਉਨ੍ਹਾਂ ਬਹੁਤ ਸ਼ਿਕਾਇਤਾਂ ਕੀਤੀਆਂ ਪਰ ਜਿੰਨੀ ਵੇਰ ਵੀ ਹਿਸਾਬ ਚੈੱਕ ਹੋਇਆ ਗੁਰੂ ਜੀ ਦਾ ਕੁਝ ਵਾਧਾ ਹੀ ਨਿਕਲਦਾ ਰਿਹਾ ਕਿਉਂਕਿ ਉਹ ਆਪਣੀ ਪੂਰੀ ਤਨਖਾਹ ਘਰ ਨਹੀਂ ਲਿਜਾਂਦੇ ਸਨ ਸਗੋਂ ਲੋੜ ਅਨੁਸਾਰ ਹੀ ਰਸਦ ਲੈ ਕੇ ਜਾਂਦੇ ਸਨ। ਇਕ ਵਾਰ ਕਿਸੇ ਤਕੜੀ ਚੁਗਲੀ ਦੇ ਅਸਰ ਹੇਠ ਨਵਾਬ ਦੌਲਤ ਖਾਂ ਨੇ ਗੁਰੂ ਜੀ ਨੂੰ ਇਕ ਕੋਠੜੀ (ਜਿੱਥੇ ਹੁਣ ਗੁਰਦੁਆਰਾ ਕੋਠੜੀ ਸਾਹਿਬ ਹੈ) ਵਿਚ ਨਜ਼ਰ-ਬੰਦ ਕਰਕੇ ਮੋਦੀਖਾਨੇ ਦੀ ਛਾਣ-ਬੀਣ (ਚੈਕਿੰਗ) ਕਰਵਾਈ। ਇਸ ਵਾਰ ਵੀ ਗੁਰੂ ਜੀ ਦਾ ਸਰਕਾਰ ਵੱਲ ਕੁਝ ਵਾਧਾ ਹੀ ਨਿਕਲਿਆ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਹ ਜੋ ਲੋਕਾਂ ਦੀ ਮਦਦ ਕਰਦੇ ਸਨ ਆਪਣੀ ਤਨਖਾਹ ਅਤੇ ਰਸਦ ਦੀ ਸੀਮਾ ਵਿਚ ਰਹਿ ਕੇ ਹੀ ਕਰਦੇ ਸਨ। 'ਜਨਮਸਾਖੀ ਸਾਹਿਤ' ਅਨੁਸਾਰ ਗੁਰੂ ਜੀ ਨੇ ਲੇਖਾ ਹੋਣ ਉਪਰੰਤ ਕਿਹਾ ਕਿ ਹੁਣ ਤੁਸੀਂ ਆਪਣਾ ਕੰਮ ਸੰਭਾਲੋ, ਮੈਂ ਹੁਣ ਤੁਹਾਡਾ ਕੰਮ ਨਹੀਂ ਕਰਾਂਗਾ। ਇਸ ਤਰ੍ਹਾਂ ਗੁਰੂ ਜੀ ਨੇ ਸਾਡੇ ਵਾਸਤੇ 'ਘਾਲਿ ਖਾਇ ਕਿਛੁ ਹਥਉ ਦੇਹ' ਦੇ ਪੂਰਨੇ ਪਾਏ।


Raj Singh Paul's
PENCILS 2019

## 12. ਗੁਰੂ ਜੀ ਦਾ ਵਿਆਹ :-

ਮੋਦੀਖਾਨੇ ਵਿਚ ਕੰਮ ਕਰਦਿਆਂ ਲੋਕੀ ਬਹੁਤ ਖੁਸ਼ ਸਨ। ਇੱਥੋਂ ਤਕ ਕਿ ਮੋਦੀਖਾਨਾ, ਜਿਸ ਦੀਆਂ ਪਹਿਲਾਂ ਬਹੁਤ ਸ਼ਿਕਾਇਤਾਂ ਸਨ, ਹੁਣ ਬਹੁਤ ਵਧੀਆ ਚਲ ਰਿਹਾ ਸੀ ਤੇ ਨਵਾਬ ਦੌਲਤ ਖਾਂ ਲੋਧੀ ਵੀ ਗੁਰੂ ਜੀ ਦੀ ਕੁਸ਼ਲਤਾਪੂਰਵਕ ਕਾਰਗੁਜਾਰੀ ਤੋਂ ਬਹੁਤ ਖੁਸ਼ ਸੀ। ਪ੍ਰੰਤੂ, ਜੈ ਰਾਮ ਜੀ ਅਤੇ ਬੇਬੇ ਨਾਨਕੀ ਜੀ ਉਨ੍ਹਾਂ ਦੇ ਬਚਤ ਨਾ ਕਰਨ ਦੇ ਸੁਭਾਅ ਤੋਂ ਚਿੰਤਤ ਸਨ, ਇਸ ਲਈ ਉਨ੍ਹਾਂ ਨੇ ਗੁਰੂ ਜੀ ਦਾ ਵਿਆਹ ਕਰਨ ਬਾਰੇ ਗੰਭੀਰਤਾ ਨਾਲ ਸੋਚਿਆ। ਉਨ੍ਹਾਂ ਦਾ ਵਿਚਾਰ ਸੀ ਕਿ ਗ੍ਰਿਹਸਤ ਵਿਚ ਪੈ ਕੇ ਨਾਨਕ ਜੀ ਵੀ ਬਚਤ ਕਰਨ ਬਾਰੇ ਕੁਝ ਸੋਚਣ ਲੱਗ ਪੈਣਗੇ।


ਬਟਾਲੇ ਦੇ ਰਹਿਣ ਵਾਲਾ ਭਾਈ ਮੂਲ ਚੰਦ, ਜੋ ਪੱਖੋਕੇ ਰੰਧਾਵੇ ਦਾ ਪਟਵਾਰੀ ਸੀ, ਜੈ ਰਾਮ ਜੀ ਦਾ ਜਾਣੂ ਸੀ। ਉਨ੍ਹਾਂ ਦੀ ਲੜਕੀ ਬੀਬੀ ਸੁਲੱਖਣੀ ਜੀ ਬੜੀ ਸੂਝਵਾਨ ਤੇ ਸੁੰਦਰ ਸੀ। ਜੈ ਰਾਮ ਜੀ ਨੇ ਗੁਰੂ ਜੀ ਵਾਸਤੇ ਸੁਲੱਖਣੀ ਜੀ ਦੇ ਰਿਸ਼ਤੇ ਦੀ ਗੱਲ ਚਲਾਈ ਤਾਂ ਮੂਲ ਚੰਦ ਜੀ ਝੱਟ-ਪੱਟ ਰਜ਼ਾਮੰਦ ਹੋ ਗਏ, ਕਿਉਂਕਿ ਮੋਦੀਖਾਨੇ ਦੇ ਇੰਚਾਰਜ ਦਾ ਰੁਤਬਾ ਚੰਗਾ ਗਿਣਿਆ ਜਾਂਦਾ ਸੀ। ਗੁਰੂ ਜੀ ਨੇ ਵੀ ਜੈ ਰਾਮ ਜੀ ਤੇ ਬੇਬੇ ਨਾਨਕੀ ਜੀ ਦੇ ਤੌਖਲੇ ਦੇ ਉਲਟ, ਵਿਆਹ ਵਿਚ ਰੁਚੀ ਪ੍ਰਗਟ ਕੀਤੀ। ਉਨ੍ਹਾਂ ਨੇ ਮਾਤਾ ਤ੍ਰਿਪਤਾ ਜੀ, ਪਿਤਾ ਕਾਲੂ ਜੀ ਅਤੇ ਰਾਏ ਬੁਲਾਰ ਜੀ ਨਾਲ ਇਸ ਰਿਸ਼ਤੇ ਬਾਰੇ ਸਲਾਹ ਤਾਂ ਪਹਿਲਾਂ ਹੀ ਕੀਤੀ ਹੋਈ ਸੀ, ਹੁਣ ਉਨ੍ਹਾਂ ਨੂੰ ਸੱਦੇ ਵੀ ਭੇਜ ਦਿੱਤੇ। ਇਸਦੇ ਨਾਲ ਕੁਝ ਰਿਸ਼ਤੇਦਾਰਾਂ ਅਤੇ ਨਾਲ ਹੀ ਗੁਰੂ ਜੀ ਦੇ ਖਾਸ ਮਿੱਤਰਾਂ ਨੂੰ ਵੀ ਸੱਦਿਆ ਗਿਆ। ਗੁਰੂ ਜੀ ਦੀ ਉਸ ਸਮੇਂ 18 ਸਾਲ ਦੀ ਉਮਰ ਸੀ, ਜਦ 24 ਜੇਠ 1544 ਬਿ. (1487 ਈ.) ਨੂੰ ਉਨ੍ਹਾਂ ਦਾ ਵਿਆਹ ਹੋਇਆ।

ਗੁਰੂ ਜੀ ਦੀ ਬਰਾਤ ਵਿਚ ਜਿਥੇ ਰਾਏ ਬੁਲਾਰ ਜੀ ਵਰਗੀਆਂ ਸ਼ਖ਼ਸੀਅਤਾਂ ਸ਼ਾਮਲ ਸਨ, ਉੱਥੇ ਭਗਵੇਂ ਕੱਪੜਿਆਂ ਵਾਲੇ ਸਾਧੂ-ਸੰਤ ਵੀ ਸ਼ਾਮਲ ਸਨ। ਅਜਿਹੀ ਅਨੋਖੀ ਬਾਰਾਤ ਦੇਖ ਕੇ ਲੋਕੀਂ ਹੈਰਾਨ ਰਹਿ ਗਏ।

ਜਿਸ ਥਾਂ ਉੱਤੇ ਬਰਾਤ ਬਿਠਾਈ ਗਈ, ਉਸਦੇ ਨੇੜੇ ਇਕ ਕੱਚੀ ਕੰਧ ਖੜੀ ਸੀ। ਇਕ ਮਾਈ ਨੇ ਸੁਝਾਅ ਦਿੱਤਾ ਕਿ ਕੰਧ ਤੋਂ ਥੋੜੀ ਦੂਰ ਹੋ ਕੇ ਬੈਠੋ, ਇਸ ਦਾ ਕੋਈ ਪਤਾ ਨਹੀਂ ਕਦੋਂ ਡਿੱਗ ਪਵੇ। ਗੁਰੂ ਜੀ ਦਾ ਜਵਾਬ ਸੀ ਕਿ ਇਹ ਕੰਧ ਕਦੇ ਨਹੀਂ ਡਿੱਗੇਗੀ। (ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਹ ਕੰਧ ਬਟਾਲੇ ਵਿਚ ਅਜੇ ਵੀ ਖੜੀ ਹੈ, ਜਿਸ ਥਾਂ 'ਤੇ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹੈ।)

ਇਸ ਪ੍ਰਕਾਰ ਗੁਰੂ ਜੀ ਵਿਆਹ ਕਰਵਾ ਕੇ ਮਾਤਾ ਸੁਲੱਖਣੀ ਜੀ ਨੂੰ ਸੁਲਤਾਨਪੁਰ ਲੋਧੀ ਲੈ ਆਏ ਅਤੇ ਆਪਣਾ ਵਖਰਾ ਮਕਾਨ (ਹੁਣ ਗੁ. ਗੁਰੂ ਕਾ ਬਾਗ) ਲੈ ਕੇ ਰਹਿਣ ਲੱਗੇ। ਵਿਆਹ ਤੋਂ ਬਾਅਦ ਉਨ੍ਹਾਂ ਦੇ ਘਰ ਮਾਤਾ-ਪਿਤਾ ਵੀ ਕੁਝ ਦਿਨ ਰਹੇ ਅਤੇ ਫਿਰ ਤਲਵੰਡੀ ਚਲੇ ਗਏ।

ਉਨ੍ਹਾਂ ਦੇ ਘਰ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਦਾ ਜਨਮ ਭਾਦੋਂ 1551 ਬਿ. (1494 ਈ.) ਅਤੇ ਛੋਟੇ ਪੁੱਤਰ ਬਾਬਾ ਲਖਮੀ ਦਾਸ ਦਾ ਜਨਮ ਫੱਗਣ 1553 ਬਿ. (1496 ਈ.) ਨੂੰ ਹੋਇਆ।


Raj Singh Paul's
PENCILS 2019

## 13. ਵੇਈਂ ਦਾ ਉਪਦੇਸ਼ :-

ਇਕ ਦਿਨ ਰੋਜ਼ ਦੀ ਤਰ੍ਹਾਂ ਗੁਰੂ ਜੀ ਨੇ ਵੇਈਂ ਵਿਚ ਟੁੱਭੀ ਲਾਈ। ਐਸੇ ਅਕਾਲ ਪੁਰਖ ਨਾਲ ਜੁੜੇ ਕਿ ਅਲੋਪ ਹੋ ਗਏ। ਸਾਰੇ ਰੌਲਾ ਪੈ ਗਿਆ ਕਿ ਨਾਨਕ ਜੀ ਡੁੱਬ ਗਏ ਹਨ। ਪਰ ਬੇਬੇ ਨਾਨਕੀ ਦੇ ਬਚਨ ਸਨ:- "ਮੇਰਾ ਵੀਰ ਡੁੱਬ ਨਹੀਂ ਸਕਦਾ, ਉਹ ਤਾਂ ਡੁੱਬਦਿਆਂ ਨੂੰ ਤਾਰਨ ਆਇਆ ਹੈ।"

"ਗੁਰੂ ਜੀ ਦੀ ਆਪਣੀ ਬਾਣੀ ਤੋਂ, ਭਾਈ ਗੁਰਦਾਸ ਜੀ ਦੀ ਰਚਨਾ ਤੋਂ ਅਤੇ ਪੁਰਾਤਨ ਜਨਮ ਸਾਖੀ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਇਕਾਂਤ ਵਿਚ ਬੈਠੇ ਕਰਤਾਰ ਦੇ ਧਿਆਨ ਵਿਚ ਜੁੜ ਗਏ ਅਤੇ ਉਨ੍ਹਾਂ ਦੀ ਆਤਮਾ ਸਚਖੰਡ ਪੁੱਜੀ। ਉੱਥੋਂ ਆਪ ਨੂੰ ਹੁਕਮ ਹੋਇਆ ਕਿ ਇਸ ਤਰ੍ਹਾਂ ਇਕ ਥਾਂ ਬਹਿ ਕੇ ਸੱਚ, ਧਰਮ ਦਾ ਉਪਦੇਸ਼ ਕਰਨਾ ਕਾਫੀ ਨਹੀਂ। ਇਸ ਉਪਦੇਸ਼ ਦੀ ਸਾਰੀ ਦੁਨੀਆ ਨੂੰ ਲੋੜ ਹੈ। ਸਾਰੀ ਪ੍ਰਿਥਵੀ ਝੂਠ, ਸ਼ਰੀਕੇ, ਫੁੱਟ, ਵੈਰ, ਵਿਰੋਧ, ਈਰਖਾ, ਕ੍ਰੋਧ, ਹੰਕਾਰ ਅਤੇ ਪਾਪਾਂ ਦੇ ਭਾਂਬੜਾਂ ਵਿਚ ਸੜ-ਬਲ਼ ਰਹੀ ਹੈ। ਇਸਨੂੰ ਨਾਮ-ਅੰਮ੍ਰਿਤ ਦਾ ਛੱਟਾ ਦੇ ਕੇ ਠਾਰੋ, ਸ਼ਾਂਤ ਕਰੋ ਅਤੇ ਸੰਸਾਰੀ ਜੀਵਾਂ ਨੂੰ ਸੱਚੇ ਧਰਮ ਵਾਲੀ ਏਕਤਾ, ਪਿਆਰ, ਪਰਉਪਕਾਰ ਵਾਲੀ ਸੱਚੀ-ਸੁੱਚੀ ਰਹਿਣੀ ਦੀ ਜਾਚ ਸਿਖਾਓ। ਵੇਖੋ ਤਾਂ ਸਹੀ, ਪ੍ਰਿਥਵੀ ਦਾ ਕੀ ਹਾਲ ਹੈ।

ਹੁਕਮ ਪਾ ਕੇ ਗੁਰੂ ਜੀ ਨੇ ਸੰਸਾਰ ਵੱਲ ਝਾਤ ਮਾਰੀ ਤਾਂ ਕੀ ਡਿੱਠਾ? ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:-

**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।**
**ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ ।** ਵਾਰ: ੧/੨੪

"**ਇਸ ਸਚਖੰਡ ਦੀ ਯਾਤਰਾ ਤੋਂ ਗੁਰੂ ਜੀ ਤਿੰਨਾਂ ਦਿਨਾਂ ਮਗਰੋਂ ਮੁੜੇ ।**"

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ:-

"ਪ੍ਰਮੇਸ਼ਰ ਕੇ ਸੇਵਕ ਗੁਰੂ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ ਤਾਂ ਅੰਮ੍ਰਿਤ ਦਾ ਕਟੋਰਾ ਭਰ-ਭਰ ਆਗਿਆ ਨਾਲ ਮਿਲਿਆ। ਹੁਕਮ ਹੋਇਆ, 'ਨਾਨਕ, ਇਹ ਅੰਮ੍ਰਿਤ ਨਾਮ ਕਾ ਪਿਆਲਾ ਹੈ, ਤੂੰ ਪੀਉ'। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬ ਮਿਹਰਬਾਨ ਹੋਇਆ। ਬਚਨ ਕੀਤਾ:- 'ਨਾਨਕ ਮੈਂ ਤੇਰੇ ਕੋਲ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਤੂੰ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾਂ ਥੀਂ ਭੀ ਜਪਾਇ ਅਰ ਸੰਸਾਰ ਥੀਂ ਨਿਰਲੇਪ ਰਹੁ। ਨਾਮੁ, ਦਾਨ, ਇਸ਼ਨਾਨ, ਸੇਵਾ, ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਏਹਾ ਕਿਰਤ ਕਰ'। ਤਬ ਗੁਰੂ ਜੀ ਨੇ ਮੱਥਾ ਟੇਕਿਆ ਤੇ 'ਭੀ ਤੇਰੀ ਕੀਮਤ ਨਾ ਪਵੇ, ਹਉ ਕੇਵਡ ਆਖਾ ਨਾਉ' ਦੀ ਧੁਨੀ ਲਗਾਈ । ਉਧਰੋਂ ਇਹ ਧੁਨੀ ਉੱਠੀ 'ਨਾਨਕ, ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫਤ ਕਰ'। ਤਦ ਗੁਰੂ ਜੀ ਨੇ '੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥1॥' ਉਚਾਰਿਆ। ਉਥੋਂ ਹੀ ਜਪੁ ਮਿਲਿਆ ।"

ਪੁਰਾਤਨ ਜਨਮ ਸਾਖੀ ਵਾਲਾ ਗੱਲ ਜਾਰੀ ਰਖਦੇ ਲਿਖਦਾ ਹੈ ਕਿ ਤਦ ਫੇਰ ਸੱਚ ਪੁਰਖ ਤੋਂ ਆਗਿਆ ਪਾਈ। ਹੁਕਮ ਹੋਆ:-

**"ਨਾਨਕ, ਜਿਸ ਉਪਰਿ ਤੇਰੀ ਨਦਰਿ, ਤਿਸ ਉਪਰ ਮੇਰੀ ਨਦਰਿ ।**
**ਜਿਸ ਉਪਰ ਤੇਰਾ ਕਰਮ, ਤਿਸ ਉਪਰ ਮੇਰਾ ਕਰਮ ।**
**ਮੇਰਾ ਨਾਉਂ ਪਾਰਬ੍ਰਹਮ, ਤੇਰਾ ਨਾਉਂ ਗੁਰ ਪ੍ਰਮੇਸਰ ।"**

ਨਿਮਰਤਾ ਵਿਚ 'ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ' ਗਾ ਕੇ ਗੁਰੂ ਨਾਨਕ ਵਾਪਸ ਮੁੜੇ।

ਭਾਈ ਨੰਦ ਲਾਲ ਜੀ ਨੇ ਜੰਗਨਾਮਾ ਵਿਚ ਇਸ ਬਖਸ਼ਸ਼ ਦਰੋਂ ਲੈਣ ਦੀ ਸਾਖੀ ਅਤੇ ਹੋਏ ਬਚਨਾਂ ਨੂੰ ਇਸ ਤਰ੍ਹਾਂ ਲਿਖਿਆ ਹੈ :-

"ਅਕਾਲ ਪੁਰਖ ਨੇ ਬਾਬਾ ਨਾਨਕ ਨੂੰ ਦੋਹਾਂ ਜਹਾਨਾਂ ਦਾ ਮੁਰਸ਼ਿਦ ਦਾ ਖਿਤਾਬ ਦਿੱਤਾ ਅਤੇ ਅਨੇਕਾਂ ਬਖ਼ਸ਼ਸ਼ਾਂ ਨਾਲ ਨਿਵਾਜਿਆ। ਗੁਰੂ ਜੀ ਨੇ ਨਿਮਰਤਾ ਨਾਲ ਕਿਹਾ: 'ਵਾਹਿਗੁਰੂ ਮੈਂ ਤੇਰਾ ਬੰਦਾ ਹਾਂ, ਤੇਰਾ

ਗੁਲਾਮ ਹਾਂ, ਤੇਰੇ ਸਾਜੇ ਹਰ ਆਮ ਖ਼ਾਸ ਬੰਦੇ ਦੀ ਮੈਂ ਧੂੜੀ ਹਾਂ।' ਵਾਹਿਗੁਰੂ ਵਲੋਂ ਇਹ ਬਚਨ ਕਹੇ ਗਏ: 'ਹੇ ਨਾਨਕ! ਮੇਰਾ ਸਰੂਪ, ਮੇਰੀ ਪੂਰਨ ਜੋਤਿ ਤੇਰੇ ਵਿਚ ਹੈ, ਮੈਂ ਆਪ ਤੇਰੇ ਵਿਚ ਹਾਂ। ਤੇਰੇ ਅੰਦਰ ਹੋਰ ਗੈਰ ਕੋਈ ਨਹੀਂ।' ਭਾਈ ਨੰਦ ਲਾਲ ਜੀ ਅਨੁਸਾਰ, ਸੰਸਾਰ ਫੇਰੀ ਕਰਨ ਦੀ ਆਗਿਆ ਹੋਈ। ਇਹ ਵੀ ਬਚਨ ਹੋਏ: 'ਜਿੰਨ੍ਹਾਂ ਨੇ ਸਿੱਧੀ, ਕਰਾਮਾਤਾਂ ਅਤੇ ਜਾਦੂ ਨੂੰ ਹੀ ਧਰਮ ਬਣਾ ਲਿਆ ਹੈ, ਉਨ੍ਹਾਂ ਨੂੰ ਸੱਚਾ ਮਾਰਗ ਦੱਸੋ ਤਾਂ ਕਿ ਉਹ ਸਿਮਰਨ ਰਾਹੀਂ ਸੱਚ ਨੂੰ ਪਾ ਸਕਣ। ਉਨ੍ਹਾਂ ਨੂੰ ਯਾਦ ਪੱਕੀ ਕਰਨ ਦਾ ਵੱਲ ਸਿਖਾਓ। ਸੰਸਾਰ ਨੂੰ ਦੁੱਖ-ਸੁੱਖ ਦਾ ਅੰਤਰ ਪਤਾ ਨਹੀਂ। ਮੇਰੇ ਵਲੋਂ ਮੂੰਹ ਮੋੜ ਕੇ ਦੁਖੀ ਹੋ ਰਹੇ ਹਨ। ਇਨ੍ਹਾਂ ਦਾ ਮੂੰਹ ਇਧਰ ਫੇਰ ਦਿਓ। ਪ੍ਰਭੂ ਦੀ ਯਾਦ ਬਿਨਾਂ ਹੋਰ ਕੋਈ ਸਹਾਈ ਨਹੀਂ।"

ਇਸ ਸਬੰਧੀ ਭਾਈ ਗੁਰਦਾਸ ਲਿਖਦੇ ਹਨ:-

**ਪਹਿਲਾਂ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ ।**
**ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ ।**
**ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ ।**
**ਬਾਬਾ ਪੈਧਾ ਸਚਿ ਖੰਡਿ ਨਉਨਿਧਿ ਨਾਮੁ ਗਰੀਬੀ ਪਾਈ ।**
**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।**
**ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ॥** ਵਾਰ:੧/੨੪

ਹੁਣ ਉਹ ਹੋਰ ਦੇ ਹੋਰ ਹੋ ਚੁੱਕੇ ਸਨ। ਚੌਥੇ ਦਿਨ ਜਦ ਸ਼ਹਿਰ 'ਚ ਦਾਖਲ ਹੋਏ ਤਾਂ ਆਪਣੇ ਡੇਰੇ ਜਾ ਕੇ ਸਭ ਕੁਛ ਗਰੀਬਾਂ ਨੂੰ ਵੰਡ ਦਿੱਤਾ ਅਤੇ ਚੁਪ ਧਾਰ ਲਈ। ਜਦ ਬੋਲਣ ਤਾਂ ਇਹੋ ਹੀ ਕਹਿਣ: 'ਨਾ ਕੋ ਹਿੰਦੂ ਨਾ ਮੁਸਲਮਾਨ'। ਇਸਲਾਮੀ ਰਾਜ ਵਿਚ ਅਜਿਹਾ ਨਾਅਰਾ ਸਿਰ 'ਤੇ ਕਫ਼ਨ ਬਨ੍ਹਕੇ ਹੀ ਲਾਇਆ ਜਾ ਸਕਦਾ ਸੀ। ਸਾਰੇ ਰੌਲਾ ਪੈ ਗਿਆ ਅਤੇ ਸਾਰਾ ਸ਼ਹਿਰ ਹੀ ਦਰਸ਼ਨਾਂ ਨੂੰ ਉਮੜ ਪਿਆ। ਕੁਝ ਲੋਕ ਪੁੱਛਣ ਲਗੇ, 'ਇਕ ਰਾਹ ਮੁਸਲਮਾਨ ਦਾ ਹੈ ਦੂਜਾ ਹਿੰਦੂ ਦਾ, ਤੁਸੀਂ ਕਿਹੜੇ ਰਾਹ ਵਿਚ ਹੋ'? ਗੁਰੂ ਜੀ ਨੇ ਫੁਰਮਾਇਆ :-

"ਮੇਰਾ ਰਾਹ ਖ਼ੁਦਾ ਦਾ ਰਾਹ ਹੈ। ਖ਼ੁਦਾ ਨਾ ਹਿੰਦੂ ਹੈ ਨਾ ਮੁਸਲਮਾਨ। ਅਸਾਡੀ ਨਜ਼ਰ ਵਿਚ ਵੀ ਕੋਈ ਹਿੰਦੂ, ਮੁਸਲਮਾਨ ਨਹੀਂ।" ਉਥੇ ਦੌਲਤ ਖਾਂ ਦੇ ਅਹਿਲਕਾਰ ਪੁੱਜੇ ਤਾਂ ਉਨ੍ਹਾਂ ਨਵਾਬ ਵੱਲੋਂ ਸੰਦੇਸ਼ ਦਿੱਤਾ। ਤਦ ਗੁਰੂ ਨਾਨਕ ਨੇ ਕਿਹਾ: "ਮੈਂ ਤੇਰੇ ਖ਼ਾਨ ਦੀ ਕਿਆ ਪਰਵਾਹਿ ਪੜੀ ਹੈ?" ਇਹ ਦੂਜਾ ਇੰਨਕਲਾਬ ਸੀ; ਸ਼ਾਹਾਂ ਦੀ ਪਰਵਾਹ ਹਟਾਉਂਣੀਂ ਹੀ ਖ਼ੁਦਾਈ ਬੰਦਿਆਂ ਦਾ ਕੰਮ ਹੈ। 'ਮਨਮੁੱਖ ਹੋਇ ਬੰਦੇ ਦਾ ਬੰਦਾ', ਪਾਤਸ਼ਾਹ ਦਾ ਕਹਿਣਾ ਸੀ।

ਜਦ ਦੌਲਤ ਖਾਂ ਨੂੰ ਪਤਾ ਲੱਗਾ ਕਿ ਅਹਿਲਕਾਰ ਨੇ ਰੋਅਬ ਨਾਲ ਗੁਰੂ ਜੀ ਨੂੰ ਬੁਲਾਉਣਾ ਚਾਹਿਆ ਸੀ ਤਾਂ ਉਸਨੇ ਅਹਿਲਕਾਰ ਨਾਲ ਗੁੱਸਾ ਕੀਤਾ ਅਤੇ ਨਿਮਰਤਾ ਸਹਿਤ ਕਹਿਲਾ ਭੇਜਿਆ ਕਿ 'ਨਾਨਕ ਜੀ, ਰਜ਼ਾਇ ਖ਼ੁਦਾਇ ਤੂੰ ਆਉ'। ਜਦ ਦੌਲਤ ਖਾਂ ਪਾਸ ਪੁੱਜੇ ਤਾਂ ਨਵਾਬ ਨਾਲ ਦਸਤ ਪੰਜਾ ਲੈ ਕੇ ਬੈਠ ਗਏ। ਕਾਜ਼ੀਆਂ ਨੇ ਗੁੱਸਾ ਮਨਾਇਆ ਕਿ ਬਗੈਰ ਸਿਰ ਝੁਕਾਇ ਦਸਤ ਪੰਜਾ ਲੈ ਕੇ ਬੈਠਣਾ ਦਰਬਾਰੀ ਮਰਿਯਾਦਾ ਦੀ ਉਲੰਘਣਾ ਹੈ । ਗੁਰੂ ਜੀ ਦਾ ਜਵਾਬ ਸੀ: "ਹਿਰਸੀ ਹੀ ਸਿਰ ਝੁਕਾਂਦਾ ਹੈ, ਬਗੈਰ ਲਾਲਚ ਵਾਲੇ ਦਾ ਸਿਰ ਹਮੇਸ਼ਾ ਉੱਚਾ ਹੀ ਰਹਿੰਦਾ ਹੈ।"

ਜਦ ਦੌਲਤ ਖਾਂ ਨੇ ਮਨ ਟਿਕਾਉਣੇ ਦਾ ਤਰੀਕਾ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ: "ਜਿਉਂ ਜਿਉਂ ਤੇਰਾ ਧਿਆਨ ਨਿਕਲ ਜਾਏ, ਤਿਉਂ ਤਿਉਂ ਦ੍ਰਿੜ੍ਹ ਕਰ"।

ਫਿਰ ਕਾਜ਼ੀ ਨੇ ਆਖਿਆ ਕਿ "ਜੋ ਵੀ ਹਜ਼ਰਤ ਤੇ ਈਮਾਨ ਲਿਆਉਣਗੇ, ਉਹ ਹੀ ਛੁੱਟਣਗੇ।" ਗੁਰੂ ਜੀ ਨੇ ਆਖਿਆ: "ਐਸਾ ਨਹੀਂ। ਜੋ ਪਰਾਇਆ ਹੱਕ ਖਾਂਦੇ ਹਨ ਉਹ ਹੀ ਨਰਕ ਨੂੰ ਜਾਂਦੇ ਹਨ। ਪਰਾਇਆ ਹਕ ਖ਼ੁਦਾ ਅਤੇ ਹਜ਼ਰਤ ਨੇ ਮਨ੍ਹਾ ਕੀਤਾ ਹੈ।"

ਜਿਥੇ ਗੁਰੂ ਜੀ ਤਿੰਨਾਂ ਦਿਨਾਂ ਬਾਅਦ ਵੇਈਂ 'ਚੋਂ ਪ੍ਰਗਟ ਹੋਏ ਸਨ, ਉਸ ਜਗ੍ਹਾ 'ਤੇ ਗੁਰਦੁਆਰਾ ਸੰਤ ਘਾਟ ਸੁਸ਼ੋਭਿਤ ਹੈ।


Raj Singh Paul's
PENCILS 2019

## 14. ਨਮਾਜ਼ ਪੜ੍ਹਨੀ :-

ਕਾਜ਼ੀ ਨੇ ਫਿਰ ਕਿਹਾ: "ਜੇ ਸਾਰੇ ਇਕ ਹਨ ਤਾਂ ਸਾਡੇ ਨਾਲ ਨਮਾਜ਼ ਪੜ੍ਹੋ।" ਗੁਰੂ ਜੀ ਸਭ ਨਾਲ ਮਸੀਤ ਵਿਚ ਗਏ (ਜਿੱਥੇ ਹੁਣ ਗੁਰਦੁਆਰਾ ਅੰਤਰਯਾਮਤਾ ਹੈ)। ਜਦ ਸਾਰੇ ਨਿਮਾਜ਼ ਪੜ੍ਹ ਰਹੇ ਸਨ ਤਾਂ ਬਾਬਾ ਜੀ ਨੇ ਨਮਾਜ ਨਾ ਪੜ੍ਹੀ ਅਤੇ ਥੋੜਾ-ਥੋੜਾ ਮੁਸਕਰਾਂਦੇ ਰਹੇ। ਕਾਜ਼ੀ ਨੇ ਨਵਾਬ ਨੂੰ ਭੜਕਾਇਆ। ਨਵਾਬ ਨੇ ਪੁੱਛਿਆ: "ਬਾਬਾ ਜੀ ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ਅਤੇ ਹਸੇ ਕਿਉਂ?" ਗੁਰੂ ਜੀ ਨੇ ਉੱਤਰ ਦਿੱਤਾ: "ਨਮਾਜ਼ ਮੈਂ ਕਿਸ ਨਾਲ ਪੜ੍ਹਦਾ? ਤੁਸੀਂ ਤਾਂ ਕਾਬਲ ਵਿਚ ਘੋੜੇ ਖ੍ਰੀਦ ਰਹੇ ਸੀ ਅਤੇ ਇਮਾਮ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਨ੍ਹਾਂ ਦੀ ਤਾਜ਼ੀ ਸੂਈ ਘੋੜੀ ਦੀ ਵਛੇਰੀ ਖੂਹੀ ਵਿਚ ਨਾ ਡਿਗ ਪਵੇ। ਬਾਕੀਆਂ ਕਈਆਂ ਦੇ ਮਨ ਵੀ ਆਪੋ-ਆਪਣੇ ਕਾਰੋਬਾਰਾਂ ਵਿਚ ਲੱਗੇ ਹੋਏ ਸਨ। ਮੈਂ ਨਮਾਜ਼ ਕਿਸ ਨਾਲ ਪੜ੍ਹਦਾ?"

ਦੌਲਤ ਖਾਂ ਇਸ ਭੇਦ ਭਰੀ ਗੱਲ ਉੱਤੇ ਹੈਰਾਨ ਰਹਿ ਗਿਆ ਅਤੇ ਭੁੱਲ ਬਖ਼ਸ਼ਾਈ । ਉਥੇ ਹੀ ਗੁਰੂ ਜੀ ਨੇ ਸੱਚੇ ਮੁਸਲਮਾਨ ਦੇ ਗੁਣਾਂ ਵਾਲਾ ਸ਼ਬਦ ਉਚਾਰਿਆ:-

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥**
**ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥**
**ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥**
**ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥**
**ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥**


ਅੰਗ: ੧੪੧

ਅਰਥਾਤ, ਮੁਸਲਮਾਨ ਅਖਵਾਉਂਣਾ ਔਖੀ ਗੱਲ ਹੈ । ਜੋ ਆਪਣੇ ਮਜ਼ਹਬ ਦੇ ਮੁਖੀਏ ਦੀ ਗਲ ਮੰਨੇ, ਆਪਣੇ ਮਨ ਦੀ ਮੈਲ ਲਾਹ ਦੇਵੇ, ਮਰਨ ਜੀਣ ਦਾ ਭਰਮ ਛੱਡਕੇ, ਆਪਾ ਗਵਾਕੇ ਰਚਨਹਾਰ ਤੇ ਭਰੋਸਾ ਰੱਖਦਾ ਹੋਇਆ ਉਸਦੇ ਭਾਣੇ ਵਿਚ ਰਹਿ ਕੇ ਸਭ ਜੀਆਂ ਤੇ ਦੈਯਾ ਕਰੇ ਉਹ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ ।

ਸੱਚੇ ਮੁਸਲਮਾਨ ਦੇ ਗੁਣਾਂ ਦੀ ਗੱਲ ਹੋਰ ਵਿਸਥਾਰ ਵਿਚ ਕਰਦਿਆਂ ਗੁਰੂ ਜੀ ਨੇ ਕਿਹਾ ਕਿ ਹਰ ਮੁਸਲਮਾਨ ਨੂੰ ਸੱਚਾਈ, ਧਰਮ ਦੀ ਕਮਾਈ, ਰੱਬ ਦੇ ਨਾਂ 'ਤੇ ਦਾਨ-ਪੁੰਨ, ਪਵਿੱਤਰ ਨੀਅਤ ਅਤੇ ਅੱਲ੍ਹਾ ਦੀ ਸਿਫਤ ਸਲਾਹ ਕਰਨ ਦੀਆਂ ਪੰਜ ਨਮਾਜ਼ਾਂ ਪੜ੍ਹਨ ਦੀ ਲੋੜ ਹੈ।

**ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ ॥**
**ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ॥** ਅੰਗ: ੧੪੧

ਗੁਰੂ ਜੀ ਨੇ ਆਪਣਾ ਪਹਿਲਾ ਫੈਸਲਾ ਵੀ ਦੁਹਰਾਇਆ: "ਮੈਂ ਸੁਲਤਾਨਪੁਰ ਨਹੀਂ ਟਿਕਾਂਗਾ। ਜਿਥੇ ਲੋਕਾਈ ਦੁਖੀ ਹੋਵੇਗੀ ਉਥੇ ਪੁੱਜਣ ਦਾ ਯਤਨ ਕਰਾਂਗਾ।" ਪਹਿਲਾਂ ਨਵਾਬ, ਫਿਰ ਜੈਰਾਮ ਜੀ, ਪਤਨੀ ਤੇ ਬੱਚਿਆਂ, ਮਾਤਾ, ਪਿਤਾ ਅਤੇ ਸੱਸ-ਸਹੁਰੇ ਨੇ ਰੋਕਣਾ ਚਾਹਿਆ। ਪਰ ਗੁਰੂ ਜੀ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹੇ। ਦੌਲਤ ਖਾਂ ਨੇ ਅਰਜ਼ ਕੀਤੀ ਕਿ ਜੋ ਰਾਹ ਦੁਨੀਆਂ ਨੂੰ ਦਿਖਾਉਣਾ ਚਾਹੁੰਦੇ ਹੋ ਉਸ ਬਾਰੇ ਉਸ ਨੂੰ ਵੀ ਰੌਸ਼ਨੀ ਦੇਵੋ। ਮਹਾਰਾਜ ਨੇ ਬਖ਼ਸ਼ਿਸ਼ ਕੀਤੀ ਅਤੇ ਖਾਨ ਦਾ ਸੁੱਤਾ ਮਨ ਜਾਗ ਪਿਆ।


Raj Singh Paul's
PENCILS 2019

## 15. ਗੁਰੂ ਜੀ ਦੀਆਂ ਲੰਮੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਦਾ ਅਰੰਭ :-


ਕੁਝ ਦਿਨ ਸੁਲਤਾਨਪੁਰ ਲੋਧੀ ਵਿਖੇ ਗੁਰਬਾਣੀ ਦੇ ਕਥਾ ਕੀਰਤਨ ਦਾ ਪ੍ਰਵਾਹ ਚਲਾ ਕੇ ਗੁਰੂ ਸਾਹਿਬ ਨੇ ਆਪਣੀਆਂ ਲੰਮੀਆਂ ਯਾਤਰਾਵਾਂ 'ਤੇ ਚੱਲਣ ਲਈ ਤਿਆਰੀ ਕੀਤੀ। ਗੁਰੂ ਜੀ ਦੇ ਇਸ ਧਰਤ-ਲੋਕਾਈ ਨੂੰ ਸੋਧਣ ਲਈ ਲੰਮੀਆਂ ਯਾਤਰਾਵਾਂ 'ਤੇ ਜਾਣ ਦਾ ਸੁਣ ਕੇ ਬੇਬੇ ਨਾਨਕੀ ਅਤੇ ਮਾਤਾ ਸੁਲੱਖਣੀ ਜੀ ਬਹੁਤ ਉਦਾਸ ਹੋਏ। ਬਾਬਾ ਜੀ ਦੀ ਸੱਸ ਚੰਦੋ ਰਾਣੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਜੇ ਘਰ-ਘਾਟ ਛੱਡ ਕੇ ਚਲੇ ਜਾਣਾ ਸੀ ਤਾਂ ਵਿਆਹ ਕਿਉਂ ਕਰਵਾਇਆ? ਹੁਣ ਤੇਰੇ ਬੀਵੀ-ਬੱਚਿਆਂ ਨੂੰ ਕੌਣ ਸਹਾਰਾ ਦੇਵੇਗਾ ਤੇ ਕੌਣ ਪਾਲਣਾ ਕਰੇਗਾ ? ਗੁਰੂ ਜੀ ਨੇ ਕਿਹਾ ਕਿ ਅਜਿਹਾ ਸਭ ਦਾ ਭੁਲੇਖਾ ਦੂਰ ਹੋ ਜਾਣਾ ਚਾਹੀਦਾ ਹੈ ਕਿ ਕੋਈ ਮਨੁੱਖ ਕਿਸੇ ਮਨੁੱਖ ਜਾਂ ਬੀਵੀ-ਬੱਚਿਆਂ ਦੀ ਪਾਲਣਾ ਕਰਦਾ ਹੈ; ਪਾਲਣਾ ਕਰਨ ਵਾਲਾ ਤਾਂ ਸਰਬ ਕਲਾ ਸਮਰਥ ਪਰਮੇਸ਼ਰ ਹੈ। ਤੁਹਾਡੇ ਮਨ ਵਿਚ ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਨਾਲੇ, ਮੈਂ ਸਦਾ ਵਾਸਤੇ ਥੋੜਾ ਜਾ ਰਿਹਾ ਹਾਂ। ਮੈਂ ਸਦਾ ਹੀ ਤੁਹਾਡੇ ਪਾਸ ਹਾਂ, ਜਦੋਂ ਯਾਦ ਕਰੋਗੇ, ਮੈਂ ਉਸੇ ਵੇਲੇ ਤੁਹਾਡੇ ਕੋਲ ਪਹੁੰਚ ਜਾਵਾਂਗਾ।

ਇਸ ਤਰ੍ਹਾਂ ਸਾਰੇ ਪਰਿਵਾਰ ਨੂੰ ਭਰੋਸਾ ਦੇ ਕੇ ਅਤੇ ਨਗਰ ਨਿਵਾਸੀਆਂ, ਜਿਨ੍ਹਾਂ ਵਿਚ ਨਵਾਬ ਦੌਲਤ ਖਾਂ ਲੋਧੀ ਅਤੇ ਹੋਰ ਉਨ੍ਹਾਂ ਦੇ ਅਮੀਰ, ਵਜ਼ੀਰ ਤੇ ਉੱਚ-ਅਧਿਕਾਰੀ ਸ਼ਾਮਿਲ ਸਨ, ਭਿੱਜੀਆਂ ਅੱਖਾਂ ਨਾਲ ਗੁਰੂ ਜੀ ਨੂੰ ਅਲਵਿਦਾ ਕਹਿਣ ਆਏ। ਉਨ੍ਹਾਂ ਦੇ ਚਲੇ ਜਾਣ ਨਾਲ ਸਾਰੇ ਸ਼ਹਿਰ 'ਤੇ ਉਦਾਸੀ ਛਾ ਗਈ।

ਗੁਰੂ ਜੀ ਨੇ ਸੁਲਤਾਨਪੁਰ ਤੋਂ ਚੱਲ ਕੇ ਬਿਆਸ ਦਰਿਆ ਪਾਰ ਕੀਤਾ, ਜਿਥੇ ਅੱਜਕਲ੍ਹ ਗੋਇੰਦਵਾਲ ਸ਼ਹਿਰ ਬਣਿਆ ਹੋਇਆ ਹੈ।

ਕੁਝ ਸਮੇਂ ਬਾਅਦ ਭਾਈ ਮਰਦਾਨਾ ਕਹਿਣ ਲੱਗਾ ਕਿ ਮੈਨੂੰ ਭੁੱਖ ਬਹੁਤ ਲੱਗੀ ਹੈ। ਐਨੇ ਨੂੰ ਉਸ ਜ਼ਮੀਨ ਦਾ ਮਾਲਕ ਵੀ ਉਥੇ ਪੁੱਜ ਗਿਆ। ਜੋ ਬਾਅਦ ਵਿਚ ਘਰੋਂ ਜਾ ਰੋਟੀ-ਪਾਣੀ ਤਿਆਰ ਕਰਵਾ ਲਿਆਇਆ ਤੇ ਕੁਝ ਦੁੱਧ ਵੀ ਨਾਲ ਲੈ ਆਇਆ। ਗੁਰੂ ਜੀ ਨੇ ਉਸ ਪਾਸੋਂ ਦੁੱਧ ਤੇ ਪ੍ਰਸ਼ਾਦੇ ਲੈ ਕੇ ਭਾਈ ਮਰਦਾਨੇ ਦੇ ਅੱਗੇ ਰਖਵਾ ਦਿੱਤੇ ਤੇ ਉਸਨੂੰ ਪੁੱਛਣ ਲੱਗੇ, "ਪੁਰਖਾ! ਕੀ ਇਹ ਜ਼ਮੀਨ ਤੇਰੀ ਹੈ?" ਉਹ ਮਨੁੱਖ ਗੁਰੂ ਜੀ ਦੇ ਚਿਹਰੇ 'ਤੇ ਇਲਾਹੀ ਨੂਰ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਜਵਾਬ ਵਿਚ ਬੋਲਿਆ, "ਮਹਾਂਪੁਰਖ ਜੀ! ਜ਼ਮੀਨ ਤਾਂ ਆਪ ਜੀ ਦੀ ਹੀ ਹੈ, ਮੈਂ ਤਾਂ ਇਕ ਰਾਹਕ ਹਾਂ।" ਗੁਰੂ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਕਿਸੇ ਦਿਨ ਇਸ ਜ਼ਮੀਨ ਉੱਤੇ ਸੁੰਦਰ ਸ਼ਹਿਰ ਬਣੇਗਾ ਅਤੇ ਤੂੰ ਇਸ ਇਲਾਕੇ ਦਾ ਵੱਡਾ ਸਰਦਾਰ ਹੋਵੇਂਗਾ। ਜ਼ਿਮੀਦਾਰ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਇਸ ਗੱਲ 'ਤੇ ਹੈਰਾਨ ਹੋਇਆ ਕਿ ਗੁਰੂ ਜੀ ਨੇ ਤਾਂ ਪ੍ਰਸ਼ਾਦੇ ਅਤੇ ਦੁੱਧ ਵਿਚੋਂ ਕੁਝ ਵੀ ਨਹੀਂ ਛੱਕਿਆ। ਉਸਨੇ ਗੁਰੂ ਜੀ ਦੇ ਅੱਗੇ ਬੇਨਤੀ ਕੀਤੀ ਕਿ ਆਪ ਵੀ ਕੁਝ ਅੰਨ-ਪਾਣੀ ਛੱਕ ਕੇ ਮੈਨੂੰ ਕਿਰਤਾਰਥ ਕਰੋ।

ਜ਼ਿਮੀਦਾਰ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਥੋੜਾ ਜਿਹਾ ਦੁੱਧ ਛੱਕਿਆ ਅਤੇ ਅੱਗੇ ਚੱਲ ਪਏ ਅਤੇ ਉਸ ਜਗ੍ਹਾ ਜਾ ਪਹੁੰਚੇ, ਜਿੱਥੇ ਅੱਜਕਲ੍ਹ ਅੰਮ੍ਰਿਤਸਰ ਸ਼ਹਿਰ ਵਸਿਆ ਹੋਇਆ ਹੈ।


Raj Singh Paul's
PENCILS 2019

## 16. ਦੁਨੀ ਚੰਦ ਨੂੰ ਉਪਦੇਸ਼ :-

ਅੰਮ੍ਰਿਤਸਰ ਤੋਂ ਅੱਗੇ ਚਲਕੇ, ਰਸਤੇ ਵਿਚ ਲੋਕਾਂ ਨੂੰ ਤਾਰਦੇ ਹੋਏ, ਲਾਹੌਰ ਤੋਂ ਬਾਹਰ ਇਕ ਖੂਹ ਉੱਤੇ ਰਾਤ ਕੱਟਣ ਲਈ ਰੁਕੇ। ਅਗਲੇ ਦਿਨ ਸੰਝ ਸਵੇਰੇ ਗੁਰੂ ਜੀ ਨੇ ਸ਼ਬਦ ਗਾਇਨ ਕੀਤਾ, ਜਿਉਂ-ਜਿਉਂ ਲੋਕਾਂ ਨੂੰ ਪਤਾ ਲੱਗਾ, ਲੋਕ ਇਕੱਠੇ ਹੁੰਦੇ ਗਏ। ਗੁਰੂ ਜੀ ਦੇ ਲਾਹੌਰ ਵਿਚ ਆਉਣ ਬਾਰੇ ਭਾਈ ਦੁਨੀ ਚੰਦ ਨੂੰ ਵੀ ਪਤਾ ਲੱਗਾ ਤੇ ਉਹ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸਨੇ ਆਪਣੀ ਹਵੇਲੀ ਦੇ ਮੁਖ ਦੁਆਰ ਉੱਤੇ ਸਤ ਝੰਡੇ ਲਗਾਏ ਹੋਏ ਸਨ, ਜਿਨ੍ਹਾਂ ਦਾ ਅਰਥ ਸੀ ਕਿ ਇਸ ਸ਼ਾਹੂਕਾਰ ਦੀ ਜਾਇਦਾਦ ਘੱਟ ਤੋਂ ਘੱਟ ਸਤ ਲੱਖ ਰੁਪਏ ਦੀ ਹੈ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਮੈਂ ਹਰ ਸਾਲ ਦੀ ਤਰ੍ਹਾਂ ਅੱਜ ਵੀ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਹਾਂ ਅਤੇ ਬਹੁਤ ਸਾਰੇ ਬ੍ਰਾਹਮਣਾਂ ਨੂੰ, ਪਿਤਾ ਜੀ ਦੇ ਨਮਿੱਤ ਭੋਜਨ ਛਕਾ ਰਿਹਾ ਹਾਂ ਅਤੇ ਦਾਨ ਵੀ ਦੇ ਰਿਹਾ ਹਾਂ। ਮੇਰਾ ਵਿਸ਼ਵਾਸ ਹੈ ਕਿ ਇਹ ਭੋਜਨ ਅਤੇ ਦਾਨ ਮੇਰੇ ਪਿਤਾ ਵਾਸਤੇ ਇਕ ਸਾਲ ਲਈ ਕਾਫ਼ੀ ਹੋਵੇਗਾ।"

ਗੁਰੂ ਜੀ ਨੇ ਮੁਸਕਰਾ ਕੇ ਆਖਿਆ ਕਿ ਜੇ ਕੋਈ ਮਨੁੱਖ ਜ਼ਰਾ ਕੁ ਬਿਮਾਰ ਹੋ ਜਾਵੇ ਤਾਂ ਉਸ ਨੂੰ ਭੁੱਖ ਲਗਣੀ ਘੱਟ ਹੋ ਜਾਂਦੀ ਹੈ ਜਾਂ ਬਿਲਕੁਲ ਹੀ ਨਹੀਂ ਲਗਦੀ। ਮਰਨ ਉਪਰੰਤ ਤਾਂ, ਜਿਨ੍ਹਾਂ ਪੰਜ ਤੱਤਾਂ ਦਾ ਉਹ ਬਣਿਆ ਹੁੰਦਾ ਹੈ, ਉਨ੍ਹਾਂ ਵਿਚ ਹੀ ਤਬਦੀਲ ਹੋ ਜਾਂਦਾ ਹੈ। ਫਿਰ ਤੂੰ ਆਪ ਹੀ ਦੱਸ ਕਿ ਬ੍ਰਾਹਮਣਾਂ ਦੁਆਰਾ ਖਾਦਾ ਹੋਇਆ ਭੋਜਨ ਤੇਰੇ ਪਿਤਾ ਤਕ ਕਿਵੇਂ ਪਹੁੰਚੇਗਾ; ਦੂਜੇ, ਉਹ ਤਾਂ ਜੀਵਤ ਹੀ ਨਹੀਂ ਹਨ ਤਾਂ ਉਨ੍ਹਾਂ ਨੂੰ ਭੁੱਖ ਕਿਵੇਂ ਲੱਗੇਗੀ?

ਗੁਰੂ ਜੀ ਨੇ ਉਸਨੂੰ ਇਕ ਸੂਈ ਦਿੱਤੀ ਅਤੇ ਆਖਿਆ, "ਇਹ ਮੇਰੀ ਅਮਾਨਤ ਰੱਖ ਲਵੋ ਅਤੇ ਅਗਲੇ ਜਨਮ 'ਚ ਮੈਨੂੰ ਦੇ ਦੇਣਾ।" ਦੁਨੀ ਚੰਦ ਨੇ ਕਿਹਾ ਕਿ ਸੂਈ ਤਾਂ ਇੱਥੇ ਹੀ ਰਹਿ ਜਾਵੇਗੀ, ਮੈਂ ਤੁਹਾਨੂੰ ਕਿਵੇਂ ਵਾਪਸ ਕਰ ਸਕਾਂਗਾ। ਗੁਰੂ ਜੀ ਨੇ ਕਿਹਾ ਕਿ ਮੈਂ ਵੀ ਇਹੀ ਦੱਸਣਾ ਚਾਹੁੰਦਾ ਹਾਂ ਕਿ ਅਗਲੇ ਜਨਮ ਚੰਗੇ ਜਾਂ ਮਾੜੇ ਕਰਮ ਹੀ ਬੰਦੇ ਦੇ ਨਾਲ ਜਾਂਦੇ ਹਨ। ਫੋਕਟ ਕਰਮ-ਕਾਂਡ ਅਤੇ ਵਿਖਾਵੇ ਕਰਨੇ ਵਿਅਰਥ ਹਨ।

ਇਸ ਤੋਂ ਛੁੱਟ ਗੁਰੂ ਜੀ ਨੇ ਦੱਸਿਆ ਕਿ ਤੇਰਾ ਪਿਤਾ ਤਾਂ ਮਰਨ ਉਪਰੰਤ ਬਘਿਆੜ ਦੀ ਜੂਨੇ ਪੈ ਗਿਆ ਸੀ, ਜੋ ਭੁੱਖਣ-ਭਾਣਾ ਆਪਣੀ ਖੁਰਾਕ ਵਾਸਤੇ ਇੱਧਰ-ਉੱਧਰ ਭਟਕਦਾ ਫਿਰਦਾ ਹੈ। ਆਪਣੀ ਤਸੱਲੀ ਵਾਸਤੇ ਤੂੰ ਉਸਨੂੰ ਰਾਵੀ ਕਿਨਾਰੇ ਇਕ ਬੋਹੜ ਥੱਲੇ ਜਾ ਕੇ ਵੇਖ ਸਕਦਾ ਹੈਂ। ਇਹ ਸੁਣ ਕੇ ਦੁਨੀ ਚੰਦ ਹੱਕਾ-ਬੱਕਾ ਰਹਿ ਗਿਆ ਅਤੇ ਆਪਣੀ ਤਸੱਲੀ ਕਰਨ ਲਈ ਬੋਹੜ ਥੱਲੇ ਚਲਾ ਗਿਆ। ਓਥੇ ਜਾ ਕੇ ਉਸਨੇ ਵੇਖਿਆ ਕਿ ਇਕ ਬਘਿਆੜ ਆਪਣੀ ਭੁੱਖ ਕਾਰਨ ਚੀਕਾਂ ਮਾਰ ਰਿਹਾ ਸੀ। ਦੁਨੀ ਚੰਦ ਉਸਦੇ ਕੋਲ ਗਿਆ ਤਾਂ ਬਘਿਆੜ ਤਾਂ ਅਲੋਪ ਹੋ ਗਿਆ ਅਤੇ ਬਾਪ ਦੇ ਰੂਪ ਵਿਚ ਇਕ ਮਨੁੱਖ ਉਸਦੇ ਸਨਮੁਖ ਹੋਇਆ ਅਤੇ ਕਹਿਣ ਲੱਗਾ ਕਿ ਮੈਂ ਆਪਣੇ ਮਨੁੱਖੀ ਜਾਮੇ ਵਿਚ ਇਕ ਬਘਿਆੜ ਦੀ ਤਰ੍ਹਾਂ ਲੁੱਟ-ਘਸੁੱਟ ਤੇ ਠੱਗੀ-ਠੋਰੀ ਕਰਕੇ ਧਨ ਇਕੱਠਾ ਕਰਦਾ ਰਿਹਾ ਅਤੇ ਤੇਰੇ ਵਾਸਤੇ ਲੱਖਾਂ ਰੁਪਏ ਇਕੱਠੇ ਕੀਤੇ। ਇਸ ਬੇਅਕਲੀ ਕਾਰਨ ਹੀ ਮੈਂ ਬਘਿਆੜ ਦੀ ਜੂਨੇ ਪਿਆ ਸੀ। ਮੇਰੇ ਵੱਲੋਂ ਇਕੱਠੇ ਕੀਤੇ ਧਨ ਨੂੰ ਵਧਾਉਣ ਵਾਸਤੇ, ਤੂੰ ਵੀ ਮੇਰੇ ਪਦ-ਚਿੰਨ੍ਹਾਂ 'ਤੇ ਹੀ ਚਲਦਾ ਰਿਹਾ ਹੈਂ। ਮੇਰੀ ਬਘਿਆੜ ਦੀ ਜੂਨ ਦੀ ਦੁਰਦਸ਼ਾ ਤੋਂ ਸਬਕ ਸਿੱਖ ਕੇ ਤੂੰ ਇਕ ਭਲਾ ਪੁਰਖ ਬਣ ਅਤੇ ਆਪਣਾ ਅੱਗਾ ਸਵਾਰ ਲੈ। ਹਰ ਮਨੁੱਖ ਨੂੰ ਉਸ ਦੁਆਰਾ ਕੀਤੇ ਚੰਗੇ ਜਾਂ ਮੰਦੇ ਕਰਮਾਂ ਦਾ ਫਲ ਹੀ ਮਿਲਦਾ ਹੈ। ਇਹ ਕਹਿ ਕੇ ਉਸਦਾ ਪਿਤਾ ਤਾਂ ਅਲੋਪ ਹੋ ਗਿਆ ਅਤੇ ਦੁਨੀ ਚੰਦ ਵਾਪਸ ਆ ਕੇ ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਆਪਣੇ ਸਾਰੇ ਝੰਡੇ ਉਤਾਰ ਦਿੱਤੇ। ਅੱਗੇ ਤੋਂ ਨੇਕ ਕਮਾਈ ਕਰਨ ਦਾ ਵਚਨ ਦੇ ਕੇ ਆਪਣੀ ਸਾਰੀ ਦੌਲਤ ਲੋਕਾਂ ਵਿਚ ਵੰਡ ਦਿੱਤੀ ਅਤੇ ਬਾਕੀ ਸਭ ਕੁਝ ਗੁਰੂ-ਘਰ ਦੇ ਲੇਖੇ ਲਾ ਦਿੱਤਾ ਅਤੇ ਆਪਣੀ ਹਵੇਲੀ ਨੂੰ ਧਰਮਸਾਲਾ ਵਿਚ ਤਬਦੀਲ ਕਰ ਦਿੱਤਾ ਤੇ ਗੁਰੂ ਜੀ ਦਾ ਸਿੱਖ ਬਣ ਗਿਆ।


Raj Singh Paul's
PENCILS 2019

## 17. ਭਾਈ ਲਾਲੋ ਤੇ ਮਲਕ ਭਾਗੋ :-

ਲਾਹੌਰ ਕੁਝ ਦਿਨ ਠਹਿਰ ਕੇ ਗੁਰੂ ਜੀ ਸੈਦਪੁਰ, ਜਿਸਨੂੰ ਐਮਨਾਬਾਦ ਵੀ ਕਹਿੰਦੇ ਹਨ, ਪਹੁੰਚੇ। ਉਨ੍ਹਾਂ ਵੇਖਿਆ ਕਿ ਇਸ ਇਲਾਕੇ ਵਿਚ ਮੌਲਵੀ ਲੋਕ ਜਬਰ ਨਾਲ ਇਸਲਾਮ ਧਰਮ ਵਿਚ ਲੋਕਾਂ ਨੂੰ ਸ਼ਾਮਿਲ ਕਰ ਰਹੇ ਹਨ। ਨਾਲ ਹੀ ਉਨ੍ਹਾਂ ਵੇਖਿਆ ਕਿ ਬੈਰਾਗੀ ਵੀ ਊਠਾਂ-ਘੋੜਿਆਂ 'ਤੇ ਸਵਾਰ ਹੋ ਕੇ ਅਤੇ ਸ਼ਸਤਰਧਾਰੀ ਹੋ ਕੇ ਲੋਕਾਂ ਨੂੰ ਸਤਾਉਂਦੇ ਫਿਰਦੇ ਹਨ ਅਤੇ ਧੱਕੇ ਨਾਲ ਭੀਖ ਮੰਗਦੇ ਸਨ। ਬੈਰਾਗੀ, ਸੰਨਿਆਸੀ, ਫ਼ਕੀਰ, ਆਦਿ, ਲੋਕਾਂ ਨੂੰ ਕਠੋਰ ਅਤੇ ਕੁਚੱਜੇ ਰਾਹ ਪਾਉਂਦੇ ਫਿਰਦੇ ਸਨ। ਗੁਰੂ ਜੀ, ਇਸਦੇ ਉਲਟ ਲੋਕਾਂ ਨੂੰ ਸੌਖਾ ਅਤੇ ਸੁਭਾਵਕ ਜਿਹਾ ਰਾਹ ਦੱਸਣ ਲਈ ਨਿਕਲੇ ਸਨ। ਨਾ ਉਨ੍ਹਾਂ ਕੋਲ ਕੋਈ ਸ਼ਸਤਰ ਸਨ, ਨਾ ਹੀ ਕੋਈ ਹਾਥੀ-ਘੋੜੇ। ਜ਼ੋਰ-ਜਬਰ ਦੀ ਥਾਂ, ਉਹ ਪਿਆਰ ਨਾਲ ਧੁਰ ਕੀ ਬਾਣੀ ਰਾਹੀਂ ਲੋਕਾਂ ਨੂੰ ਸੱਚ ਦੇ ਰਸਤੇ ਪਾਉਂਦੇ ਅਤੇ ਲੋਕ ਸਹਿਜੇ ਹੀ ਉਨ੍ਹਾਂ ਦੀਆਂ ਦਲੀਲਾਂ ਦੇ ਕਾਇਲ ਹੋ ਕੇ, ਉਨ੍ਹਾਂ ਦੇ ਉਪਦੇਸ਼ਾਂ 'ਤੇ ਚਲਣਾ ਅਰੰਭ ਕਰ ਦਿੰਦੇ। ਗੁਰੂ ਜੀ ਦੇ ਪ੍ਰਚਾਰ ਅੱਗੇ ਪਖੰਡ ਤੇ ਜ਼ੋਰ-ਜਬਰ ਟਿਕ ਨਾ ਸਕੇ।

ਸੈਦਪੁਰ ਪੁੱਜ ਕੇ ਉਨ੍ਹਾਂ ਆਪਣਾ ਡੇਰਾ ਸ਼ਹਿਰ ਤੋਂ ਬਾਹਰ ਲਾ ਲਿਆ। ਉਸ ਸ਼ਹਿਰ ਵਿਚ ਇਕ ਤਰਖਾਣ ਰਹਿੰਦਾ ਸੀ, ਜਿਸਦਾ ਨਾਂ ਭਾਈ ਲਾਲੋ ਸੀ ਅਤੇ ਜਿਸਦੀ ਸਿੱਧੀ-ਸਾਧੀ ਸ਼ਖ਼ਸੀਅਤ ਨੇ ਗੁਰੂ ਜੀ ਨੂੰ ਖਿੱਚ ਲਿਆ। ਗੁਰੂ ਜੀ ਉਸਦੇ ਘਰ ਚਲੇ ਗਏ ਤੇ ਉਸਨੂੰ ਪੁੱਛਿਆ, "ਭਾਈ ਲਾਲੋ ਕੀ ਕਰ ਰਹੇ ਹੋ?" "ਜੀ, ਕਿੱਲੇ ਘੜਦਾ ਹਾਂ।" ਗੁਰੂ ਜੀ ਨੇ ਪੁੱਛਿਆ, "ਕੀ ਸਾਰੀ ਉਮਰ ਕਿੱਲੇ ਹੀ ਘੜਦੇ ਰਹੋਗੇ?" ਭਾਈ ਲਾਲੋ ਗੁਰੂ ਜੀ ਦੀ ਰਮਜ਼ ਸਮਝ ਗਏ ਅਤੇ ਉਨ੍ਹਾਂ ਦੇ ਚਰਨ ਪਕੜ ਲਏ। ਗੁਰੂ ਜੀ ਦੀ ਐਸੀ ਸਿੱਖਿਆ ਗ੍ਰਹਿਣ ਕੀਤੀ ਕਿ ਉਸਦਾ ਘਰ ਸਿੱਖੀ ਦਾ ਕੇਂਦਰ ਬਣ ਗਿਆ।

ਜਦ ਉਸਦੀ ਪਤਨੀ ਨੇ ਪ੍ਰਸ਼ਾਦ-ਪਾਣੀ ਤਿਆਰ ਕੀਤਾ ਤਾਂ ਭਾਈ ਲਾਲੋ ਨੇ ਬੇਨਤੀ ਕੀਤੀ ਕਿ ਤੁਹਾਡੇ ਭੋਜਨ ਕਰਨ ਲਈ ਵਖਰਾ ਚੌਂਕਾ ਤਿਆਰ ਕੀਤਾ ਗਿਆ ਹੈ, ਆ ਕੇ ਪ੍ਰਸ਼ਾਦਾ ਛੱਕ ਲਵੋ ਜੀ। ਗੁਰੂ ਜੀ ਨੇ ਕਿਹਾ ਕਿ "ਸਾਰੀ ਧਰਤੀ ਹੀ ਮੇਰਾ ਚੌਂਕਾ ਹੈ ਤੇ ਜੋ ਸੱਚ ਨਾਲ ਪਿਆਰ ਕਰਦਾ ਹੈ, ਉਹ ਸੁੱਚਾ ਹੈ।" ਇਸ ਤਰ੍ਹਾਂ ਭਾਈ ਲਾਲੋ ਵੱਲੋਂ ਤਿਆਰ ਕੀਤਾ ਗਿਆ ਭੋਜਨ ਸਾਰਿਆਂ ਨੇ ਇਕ ਥਾਂ ਬੈਠ ਕੇ ਛੱਕਿਆ।

ਉੱਚ ਜ਼ਾਤੀਆਂ ਨੇ ਇਸਦਾ ਬਹੁਤ ਬੁਰਾ ਮਨਾਇਆ।ਭਾਈ ਲਾਲੋ ਨੂੰ ਵੀ ਥੋੜਾ ਫਿਕਰ ਲੱਗਾ। ਪਰ, ਗੁਰੂ ਜੀ ਨੇ ਸਭ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ ਜਾਤ-ਜਨਮ ਕਰਕੇ ਕੋਈ ਉੱਚਾ ਜਾਂ ਨੀਵਾਂ ਨਹੀਂ ਹੁੰਦਾ। ਜੋ ਨੇਕ ਅਤੇ ਧਰਮ ਦੀ ਕਮਾਈ ਕਰਦਾ ਹੈ, ਉਹੀ ਉੱਚਾ ਹੁੰਦਾ ਹੈ। ਚੰਗੇ ਜਾਂ ਮੰਦੇ ਕਰਮ ਕਰਨ ਨਾਲ ਹੀ ਬੰਦਾ ਉੱਚਾ ਜਾਂ ਨੀਵਾਂ ਹੁੰਦਾ ਹੈ।

ਇਸ ਤੋਂ ਪਿੱਛੋਂ ਭਾਈ ਮਰਦਾਨਾ ਜੀ ਨੇ ਰਬਾਬ ਵਜਾਈ ਤੇ ਗੁਰੂ ਜੀ ਨੇ ਸ਼ਬਦ ਗਾਇਨ ਕੀਤਾ ਅਤੇ ਉਸਦੀ ਵਿਆਖਿਆ ਵੀ ਕੀਤੀ। ਇਸ ਤਰ੍ਹਾਂ ਭਾਈ ਲਾਲੋ ਦੇ ਘਰ ਪਹਿਲਾ ਸਤਸੰਗ ਹੋਇਆ। ਜਿਸ ਵਿਚ ਬਹੁਤ ਸਾਰੇ ਲੋਕਾਂ ਨੇ ਵੀ ਭਾਗ ਲਿਆ।

ਇਹੋ ਜਿਹੇ ਵੱਡੇ ਇਕੱਠ ਰਜਵਾੜਿਆਂ ਅਤੇ ਨਵਾਬਾਂ ਆਦਿ ਦੇ ਘਰ ਹੀ ਹੋਇਆ ਕਰਦੇ ਸਨ। ਸੋ ਵੱਡੇ ਲੋਕਾਂ ਨੂੰ ਭਾਈ ਲਾਲੋ ਅਤੇ ਗੁਰੂ ਜੀ ਨਾਲ ਕਾਫ਼ੀ ਈਰਖਾ ਹੋਈ।


ਸੈਦਪੁਰ ਵਿਚ ਹੀ ਇਕ ਮਲਕ ਭਾਗੋ ਨਾਂ ਦਾ, ਉੱਥੋਂ ਦੇ ਹਾਕਮ ਜ਼ਾਲਮ ਖਾਂ ਦਾ ਉੱਚ ਅਧਿਕਾਰੀ ਸੀ ਜੋ ਲੋਕਾਂ 'ਤੇ ਜ਼ੁਲਮ ਕਰਕੇ ਧਨ ਇਕੱਠਾ ਕਰਦਾ ਸੀ। ਉਸਨੇ ਆਪਣੇ ਘਰ ਇਕ ਬ੍ਰਹਮ-ਭੋਜ ਕੀਤਾ ਅਤੇ ਗੁਰੂ ਜੀ ਨੂੰ ਵੀ ਸੱਦਾ ਭੇਜਿਆ ਕਿ ਉਸਨੇ ਚਹੁੰ ਵਰਨਾਂ ਵਾਸਤੇ ਵੱਖ-ਵੱਖ ਭੋਜਨ ਬਨਵਾਇਆ ਹੈ ਪਰ ਗੁਰੂ ਜੀ ਨੇ ਜਵਾਬ ਵਿਚ ਕਿਹਾ, ਮੇਰਾ ਕਿਸੇ ਵਰਨ ਨਾਲ ਕੋਈ ਸੰਬੰਧ ਨਹੀਂ, ਇਸ ਲਈ ਮੈਂ ਨਹੀਂ ਆਵਾਂਗਾ। ਸੰਦੇਸ਼-ਵਾਹਕ ਨੇ ਗੁਰੂ ਜੀ ਨੂੰ ਕਿਹਾ ਕਿ ਮਲਕ ਭਾਗੋ ਗੁੱਸਾ ਕਰੇਗਾ, ਆਪ ਜੀ ਜ਼ਰੂਰ ਚੱਲੋ। ਗੁਰੂ ਜੀ ਜਦ ਗਏ ਤਾਂ ਮਲਕ ਭਾਗੋ ਨੇ ਕ੍ਰੋਧ ਨਾਲ ਕਿਹਾ ਕਿ ਤੁਸੀਂ ਮੇਰੀ ਰੋਟੀ ਨੂੰ ਨਾਂਹ ਕਰਦੇ ਹੋ ਪਰ ਲਾਲੋ ਸ਼ੂਦਰ ਦੇ ਘਰ ਰੋਟੀ ਖਾਂਦੇ ਹੋ। ਗੁਰੂ ਜੀ ਨੇ ਭਾਈ ਲਾਲੋ ਦੀ ਰੋਟੀ ਮੰਗਵਾਈ ਅਤੇ ਮਲਕ ਭਾਗੋ ਦੇ ਪਕਵਾਨ ਵੀ। ਉਨ੍ਹਾਂ ਨੇ ਜਦੋਂ ਦੋਵਾਂ ਹੱਥਾਂ ਵਿਚ ਫੜ ਕੇ ਘੁੱਟੇ ਤਾਂ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਮਲਕ ਦੇ ਪਕਵਾਨ ਵਿਚੋਂ ਲਹੂ ਨਜ਼ਰੀਂ ਆਏ।

ਵਿਆਖਿਆ ਕਰਦਿਆਂ ਗੁਰੂ ਜੀ ਨੇ ਮਲਕ ਭਾਗੋ ਨੂੰ ਸੰਬੋਧਨ ਕੀਤਾ, "ਵੇਖੋ! ਤੁਹਾਡਾ ਭੋਜਨ ਗ਼ਰੀਬਾਂ ਦੇ ਖ਼ੂਨ ਨਾਲ ਭਰਿਆ ਪਿਆ ਹੈ ਜਦਕਿ ਭਾਈ ਲਾਲੋ ਦਾ ਹੱਕ-ਹਲਾਲ ਦੀ ਕਮਾਈ ਨਾਲ ਬਣਿਆ ਹੋਇਆ ਹੈ ਅਤੇ ਦੁੱਧ ਵਾਂਗ ਪਵਿੱਤਰ ਹੈ।"

ਗੁਰੂ ਜੀ ਦੇ ਇਹ ਬਚਨ ਸੁਣ ਕੇ ਮਲਕ ਭਾਗੋ ਦਾ ਹੰਕਾਰ ਟੁੱਟ ਗਿਆ ਅਤੇ ਖਾਸ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਉਸਦਾ ਰੋਮ-ਰੋਮ ਖਿੜ ਗਿਆ ਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਅਤੇ ਉਸਨੇ ਅੱਗੇ ਤੋਂ ਗ਼ਲਤ ਢੰਗ-ਤਰੀਕੇ ਵਰਤ ਕੇ ਧਨ ਇਕੱਠਾ ਕਰਨ ਤੋਂ ਤੌਬਾ ਕੀਤੀ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ।

ਸੈਦਪੁਰ ਗੁਰੂ ਜੀ ਨੇ ਸਿੱਖੀ ਦਾ ਕੇਂਦਰ ਬਣਾ ਕੇ, ਭਾਈ ਲਾਲੋ ਜੀ ਨੂੰ ਮੁਖੀ ਪ੍ਰਚਾਰਕ ਥਾਪਿਆ।


Raj Singh Paul's
PENCILS 2019


Raj Singh Paul's
PENCILS 2019


Raj Singh Paul's
PENCILS 2019

## 18. ਸੱਜਣ ਠੱਗ :-

ਸੈਦਪੁਰ ਕੁਝ ਸਮਾਂ ਠਹਿਰ ਕੇ ਗੁਰੂ ਜੀ ਮੁਲਤਾਨ ਦੇ ਤੁਲੰਬਾ ਸ਼ਹਿਰ ਪੁੱਜੇ। ਰਸਤੇ ਵਿਚ ਉਨ੍ਹਾਂ ਨੇ ਨਗਰ ਦੇ ਬਾਹਰ ਵਾਰ ਇਕ ਬਹੁਤ ਸੋਹਣੀ ਹਵੇਲੀ ਵੇਖੀ। ਸੱਜਣ ਸ਼ੇਖ਼ ਨੇ ਆਉਂਦੇ-ਜਾਂਦੇ ਰਾਹੀਆਂ ਦੇ ਆਰਾਮ ਲਈ ਬਹੁਤ ਸੋਹਣੇ ਕਮਰੇ ਬਣਾਏ ਹੋਏ ਸਨ। ਜਿੱਥੇ ਰਹਿਣ ਲਈ ਥਾਂ ਅਤੇ ਭੋਜਨ ਦਿੱਤਾ ਜਾਂਦਾ ਸੀ। ਉਸ ਹਵੇਲੀ ਦੇ ਇਕ ਪਾਸੇ ਮੰਦਰ ਤੇ ਦੂਸਰੇ ਪਾਸੇ ਮਸੀਤ ਬਣੀ ਹੋਈ ਸੀ। ਹਵੇਲੀ ਦੇ ਮੁੱਖ ਦੁਆਰ 'ਤੇ ਦੋ ਸੇਵਕ ਖੜੇ ਰਹਿੰਦੇ ਸਨ, ਜੋ ਆਏ-ਗਏ ਨੂੰ ਜੀ ਆਇਆਂ ਕਹਿੰਦੇ ਸਨ ਅਤੇ ਉਸ ਹਵੇਲੀ ਵਿਚ ਠਹਿਰਣ ਲਈ ਬੇਨਤੀ ਕਰਦੇ ਸਨ। ਉਸ ਹਵੇਲੀ ਦੇ ਮਾਲਕ ਕੋਲ ਕਾਫ਼ੀ ਜ਼ਮੀਨ ਸੀ, ਜਿਸ ਵਿਚ ਉਹ ਖੇਤੀ ਕਰਵਾਉਂਦਾ ਸੀ। ਉਹ ਸਾਧਾਂ-ਸੰਤਾਂ ਵਾਲੇ ਕਪੜੇ ਪਾਉਂਦਾ ਸੀ ਅਤੇ ਹੱਥ ਵਿਚ ਮਾਲਾ ਰੱਖਦਾ ਸੀ। ਉਸਨੂੰ ਮਿਲਣ ਵਾਲਾ ਹਰ ਬੰਦਾ ਸੱਜਣ ਕਹਿ ਕੇ ਬੁਲਾਉਂਦਾ ਸੀ। ਜਦ ਅੰਨ-ਪਾਣੀ ਛੱਕ ਕੇ ਮੁਸਾਫ਼ਰ ਆਪਣੇ ਕਮਰਿਆਂ ਵਿਚ ਅਰਾਮ ਕਰਨ ਚਲੇ ਜਾਂਦੇ ਤਾਂ ਉਨ੍ਹਾਂ ਦੇ ਸਮਾਨ ਦੀ ਤਲਾਸ਼ੀ ਕਰਦਾ। ਜਿੰਨ੍ਹਾਂ ਕੋਲ ਕੀਮਤੀ ਸਾਮਾਨ ਹੁੰਦਾ, ਉਨ੍ਹਾਂ ਨੂੰ ਮਾਰ ਕੇ ਖੂਹ ਵਿਚ ਸੁੱਟ ਦਿੰਦਾ ਅਤੇ ਮਾਲ-ਧਨ ਲੁੱਟ ਲੈਂਦਾ। ਜਿਸਦੇ ਕੋਲ ਕੋਈ ਕੀਮਤੀ ਸਾਮਾਨ ਨਾ ਹੁੰਦਾ, ਉਸਨੂੰ ਕੁਝ ਨਾ ਕਹਿੰਦਾ ਤੇ ਅੱਗੇ ਜਾਣ ਦਿੰਦਾ। ਅਜਿਹੇ ਲੋਕ ਉਸਦੀ ਬਹੁਤ ਉਸਤਤ ਕਰਦੇ ਅਤੇ ਕਿਸੇ ਨੂੰ ਉਸਦੀਆਂ ਕਾਲੀਆਂ ਕਰਤੂਤਾਂ ਬਾਰੇ ਜਾਣਕਾਰੀ ਨਾ ਪ੍ਰਾਪਤ ਹੁੰਦੀ।

ਇਕ ਦਿਨ ਗੁਰੂ ਜੀ ਤੇ ਭਾਈ ਮਰਦਾਨਾ ਵੀ ਉਸਦੀ ਹਵੇਲੀ ਵੱਲ ਗਏ। ਉਸਦੇ ਸੇਵਕਾਂ ਨੇ ਪੂਰਾ ਆਦਰ-ਮਾਨ ਕੀਤਾ ਅਤੇ ਅੰਦਰ ਲੈ ਗਏ। ਗੁਰੂ ਜੀ ਦਾ ਜਾਹੋ-ਜਲਾਲ ਅਤੇ ਇਕ ਸੇਵਕ ਨਾਲ ਵੇਖ ਕੇ ਉਨ੍ਹਾਂ ਸਮਝਿਆ ਕਿ ਇਹ ਕੋਈ ਵੱਡੇ ਧਨੀ, ਹੀਰੇ-ਜਵਾਹਰਾਂ ਦੇ ਵਪਾਰੀ ਹੋਣਗੇ। ਇੰਝ ਉਨ੍ਹਾਂ ਨੂੰ ਇਕ ਵੱਡਾ ਸ਼ਿਕਾਰ ਮਿਲਿਆ ਜਾਪਿਆ। ਉਨ੍ਹਾਂ ਨੇ ਤੁਰੰਤ ਆਪਣੇ ਮਾਲਕ ਨੂੰ ਖ਼ਬਰ ਪਹੁੰਚਾਈ, ਜੋ ਸੁਣਦੇ ਸਾਰ ਹਵੇਲੀ ਪਹੁੰਚ ਗਿਆ।

ਗੁਰੂ ਜੀ ਤਾਂ ਜਾਣੀ-ਜਾਣ ਸਨ, ਉਨ੍ਹਾਂ ਨੇ ਉਸਦਾ ਨਾਂ ਪੁੱਛਿਆ ਤਾਂ ਉਸਨੇ ਉੱਤਰ ਦਿੱਤਾ, "ਜੀ ਮੇਰਾ ਨਾਂ ਸੱਜਣ ਹੈ, ਮੁਸਲਮਾਨ ਮੈਨੂੰ ਸ਼ੇਖ਼ ਸੱਜਣ ਆਖਦੇ ਹਨ ਤੇ ਹਿੰਦੂ ਸੱਜਣ ਮੱਲ ਕਹਿ ਕੇ ਬੁਲਾਉਂਦੇ ਹਨ। ਮੈਂ ਤਾਂ ਜੀ ਹਰ ਇਕ ਦਾ ਸੱਜਣ ਹਾਂ, ਭਾਵੇਂ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ।

ਸੱਜਣ ਦੇ ਨੌਕਰਾਂ ਨੇ ਗਰਮ ਪਾਣੀ ਨਾਲ ਗੁਰੂ ਜੀ ਦਾ ਹੱਥ-ਮੂੰਹ ਅਤੇ ਚਰਨ ਧੋਤੇ ਅਤੇ ਬਾਅਦ 'ਚ ਗਰਮ-ਗਰਮ ਤੇ ਸੁਆਦਲਾ ਭੋਜਨ ਲੈ ਆਏ। ਗੁਰੂ ਜੀ ਕਹਿਣ ਲੱਗੇ ਅਸੀਂ ਰਾਤ ਦਾ ਭੋਜਨ ਆਰਤੀ ਕਰਨ ਤੋਂ ਬਾਅਦ ਛੱਕਦੇ ਹਾਂ।

ਗੁਰੂ ਜੀ ਨੇ ਮਰਦਾਨੇ ਨੂੰ ਆਖਿਆ, "ਰਬਾਬ ਛੇੜ, ਮਾਲਕ ਦੀ ਉਸਤਤੀ ਕਰੀਏ।" ਗੁਰੂ ਜੀ ਦੀ ਅਵਾਜ਼, ਮਰਦਾਨੇ ਨਾਲੋਂ ਵੀ ਸੁਰੀਲੀ ਸੀ। ਜਦ ਮਰਦਾਨੇ ਨੇ ਰਬਾਬ ਵਜਾਉਣੀ ਸ਼ੁਰੂ ਕੀਤੀ ਤਾਂ ਗੁਰੂ ਜੀ ਨੇ ਹੇਠ ਲਿਖੇ ਸ਼ਬਦ ਦਾ ਗਾਇਨ ਸ਼ੁਰੂ ਕਰ ਦਿੱਤਾ :-

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ ਰਹਾਉ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥**
**ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥੨॥**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥੩॥** ਅੰਗ: ੭੨੯

ਸ਼ਬਦ ਦੇ ਅਰੰਭ ਹੋਣ ਨਾਲ ਹੀ ਸੱਜਣ ਭਾਸ ਗਿਆ ਕਿ ਗੁਰੂ ਜੀ ਉਸ ਦੀਆਂ ਕਰਤੂਤਾਂ ਬਾਰੇ ਸਭ ਕੁਝ ਜਾਣ ਗਏ ਹਨ; ਜਿਵੇਂ ਕੈਹੇਂ ਨੂੰ ਧੋਣ ਪਿੱਛੋਂ ਵੀ ਉਸਦੇ ਅੰਦਰ ਦੀ ਕਾਲਖ ਲਹਿਣੋ ਨਹੀਂ ਹਟਦੀ, ਹਵੇਲੀਆਂ ਅਤੇ ਘਰਾਂ ਨੂੰ ਜਿੰਨਾਂ ਮਰਜੀ ਸਜਾ ਲਵੋ, ਜਦੋਂ ਢਹਿਣਗੇ ਅੰਦਰੋਂ ਖਾਲੀ ਹੀ ਦਿੱਸਣਗੇ। ਇਸੇ ਤਰ੍ਹਾਂ ਗੁਣਾਂ ਤੋਂ ਸੱਖਣੇ ਸਰੀਰ ਵੀ ਕਿਸੇ ਕੰਮ ਨਹੀਂ। ਤੀਰਥਾਂ ਉੱਪਰ ਚਿੱਟੇ ਕਪੜੇ ਪਾਉਣ ਵਾਲੇ ਸੰਤ, ਜਿਹੜੇ ਡੱਡਾਂ ਖਾਣ ਵਾਲੇ ਬਗਲਿਆਂ ਦੀ ਤਰ੍ਹਾਂ ਲੋਕਾਂ ਨੂੰ ਲੁੱਟਦੇ ਹਨ, ਉਨ੍ਹਾਂ ਨੂੰ ਭਗਤ ਨਹੀਂ ਕਿਹਾ ਜਾ ਸਕਦਾ। ਆਦਮੀ ਦੀ ਸਿਆਣਪ ਅਤੇ ਸੇਵਾ ਕਿਸੇ ਕੰਮ ਦੀ ਨਹੀਂ ਜੇ ਉਹ ਬੁਰੇ ਕੰਮਾਂ ਤੋਂ ਨਹੀਂ ਹਟਦਾ। ਨੇਕ ਬਨਣ ਲਈ ਉਸ ਮਾਲਕ ਦੇ ਆਸਰੇ ਦੀ ਲੋੜ ਹੈ।

ਸ਼ਬਦ ਦਾ ਭੋਗ ਪੈਣ ਪਿੱਛੋਂ ਸੱਜਣ ਗੁਰੂ ਜੀ ਦੇ ਚਰਨੀਂ ਢਹਿ ਪਿਆ। ਗੁਰੂ ਜੀ ਨੇ ਸਮਝਾਇਆ, "ਮਰਨ ਉਪਰੰਤ ਆਦਮੀ ਦੇ ਕਰਮ ਹੀ ਨਾਲ ਜਾਂਦੇ ਹਨ, ਧੋਖੇ ਅਤੇ ਜ਼ੁਮਲਾਂ ਨਾਲ 'ਕੱਠਾ ਕੀਤਾ ਮਾਲ-ਧਨ ਇੱਥੇ ਹੀ ਰਹਿ ਜਾਂਦਾ ਹੈ। ਗੁਰੂ ਜੀ ਦਾ ਹੁਕਮ ਮੰਨ ਕੇ ਉਸਨੇ ਆਪਣਾ ਸਾਰਾ ਧਨ ਗ਼ਰੀਬਾਂ ਵਿਚ ਵੰਡ ਦਿੱਤਾ ਅਤੇ ਅਸਲ ਅਰਥਾਂ ਵਿਚ ਸੱਜਣ ਬਣ ਗਿਆ ਅਤੇ ਆਪਣੀ ਹਵੇਲੀ ਨੂੰ ਧਰਮਸਾਲਾ ਵਿਚ ਤਬਦੀਲ ਕਰ ਦਿੱਤਾ। ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਨਾਮ-ਦਾਨ-ਇਸ਼ਨਾਨ ਕਮਾਉਣ ਲੱਗ ਪਿਆ।


Raj Singh Paul's
PENCILS 2019


## 19. ਸੂਰਜ ਗ੍ਰਹਿਣ :-

ਪੰਜਾਬ ਦਾ ਚੱਕਰ ਲਾਉਣ ਉਪਰੰਤ ਗੁਰੂ ਜੀ, ਭਾਈ ਮਰਦਾਨਾ ਨੂੰ ਨਾਲ ਲੈ ਕੇ, ਲੰਮੇ ਸਫ਼ਰਾਂ ’ਤੇ ਨਿਕਲ ਤੁਰੇ। ਇਸ ਵਾਰ ਉਨ੍ਹਾਂ ਦੇ ਮਨ ਵਿਚ ਹਿੰਦੂ ਤੀਰਥਾਂ ਦੀ ਯਾਤਰਾ ਸੀ। ਆਪ ਜੀ ਜਿਥੇ ਵੀ ਜਾਂਦੇ, ਕਿਸੇ ਤਿਉਹਾਰ (ਉਤਸਵ) ਵਾਲੇ ਦਿਨ ਜਾਂਦੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਤਕ ਆਪ ਜੀ ਦਾ ਉਪਦੇਸ਼ ਪਹੁੰਚ ਸਕੇ। ਆਪ ਲੰਮੀ ਬਹਿਸ ਵਿਚ ਨਹੀਂ ਪੈਂਦੇ ਸਨ। ਲੋਕਾਂ ਦਾ ਧਿਆਨ ਖਿੱਚਣ ਲਈ ਆਪ ਜੀ ਦਾ ਪਹਿਰਾਵਾ ਅਨੋਖਾ ਹੁੰਦਾ ਅਤੇ ਦੂਜੇ, ਆਪ ਕੋਈ ਐਸਾ ਕੰਮ ਕਰਨ ਲੱਗ ਪੈਂਦੇ ਕਿ ਲੋਕ ਦੁਆਲੇ ਆਣ ਜੁੜਦੇ। ਸੂਰਜ ਗ੍ਰਹਿਣ ਮੌਕੇ ਗੁਰੂ ਜੀ ਕੁਰੂਕਸ਼ੇਤਰ ਗਏ ਹੋਏ ਸਨ। ਉਸ ਵੇਲੇ ਲੋਕਾਂ ਦਾ ਵਿਸ਼ਵਾਸ ਸੀ ਕਿ ਸੂਰਜ ਗ੍ਰਹਿਣ ਸਮੇਂ ਦਾਨ ਦੇਣ ਨਾਲ ਅਤੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਲੋਕਾਂ ਨੇ ਮੰਗਤਿਆਂ ਨੂੰ ਦਾਨ ਦੇਣਾ ਅਤੇ ਇਸ਼ਨਾਨ ਕਰਨਾ ਅਰੰਭ ਕਰ ਦਿੱਤਾ। ਗੁਰੂ ਜੀ ਜੀ ਨੂੰ ਕਿਸੇ ਸ਼ਰਧਾਲੂ ਨੇ ਹਰਨ ਦਾ ਮਾਸ ਭੇਟ ਕੀਤਾ ਹੋਇਆ ਸੀ। ਗੁਰੂ ਜੀ ਦੇ ਕਹਿਣ ਉੱਪਰ ਭਾਈ ਮਰਦਾਨਾ ਨੇ ਅੱਗ ਬਾਲ ਕੇ ਮਾਸ ਰਿੱਝਣਾ ਧਰ ਦਿੱਤਾ। ਬ੍ਰਾਹਮਣਾਂ ਨੇ ਜਦੋਂ ਅੱਗ ਦਾ ਧੂੰਆਂ ਦੇਖਿਆ ਤਾਂ ਭੱਜੇ-ਭੱਜੇ ਗੁਰੂ ਜੀ ਪਾਸ ਆ ਕੇ ਕਹਿਣ ਲੱਗੇ ਕਿ ਇਸ ਸ਼ੁਭ ਸਮੇਂ ਕੋਈ ਅੱਗ ਨਹੀਂ ਬਾਲ ਸਕਦਾ। ਉਹਨਾਂ ਦੇ ਆਗੂ ਨਾਨੂੰ ਨੇ ਪੁੱਛਿਆ ਕਿ ਪਤੀਲੇ ਵਿਚ ਕੀ ਪਕਾ ਰਹੇ ਹੋ ? ਭਾਈ ਮਰਦਾਨੇ ਨੇ ਉੱਤਰ ਦਿੱਤਾ ਕਿ ਇਸ ਵਿੱਚ ਮਿਰਗ ਦਾ ਮਾਸ ਧਰਿਆ ਹੋਇਆ ਹੈ। ਨਾਨੂੰ ਇਹ ਗੱਲ ਸੁਣ ਕੇ ਬਹੁਤ ਗੁੱਸੇ ਹੋਇਆ।

ਗੁਰੂ ਜੀ ਨੇ ਉਹਨਾਂ ਨੂੰ ਦੱਸਿਆ ਕਿ ਪੇਟ ਦੀ ਭੁੱਖ ਦੂਰ ਕਰਨ ਲਈ ਕੁਝ ਪਕਾਉਣਾ ਅਤੇ ਖਾਣਾ ਪਾਪ ਨਹੀਂ ਹੈ। ਝੂਠ ਬੋਲ ਕੇ ਲੋਕਾਂ ਨੂੰ ਲੁੱਟਣਾ ਪਾਪ ਹੈ। ਤੁਸੀਂ ਦੱਸੋ ਪਾਪੀਆਂ ਦਾ ਪਾਪ, ਦਾਨ ਦੇਣ ਨਾਲ, ਕਿਵੇਂ ਦੂਰ ਹੋ ਸਕਦਾ ਹੈ? ਤੁਸੀਂ ਮਾਸ ਖਾਣ ਉੱਤੇ ਇਤਰਾਜ਼ ਕੀਤਾ ਹੈ। ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਮਾਸ ਕੀ ਚੀਜ਼ ਹੈ। ਗੁਰੂ ਜੀ ਨੇ ਉਸ ਵੇਲੇ ਇਕ ਲੰਮਾ ਸ਼ਬਦ ਉਚਾਰਿਆ :-

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥**
**ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥**......
......**ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥**
**ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥**
**ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥**
**ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥** ਅੰਗ: ੧੨੮੯


ਇਸ ਸ਼ਬਦ ਦਾ ਭਾਵ ਅਰਥ ਹੈ:- ਮਾਸ ਦੇ ਸਾਰੇ ਸਰੀਰ ਹਨ, ਹੱਡ ਚੰਮ ਸਭ ਮਾਸ ਹੀ ਹੈ। ਮਾਸ, ਮਾਸ ਹੀ ਖਾਂਦਾ ਹੈ। ਮਾਸ ਹੀ, ਮਾਸ ਘਰ ਵਿਆਹ ਕੇ ਲੈ ਆਉਂਦਾ ਹੈ। ਸਾਰੇ ਰਿਸ਼ਤੇਦਾਰ ਮਾਸ ਦੇ ਹੀ ਹਨ। ਵਾਹਿਗੁਰੂ ਦੀ ਬਖ਼ਸ਼ਿਸ਼ ਹੋ ਜਾਵੇ ਤਾਂ ਸਮਝ ਪੈਂਦੀ ਹੈ ਕਿ ਮਾਸ ਕੀ ਚੀਜ਼ ਹੈ । ਮਾਸ ਖਾਣ ਵਾਲਿਆਂ ਨੂੰ ਇਹ ਪਤਾ ਨਹੀਂ ਕਿ ਸਾਗ ਵੀ ਮਾਸ ਹੈ। ਇਸਤਰੀ ਮਾਸ ਹੈ। ਬਾਹਰ ਦੇ ਮਾਸ ਦੀ ਨਿੰਦਿਆ ਕਰਨ ਵਾਲੇ ਰਾਤ ਨੂੰ ਉਸਨੂੰ ਪਿਆਰ ਕਰਦੇ ਹਨ। ਬੱਚੇ ਮਾਸ ਹੀ ਹਨ। ਜੋ ਮਾਤਾ-ਪਿਤਾ ਦੇ ਮਾਸ ਤੋਂ ਬਣਦੇ ਹਨ। ਜਿੰਨ੍ਹਾਂ ਪਾਸੋਂ ਤੂੰ ਦਾਨ ਲੈਂਦਾ ਹੈਂ, ਤੇਰੇ ਹਿਸਾਬ ਨਾਲ ਇਹ ਮਾਸ ਖਾਣ ਵਾਲੇ ਨਰਕਾਂ ਵਿਚ ਜਾਣਗੇ, ਤਾਂ ਤੂੰ ਵੀ ਉਹਨਾਂ ਤੋਂ ਦਾਨ ਲੈਣ ਕਾਰਨ ਨਰਕਾਂ ਵਿਚ ਹੀ ਜਾਵੇਂਗਾ। ਸਿਰਫ਼ ਉਸ ਦਾ ਨਾਮ ਸਿਮਰਨ ਹੀ ਸਾਰੇ ਰੋਗਾਂ ਦੀ ਦਾਰੂ ਹੈ। ਕਰਮ-ਕਾਂਡ ਸਭ ਫੋਕੇ ਹਨ। ਨਾਨੂੰ ਪੰਡਤ ਨਾਲ ਚਰਚਾ ਹੋਈ ਤਾਂ ਉਸਦੀ ਨਿਸ਼ਾ ਹੋ ਗਈ । ਨਾਨੂੰ ਪੰਡਿਤ ਤੇ ਕਈ ਹੋਰ ਗੁਰੂ ਜੀ ਦੇ ਸਿੱਖ ਬਣੇ।


Raj Singh Paul's
PENCILS 2019

## 20. ਹਰਿਦੁਆਰ ਦੀ ਸਾਖੀ :-

ਤਲਵੰਡੀ ਤੋਂ ਗੁਰੂ ਜੀ ਕੀਰਤਪੁਰ ਦੇ ਰਸਤੇ ਹਰਿਦੁਆਰ ਗਏ। ਆਪ ਤੀਰਥਾਂ 'ਤੇ ਕਿਸੇ ਦਿਨ-ਦਿਹਾਰ 'ਤੇ ਹੀ ਜਾਂਦੇ ਸਨ ਤਾਂ ਜੋ ਬਹੁਤ ਸਾਰੇ ਲੋਕਾਂ ਨੂੰ ਮਿਲ ਸਕਣ। ਗੁਰੂ ਜੀ ਜਦੋਂ ਹਰਿਦੁਆਰ ਪੁੱਜੇ ਤਾਂ ਵਿਸਾਖੀ ਦਾ ਮੇਲਾ ਲੱਗਾ ਹੋਇਆ ਸੀ। ਭਾਈ ਮਰਦਾਨਾ ਦੀ ਰਬਾਬ ਨਾਲ ਜਦ ਆਪ ਜੀ ਨੇ ਸ਼ਬਦ ਗਾਇਆ ਤਾਂ ਲੋਕ ਆਲੇ-ਦੁਆਲੇ ਇਕੱਠੇ ਹੋ ਗਏ । ਫਿਰ ਆਪ ਨੇ ਗੰਗਾ ਵਿੱਚ ਇਸ਼ਨਾਨ ਕੀਤਾ। ਇਸ਼ਨਾਨ ਕਰਦੇ ਸਮੇਂ ਆਪ ਪੱਛਮ ਵੱਲ ਪਾਣੀ ਸੁੱਟਣ ਲੱਗ ਪਏ। ਲੋਕਾਂ ਨੇ ਹੈਰਾਨੀ ਨਾਲ ਪੁੱਛਿਆ ਕਿ ਓਧਰ ਪਾਣੀ ਕਿਉਂ ਸੁੱਟ ਰਹੇ ਹੋ? ਗੁਰੂ ਜੀ ਨੇ ਮੋੜਵਾਂ ਸਵਾਲ ਕੀਤਾ ਕਿ ਤੁਸੀਂ ਪੂਰਬ ਵੱਲ ਪਾਣੀ ਕਿਉਂ ਸੁੱਟ ਰਹੇ ਹੋ? ਤਾਂ ਇਕ ਭਲੇ ਪੁਰਸ਼ ਨੇ ਉੱਤਰ ਦਿੱਤਾ ਕਿ ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਗੁਰੂ ਜੀ ਨੇ ਅੱਗੋਂ ਪੁੱਛਿਆ ਕਿ ਪਿੱਤਰ ਲੋਕ ਕਿੰਨੀ ਦੂਰ ਹੈ? ਤਾਂ ਪਾਣੀ ਸੁੱਟਣ ਵਾਲੇ ਨੇ ਕਿਹਾ ਕਿ ਕਰੋੜਾਂ ਮੀਲ ਦੂਰ ਹੈ। ਇਹ ਸੁਣ ਕੇ ਗੁਰੂ ਜੀ ਜ਼ੋਰ ਨਾਲ ਪੱਛਮ ਵੱਲ ਪਾਣੀ ਸੁੱਟਣ ਲੱਗ ਪਏ। ਲੋਕਾਂ ਨੇ ਪੁੱਛਿਆ ਕਿ ਇੱਧਰ ਪਾਣੀ ਕਿਉਂ ਸੁੱਟ ਰਹੇ ਹੋ? ਗੁਰੂ ਜੀ ਦਾ ਉੱਤਰ ਸੀ ਕਿ ਲਾਹੌਰ ਵੱਲ ਮੇਰੀ ਖੇਤੀ ਬੀਜੀ ਹੋਈ ਹੈ, ਉੱਥੇ ਮੀਂਹ ਨਹੀਂ ਪਿਆ, ਇਸਲਈ ਮੈਂ ਆਪਣੇ ਖੇਤਾਂ ਵੱਲ ਪਾਣੀ ਭੇਜ ਰਿਹਾ ਹਾਂ, ਤਾਂ ਲੋਕਾਂ ਨੇ ਕਿਹਾ ਕਿ ਪਾਣੀ ਐਨੀ ਦੂਰ ਲਾਹੌਰ ਕਿਵੇਂ ਪਹੁੰਚ ਸਕਦਾ ਹੈ? ਗੁਰੂ ਜੀ ਦਾ ਉੱਤਰ ਸੀ ਕਿ ਜੇ ਪਿੱਤਰ ਲੋਕ ਨੂੰ ਕਰੋੜਾਂ ਮੀਲਾਂ 'ਤੇ ਪਾਣੀ ਪਹੁੰਚ ਸਕਦਾ ਹੈ ਤਾਂ ਮੇਰੇ ਖੇਤਾਂ ਨੂੰ ਕਿਉਂ ਨਹੀਂ ਪਹੁੰਚ ਸਕਦਾ। ਇਹ ਸੁਣ ਕੇ ਲੋਕਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਹ ਜ਼ਰੂਰ ਕੋਈ ਮਹਾਂ ਪੁਰਖ ਹਨ।

ਜਦ ਮਰਦਾਨਾ ਜੀ ਨੇ ਪੁੱਛਿਆ ਕਿ ਲੋਕੀਂ ਤੀਰਥਾਂ ਉੱਤੇ ਆ ਕੇ ਮਲ-ਮਲ ਕੇ ਇਸ਼ਨਾਨ ਕਿਉਂ ਕਰਦੇ ਹਨ, ਇਨ੍ਹਾਂ ਨੂੰ ਕੁਝ ਤਾਂ ਲਾਭ ਪਹੁੰਚਦਾ ਹੋਵੇਗਾ। ਗੁਰੂ ਜੀ ਨੇ ਸਮਝਾਇਆ ਇਹ ਨਹਾਉਣਾ-ਧੋਣਾ ਅਤੇ ਬਾਹਰ ਦੀ ਸਵੱਛਤਾ ਤਾਂ ਹੀ ਲਾਭਦਾਇਕ ਹੈ, ਜੇ ਅੰਦਰਲਾ ਮਨ ਵੀ ਸਾਫ ਹੋਵੇ, ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਮਨ ਵਿਚ ਨਾ ਹੋਵੇ। ਜੇ ਮਨ ਸਾਫ ਨਾ ਹੋਵੇ, ਤਾਂ ਤੀਰਥਾਂ ਦੇ ਇਸ਼ਨਾਨ ਵੀ ਕਰਮ-ਕਾਂਡ ਬਣ ਕੇ ਹੀ ਰਹਿ ਜਾਂਦੇ ਹਨ।


Raj Singh Paul's
PENCILS 2019

## 21. ਸੁੱਚ ਤੇ ਭਿੱਟ :-

ਹਰਿਦੁਆਰ ਵਿਖੇ ਜਦ ਲੋਕਾਂ ਦਾ ਇਹ ਭਰਮ ਤੋੜਿਆ ਕਿ ਉਨ੍ਹਾਂ ਦਾ ਸੁੱਟਿਆ ਪਾਣੀ ਕਰੋੜਾਂ ਮੀਲਾਂ ਉੱਤੇ ਨਹੀਂ ਪਹੁੰਚ ਸਕਦਾ ਤਾਂ ਲੋਕਾਂ ਦੀਆਂ ਅੱਖਾਂ ਖੁੱਲ ਗਈਆਂ ਕਿ ਬ੍ਰਾਹਮਣ ਉਨ੍ਹਾਂ ਨੂੰ ਐਵੇਂ ਭਰਮ-ਭੁਲੇਖਿਆਂ ਵਿਚ ਪਾ ਕੇ ਲੁੱਟਦੇ ਹਨ। ਸਾਰੇ ਕਰਮ-ਕਾਂਡ ਛੱਡ ਕੇ ਗੁਰੂ ਜੀ ਦੇ ਚਰਨੀਂ ਆਣ ਲੱਗੇ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਰੇ ਕਰਮ-ਕਾਂਡ ਤੇ ਵਹਿਮ-ਭਰਮ ਨਿਰੇ ਵਿਅਰਥ ਹੀ ਨਹੀਂ, ਸਗੋਂ ਹਾਨੀਕਾਰਕ ਵੀ ਹਨ। ਜੋ ਸੁੱਚੀ ਅਤੇ ਧਰਮ ਦੀ ਕਿਰਤ ਕਰਕੇ ਗੁਜਾਰਾ ਕਰਦੇ ਹਨ, ਲੋੜਵੰਦਾਂ ਦੀ, ਆਪਣੀ ਵਿੱਤ ਅਨੁਸਾਰ, ਸਹਾਇਤਾ ਵੀ ਕਰਦੇ ਹਨ ਅਤੇ ਪ੍ਰਭੂ ਦਾ ਨਾਮ ਸਿਮਰਦੇ ਹਨ, ਉਨ੍ਹਾਂ ਨੂੰ ਸਹਿਜੇ ਹੀ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ।

ਲੋਕਾਂ ਨੂੰ ਉਪਦੇਸ਼ ਦੇਣ ਉਪਰੰਤ ਜਦ ਗੁਰੂ ਜੀ ਵਾਪਿਸ ਆਪਣੀ ਰਹਿਣ ਵਾਲੀ ਥਾਂ ’ਤੇ ਆ ਰਹੇ ਸਨ ਤਾਂ ਉਨ੍ਹਾਂ ਨੇ ਰਸਤੇ ਵਿਚ ਇਕ ਬ੍ਰਾਹਮਣ ਵੇਖਿਆ, ਜੋ ਗੱਲ ਵਿਚ ਜਨੇਊ ਪਾ ਕੇ, ਮੱਥੇ ’ਤੇ ਟਿੱਕਾ ਲਾ ਕੇ ਆਪਣਾ ਭੋਜਨ ਤਿਆਰ ਕਰ ਰਿਹਾ ਸੀ। ਉਸਨੇ ਆਪਣੇ ਚੌਂਕੇ ਦੇ ਚਾਰ-ਚੁਫੇਰੇ ਇਕ ਲਕੀਰ ਮਾਰੀ ਹੋਈ ਸੀ। ਗੁਰੂ ਜੀ ਦੇ ਮਨ ਵਿਚ ਆਇਆ ਕਿ ਇਸਦਾ ਸੁੱਚ-ਭਿੱਟ ਦਾ ਭਰਮ ਦੂਰ ਕਰਨਾ ਚਾਹੀਦਾ ਹੈ। ਉਹ ਆਪਣਾ ਸਾਮਾਨ ਇਕ ਪਾਸੇ ਰੱਖ ਕੇ, ਸਹਿਜ ਸੁਭਾਅ ਹੀ ਉਸਦੇ ਚੁੱਲ੍ਹੇ-ਚੌਂਕੇ ਅੰਦਰ ਦਾਖਲ ਹੋਏ ਤੇ ਪੰਡਿਤ ਜੀ ਨੂੰ ਆਖਣ ਲੱਗੇ, ਮੈਨੂੰ ਵੀ ਥੋੜੀ ਜਿਹੀ ਅੱਗ ਦਿਓ, ਮੈਂ ਵੀ ਆਪਣਾ ਲੰਗਰ ਤਿਆਰ ਕਰਨਾ ਹੈ। ਗੁਰੂ ਜੀ ਨੂੰ ਆਪਣੇ ਚੌਂਕੇ ਅੰਦਰ ਵੇਖ ਕੇ, ਪੰਡਿਤ ਗੁੱਸੇ ਨਾਲ ਲਾਲ-ਪੀਲਾ ਹੋ ਗਿਆ ਕਿ ਤੁਸੀਂ ਮੇਰਾ ਸਾਰਾ ਚੌਂਕਾ ਅਤੇ ਖਾਣ ਸਮਗਰੀ ਭਿੱਟ ਦਿੱਤੀ ਹੈ। ਮੇਰੇ ਚੌਂਕੇ ’ਚੋਂ ਨਿਕਲ ਜਾਓ, ਨਹੀਂ ਤਾਂ ਮੈਂ ਭੱਖਦੇ ਹੋਏ ਕੋਲੇ ਤੁਹਾਨੂੰ ਮਾਰਾਂਗਾ। ਗੁਰੂ ਜੀ ਬੜੇ ਸ਼ਾਂਤ ਚਿੱਤ ਰਹੇ। ਉਸਨੂੰ ਸਮਝਾਇਆ ਕਿ ਮੈਂ ਤਾਂ ਤੁਹਾਡੀ ਕਿਸੇ ਚੀਜ ਨੂੰ ਵੀ ਹੱਥ ਨਹੀਂ ਲਾਇਆ, ਕੀ ਕੋਈ ਇਨਸਾਨ ਤੁਹਾਡੇ ਲਾਗੇ ਆ ਜਾਵੇ ਤਾਂ ਤੁਹਾਡਾ ਸਭ ਕੁਝ ਭਿੱਟਿਆ ਜਾਂਦਾ ਹੈ? ਬ੍ਰਾਹਮਣ ਹੋਰ ਕ੍ਰੋਧ ਵਿਚ ਬੋਲਿਆ, “ਮੈਂ ਉੱਚ ਜ਼ਾਤੀ ਦਾ ਬ੍ਰਾਹਮਣ ਹਾਂ। ਮੈਂ ਤੁਹਾਡੇ ਵਰਗੇ ਚੰਡਾਲਾਂ ਨੂੰ ਆਪਣੇ ਨੇੜੇ ਲਾ ਕੇ ਆਪਣਾ ਜਨਮ ਭ੍ਰਿਸ਼ਟ ਕਰ ਲਵਾਂ?”

ਇਹ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ ਕਿ “ਇਸ ਵੇਲੇ ਤੁਸੀਂ ਚੌਂਕੇ ਵਿਚ ਇਕੱਲੇ ਨਹੀਂ ਹੋ, ਤੁਹਾਡੇ ਨਾਲ ਹੋਰ ਨੀਚ ਤੋਂ ਨੀਚ ਚਾਰ ਹੋਰ ਵਿਅਕਤੀ ਵੀ ਬੈਠੇ ਹਨ।” ਇਹ ਸੁਣ ਕੇ ਬ੍ਰਾਹਮਣ ਬੌਂਦਲ ਜਿਹਾ ਗਿਆ ਤੇ ਆਖਣ ਲੱਗਾ, ਮੈਨੂੰ ਤੇ ਕੋਈ ਨਜ਼ਰ ਨਹੀਂ ਆਉਂਦਾ ਕਿ ਕਿਹੜੇ ਨੀਚ ਜਾਤੀ ਦੇ ਮਨੁੱਖ ਮੇਰੇ ਪਾਸ ਬੈਠੇ ਹਨ? ਗੁਰੂ ਜੀ ਕਹਿਣ ਲੱਗੇ ਇਹੋ ਤਾਂ ਅਸਚਰਜ ਗੱਲ ਹੈ ਕਿ ਤੁਹਾਡੇ ਅੰਦਰ ਅਗਿਆਨਤਾ ਹੀ ਅਗਿਆਨਤਾ ਭਰੀ ਪਈ ਹੈ, ਜਿਸ ਨੇ ਤੁਹਾਡੀ ਮੱਤ ਮਾਰ ਦਿੱਤੀ ਹੈ। ਭੈੜੀ ਬੁੱਧੀ ਨਾਲ ਜਿਹੜੇ ਅਸੀਂ ਨੀਚ ਕਰਮ ਕਰਦੇ ਹਾਂ, ਨੀਚ ਡੂੰਮਣੀ ਹੈ, ਜਬਰ ਜ਼ੁਲਮ ਕਸਾਇਣ ਹੈ, ਹੋਰਨਾਂ ਦੀ ਨਿੰਦਾ ਕਰਕੇ ਪਾਪਾਂ ਦੀ ਮੈਲ ਇਕੱਠੀ ਕਰਕੇ ਖਿਲਾਰਨ ਵਾਲੀ ਚੂੜ੍ਹੀ ਹੈ, ਚੌਥੇ, ਕ੍ਰੋਧ ਜਿਹੜਾ ਤੁਹਾਡੇ ਅੰਦਰ ਇਸ ਵੇਲੇ ਪਲ਼ ਕੇ ਤੁਹਾਨੂੰ ਪਾਗ਼ਲ ਕਰੀ ਬੈਠਾ ਹੈ, ਚੰਡਾਲ ਹੈ। ਪੰਡਿਤ ਜੀ, ਇਨ੍ਹਾਂ ਚਾਰ ਨੀਚਾਂ ਦੇ ਤੁਹਾਡੇ ਅੰਦਰ ਵਸਦਿਆਂ ਹੋਇਆਂ ਤੁਸੀਂ ਉੱਚੇ ਕਿਵੇਂ ਹੋ ਸਕਦੇ ਹੋ?

**ਕੁਬੁਧਿ ਡੂਮਣੀ ਕੁਦਇਆ ਕਸਾਇਣਿ**
**ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥**
**ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥** ਅੰਗ: ੯੧

ਗੁਰੂ ਜੀ ਦੀਆਂ ਗਿਆਨ ਭਰਪੂਰ ਖਰੀਆਂ-ਖਰੀਆਂ ਗੱਲਾਂ ਸੁਣ ਕੇ ਪੰਡਿਤ ਨੂੰ ਹੋਸ਼ ਆਈ ਤੇ ਉਸਨੇ ਗੁਰੂ ਜੀ ਤੋਂ ਖਿਮਾ ਮੰਗੀ। ਗੁਰੂ ਜੀ ਦੀ ਸ਼ਖ਼ਸੀਅਤ ਅਤੇ ਸਿੱਖਿਆ ਦਾ ਉਸ ਉੱਤੇ ਐਸਾ ਪ੍ਰਭਾਵ ਪਿਆ ਕਿ ਉਹ ਵਹਿਮਾਂ-ਭਰਮਾਂ ਦੀ ਜ਼ੰਜੀਰ, ਜਿਸ ਵਿਚ ਉਹ ਜਕੜਿਆ ਹੋਇਆ ਸੀ, ਤੋੜ ਕੇ ਆਜ਼ਾਦ ਹੋ ਗਿਆ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ।


Raj Singh Paul's
PENCILS 2019

## 22. ਗੋਰਖ ਮਤੇ ਤੋਂ ਨਾਨਕ ਮਤਾ :-

ਹਰਿਦੁਆਰ ਤੋਂ ਆਪ ਪੀਲੀਭੀਤੀ ਤੋਂ ਹੁੰਦੇ ਹੋਏ ਗੋਰਖਮਤੇ ਪਹੁੰਚੇ, ਜੋ ਜੋਗੀਆਂ ਦਾ ਕੇਂਦਰ ਸੀ। ਗੋਰਖਮਤਾ ਪੀਲੀਭੀਤ ਤੋਂ 20 ਕਿਲਮੀਟਰ ਦੀ ਦੂਰੀ 'ਤੇ ਹੈ। ਉੱਥੇ ਜੋਗੀ ਕਈ ਪ੍ਰਕਾਰ ਦੀ ਸਾਧਨਾ ਕਰਦੇ ਸਨ, ਜਿਸ ਕਾਰਨ ਆਮ ਲੋਕਾਂ ਵਿਚ ਇਹ ਧਾਰਨਾ ਸੀ ਕਿ ਇਹ ਜੋਗੀ ਜਿਸ ਨੂੰ ਵੀ ਵਰ ਦਿੰਦੇ ਹਨ, ਉਸ ਦੀਆਂ ਕਈ ਕੁਲਾਂ ਤਰ ਜਾਂਦੀਆਂ ਹਨ ਅਤੇ ਜਿਸ ਨੂੰ ਸਰਾਪ ਦਿੰਦੇ ਹਨ , ਉਸਦੀਆਂ ਡੁੱਬ ਜਾਂਦੀਆਂ ਹਨ। ਇਸ ਕਰਕੇ ਆਮ ਲੋਕ, ਹਰ ਹੀਲੇ ਇਨ੍ਹਾਂ ਨੂੰ ਖੁਸ਼ ਰੱਖਣ ਦੇ ਚੱਕਰ ਵਿਚ ਕਈ ਕਿਸਮ ਦੇ ਚੜ੍ਹਾਵੇ ਚੜ੍ਹਾਉਂਦੇ ਰਹਿੰਦੇ ਸਨ। ਗੁਰੂ ਜੀ ਨੂੰ ਲੋਕਾਂ ਦਾ ਸ਼ੋਸ਼ਨ ਹੁੰਦਾ ਵੇਖਕੇ ਬਹੁਤ ਬੁਰਾ ਲੱਗਾ। ਉਨ੍ਹਾਂ ਨੇ ਜੋਗੀਆਂ ਦੇ ਕੇਂਦਰ ਦੇ ਨੇੜੇ ਇਲਾਹੀ ਬਾਣੀ ਦਾ ਕੀਰਤਨ ਸ਼ੁਰੂ ਕਰ ਦਿੱਤਾ। ਝੰਗਰ ਨਾਥ ਅਤੇ ਭੰਗਰ ਨਾਥ ਜੋਗੀ ਗੁਰੂ ਜੀ ਪਾਸ ਆ ਕੇ ਕਈ ਸਵਾਲ ਕਰਨ ਲੱਗੇ। ਗੁਰੂ ਜੀ ਨੇ ਉਨ੍ਹਾਂ ਦੇ ਸਵਾਲਾਂ ਦੇ ਢੁਕਵੇਂ ਉੱਤਰ ਦਿੰਦਿਆਂ ਸਮਝਾਇਆ ਕਿ ਅਸਲ ਜੋਗੀ ਉਹ ਹੈ, ਜੋ ਸੰਸਾਰ ਵਿਚ ਰਹਿੰਦਾ ਹੋਇਆ ਵੀ ਪਰਮ-ਪਿਤਾ ਪ੍ਰਮਾਤਮਾ ਨਾਲ ਜੁੜਿਆ ਰਹੇ। ਵੱਖ-ਵੱਖ ਕਿਸਮ ਦੇ ਭੇਖ ਧਾਰਨ ਨਾਲ ਜੋਗੀ ਨਹੀਂ ਬਣ ਜਾਈਦਾ। ਮਨ ਨੂੰ ਸਿੱਧੇ ਰਸਤੇ ਪਾਉਣ ਲਈ ਪ੍ਰਮਾਤਮਾ ਨਾਲ ਜੁੜੇ ਰਹਿਣ ਦੀ ਲੋੜ ਹੈ। ਪ੍ਰਭੂ ਸਿਮਰਨ ਨਾਲ ਹੀ ਸਹਿਜ ਪ੍ਰਾਪਤ  ਕੀਤਾ ਜਾ ਸਕਦਾ ਹੈ ਕਿਉਂਕਿ ਸਾਡੇ ਸਰੀਰ ਵਿਚ ਸਹਿਜ ਦੀ ਧੁੰਨ ਸਦਾ ਹੀ ਬਣੀ ਰਹਿੰਦੀ ਹੈ। ਆਪਣੀ ਸੁਰਤ ਨੂੰ ਪ੍ਰਭੂ ਨਾਲ ਜੋੜ ਕੇ ਇਹ ਧੁੰਨ ਸੁਣੀ ਜਾ ਸਕਦੀ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਜੋਗੀਆਂ ਦੇ ਕਈ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਨ੍ਹਾਂ ਦੀ ਨਿਸ਼ਾ ਕੀਤੀ, ਜਿਸ ਕਾਰਨ ਉਹ ਗੁਰੂ ਜੀ ਦੇ ਪੱਕੇ ਸਿੱਖ ਬਣ ਗਏ ਅਤੇ ਗੋਰਖ ਮਤੀਆਂ ਦਾ ਕੇਂਦਰ ਸਿੱਖੀ ਦਾ ਕੇਂਦਰ ਬਣ ਗਿਆ, ਜਿਸਦਾ ਨਾਂ ਗੋਰਖ ਮਤਾ ਤੋਂ ਨਾਨਕ ਮਤਾ ਵਿਚ ਬਦਲ ਗਿਆ।

ਜੋਗੀਆਂ ਨਾਲ ਵਾਰਤਾਲਾਪ ਕਰਨ ਉਪਰੰਤ ਗੁਰੂ ਜੀ ਨੇ ਹਿਮਾਲਿਆ ਪਰਬਤ ਦਾ ਰੁੱਖ ਕੀਤਾ। ਰਸਤੇ ਵਿਚ ਇਕ ਰੀਠੇ ਦੇ ਦਰਖ਼ਤ ਹੇਠ ਆਰਾਮ ਕਰਨ ਲਈ ਡੇਰਾ ਲਾਇਆ। ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ, "ਜੇ ਮੈਨੂੰ ਆਗਿਆ ਦਿਓ ਤਾਂ ਮੈਂ ਜੰਗਲ ਵਿਚੋਂ ਲੱਭ ਕੇ ਫਲ, ਆਦਿ, ਖਾ ਆਵਾਂ।" ਗੁਰੂ ਜੀ ਨੇ ਰੀਠੇ ਦੇ ਦਰਖ਼ਤ ਦੀ ਇਕ ਟਹਿਣੀ ਵੱਲ ਇਸ਼ਾਰਾ ਕੀਤਾ ਤੇ ਆਖਿਆ ਇਹ ਰੀਠੇ ਖਾ ਲੈ। ਭਾਈ ਮਰਦਾਨੇ ਨੇ ਉਸ ਟਹਿਣੀ ਦੇ ਸਾਰੇ ਰੀਠੇ ਤੋੜ ਕੇ ਖਾ ਲਏ, ਜੋ ਮਿੱਠੇ ਸਨ। ਪਰ ਜਦੋਂ ਕਿਸੇ ਹੋਰ ਟਹਿਣੀ ਦਾ ਰੀਠਾ ਖਾਦਾ ਤਾਂ ਉਹ ਅਤੀ ਕੌੜਾ ਸੀ। ਇਹ ਦਰਖ਼ਤ ਹਾਲੇ ਤਕ ਕਾਇਮ ਹੈ। (ਇਸ ਥਾਂ 'ਤੇ ਗੁਰਦੁਆਰਾ ਰੀਠਾ ਸਾਹਿਬ ਸੁਸ਼ੋਭਿਤ ਹੈ।)


Raj Singh Paul's
PENCILS 2019


## 23. ਬਨਾਰਸ ਦੇ ਵਿਦਵਾਨ ਪੰਡਿਤ ਚਤੁਰ ਦਾਸ ਨੂੰ ਉਪਦੇਸ਼ :-

ਗੁਰੂ ਜੀ ਤੇ ਭਾਈ ਮਰਦਾਨਾ ਵੱਖ-ਵੱਖ ਥਾਵਾਂ 'ਤੇ ਜੀਆਂ ਦਾ ਉਧਾਰ ਕਰਦੇ ਹੋਏ ਬਨਾਰਸ ਪਹੁੰਚੇ। ਜਿਸਨੂੰ ਕਾਂਸ਼ੀ, ਅਰਥਾਤ, ਵਿੱਦਿਆ ਦਾ ਕੇਂਦਰ ਮੰਨਿਆ ਜਾਂਦਾ ਸੀ। ਉਥੇ ਇਕ ਮਸ਼ਹੂਰ ਚੌਂਕ ਵਿਚ ਬੈਠ ਗਏ। ਗੁਰੂ ਜੀ ਅਜੀਬ ਕਿਸਮ ਦੇ ਲਿਬਾਸ ਵਿਚ ਸਨ, ਜੋ ਲੋਕਾਂ ਦੀ ਖਿੱਚ ਪ੍ਰਾਪਤ ਕਰਨ ਲਈ ਉਹ ਆਮ ਹੀ ਪਹਿਨਦੇ ਸਨ। ਇਸ ਲਿਬਾਸ ਤੋਂ ਇਹ ਨਹੀਂ ਸੀ ਪਤਾ ਲਗਦਾ ਕਿ ਉਹ ਕਿਸ ਧਰਮ ਜਾਂ ਫਿਰਕੇ ਨਾਲ ਸੰਬੰਧਤ ਸਨ। ਲੋਕੀਂ ਉਨ੍ਹਾਂ ਦੇ ਦੁਆਲੇ ਇਕੱਠੇ ਹੋਣ ਲੱਗੇ। ਜਦ ਗੁਰੂ ਜੀ ਬਾਰੇ ਕੁਝ ਵਿਦਵਾਨ ਪੰਡਿਤਾਂ ਨੂੰ ਪਤਾ ਲੱਗਾ, ਤਾਂ ਉਹ ਵੀ ਉੱਥੇ ਪਹੁੰਚ ਗਏ। ਇਨ੍ਹਾਂ ਦਾ ਆਗੂ ਪੰਡਿਤ ਚਤੁਰਦਾਸ ਸੀ। ਗੁਰੂ ਜੀ ਪਾਸ ਆ ਕੇ ਆਖਣ ਲੱਗਾ ਕਿ ਤੁਸੀਂ ਨਾ ਤਾਂ ਕੋਈ ਮੁਸਲਮਾਨ ਫ਼ਕੀਰ ਲਗਦੇ ਹੋ ਅਤੇ ਨਾ ਹੀ ਕੋਈ ਹਿੰਦੂ ਸਾਧੂ, ਫਿਰ ਤੁਸੀਂ ਕਿਸ ਤਰ੍ਹਾਂ ਦੇ ਸੰਤ ਹੋ? ਤੁਲਸੀ ਦੀ ਮਾਲਾ ਤੇ ਸਾਲਿਗਰਾਮ ਵੀ ਤੁਹਾਡੇ ਪਾਸ ਨਹੀਂ ਹਨ।

ਗੁਰੂ ਜੀ ਨੇ ਪੰਡਿਤ ਨੂੰ ਸਮਝਾਇਆ ਕਿ ਤੁਸੀਂ ਜੋ ਇਹ ਧਰਮ ਦੀਆਂ ਨਿਸ਼ਾਨੀਆਂ, ਆਦਿ ਦਸਦੇ ਹੋ, ਇਹ ਸਭ ਵਿਅਰਥ ਹਨ। ਜੇ ਤੁਸੀਂ ਪ੍ਰਭੂ ਦੀ ਭਗਤੀ ਅਤੇ ਨੇਕ ਕਰਮ ਕਰੋ ਤਾਂ ਤੁਹਾਨੂੰ ਇਨ੍ਹਾਂ ਨਿਸ਼ਾਨੀਆਂ ਦੀ ਲੋੜ ਨਹੀਂ ਪਵੇਗੀ। ਜਦੋਂ ਤੁਸੀਂ ਰਾਮ ਨਾਮ ਜਪੋਗੇ ਤਾਂ ਪ੍ਰਭੂ ਅੱਗੇ ਬੇਨਤੀ ਕਰੋਗੇ ਕਿ ਤੁਹਾਡੇ ਉੱਤੇ ਕਿਰਪਾ ਕਰਨ ਤਾਂ ਤੁਹਾਨੂੰ ਕਿਸੇ ਪਹਿਰਾਵੇ ਜਾਂ ਪੱਥਰ ਪੂਜਨ ਦੀ ਲੋੜ ਨਹੀਂ ਰਹੇਗੀ। ਜੇ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਕ-ਮਨ ਇਕ-ਚਿੱਤ ਹੋ ਕੇ ਸੇਵਾ ਅਤੇ ਸਿਮਰਨ ਕਰਦੇ ਜਾਓ ਤਾਂ ਪ੍ਰਭੂ ਕਿਰਪਾ ਤੁਹਾਡੇ ਉੱਤੇ ਆਪਣੇ ਆਪ ਹੀ ਹੋ ਜਾਵੇਗੀ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਾਬੂ ਵਿਚ ਰੱਖਣ ਦਾ ਅਭਿਆਸ ਕਰੋ। ਇਸ ਤਰ੍ਹਾਂ ਦੀ ਮਨ ਨੂੰ ਕਾਬੂ 'ਚ ਰੱਖ ਕੇ ਕੀਤੀ ਸੇਵਾ ਤੇ ਸਿਮਰਨ ਅਜਾਈਂ ਨਹੀਂ ਜਾਣਗੇ।

ਗੁਰੂ ਜੀ ਵੱਲੋਂ ਦਿੱਤਾ ਗਿਆ ਉਪਦੇਸ਼, ਇਨ੍ਹਾਂ ਵਿਦਵਾਨ ਪੰਡਿਤਾਂ ਨੂੰ ਬੜਾ ਅਜੀਬ ਭਾਸਿਆ। ਖ਼ੈਰ, ਪੰਡਿਤ ਚਤੁਰਦਾਸ ਗੁਰੂ ਦੇ ਗਿਆਨ ਭਰਪੂਰ ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ ਤੇ ਗੁਰੂ ਜੀ ਦੇ ਚਰਨਾਂ ਉੱਤੇ ਮੱਥਾ ਟੇਕਦਾ ਹੋਇਆ ਬੋਲਿਆ, "ਮੈਨੂੰ ਹੁਣ ਪਤਾ ਲੱਗਾ ਹੈ ਕਿ ਤੁਸੀਂ ਕਿਸੇ ਫ਼ਿਰਕੇ ਨਾਲ ਸੰਬੰਧਤ ਨਹੀਂ ਹੋ। ਤੁਸੀਂ ਤਾਂ ਆਪ ਹੀ ਹਰੀ ਰੂਪ ਹੋ।"

ਗੁਰੂ ਜੀ ਜਿਨਾਂ ਚਿਰ ਬਨਾਰਸ ਰਹੇ ਸਭ ਨੂੰ ਨਾਮ-ਸਿਮਰਨ ਦਾ ਅਤੇ ਲੋਕ ਭਲਾਈ ਦੇ ਕੰਮ ਕਰਨ ਦਾ ਹੀ ਉਪਦੇਸ਼ ਦਿੰਦੇ ਰਹੇ।


Raj Singh Paul's
PENCILS 2019

## 24. ਸਮਕਾਲੀ ਭਗਤਾਂ ਦਾ ਮੇਲ :-

ਜਦੋਂ ਗੁਰੂ ਜੀ ਨੇ ਬਨਾਰਸ ਦੇ ਪੰਡਿਤ ਚਤੁਰ ਦਾਸ ਨੂੰ ਉਪਦੇਸ਼ ਦਿੱਤਾ, ਪ੍ਰੋ. ਸਤਿਬੀਰ ਸਿੰਘ ਅਨੁਸਾਰ, ਗੁਰੂ ਜੀ ਦੀ ਮਹਿਮਾ ਚਾਰੇ ਪਾਸੇ ਫੈਲ ਗਈ ਅਤੇ ਉਨ੍ਹਾਂ ਬਾਰੇ ਇਹ ਆਖਿਆ ਜਾਣ ਲੱਗ ਪਿਆ ਕਿ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਸੰਤੋਖ ਮਿਲ ਜਾਂਦਾ ਹੈ। ਗੁਰੂ ਅਜਿਹਾ ਸੂਰਜ ਹੈ, ਜੋ ਦੰਭ ਦੇ ਹਨੇਰੇ ਨੂੰ ਦੂਰ ਕਰਕੇ ਚਾਨਣ ਕਰਦਾ ਹੈ।

ਇਨ੍ਹਾਂ ਦਿਨਾਂ ਵਿਚ ਹੀ ਇਲਾਕੇ ਦੇ ਪ੍ਰਸਿੱਧ ਸਮਕਾਲੀ ਭਗਤ, ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਕਹਿਣ ਲੱਗੇ, "ਨਾਨਕ ਐਸਾ ਹੈ, ਜੋ ਕਿਸੀ ਬਾਤ ਕਾ ਦਾਅਵਾ ਨਹੀਂ ਧਰਦਾ, ਨਾ ਕਮਾਈ ਕਾ, ਨਾ ਭਗਤੀ ਕਾ, ਨਾ ਸਿਮਰਨ ਕਾ, ਨਾ ਜਪ ਕਾ, ਨਾ ਤਪ ਕਾ, ਨਾ ਧਰਮ ਕਾ, ਨਾ ਪੁੰਨ ਕਾ, ਨਾ ਇਸ਼ਨਾਨ ਕਾ, ਨਾ ਸੀਲ ਕਾ, ਨਾ ਸੰਯਮ ਕਾ, ਨਾ ਜੁਗਤ ਕਾ, ਨਾ ਰਹਿਤ ਕਾ, ਨਾ ਨਾਮ ਕਾ, ਨਾ ਕਾਹੂੰ ਸੇਵਾ ਕਾ, ਆਪਣੇ ਆਪ ਨੂੰ ਕੀਟ ਕਰ ਜਾਣਤਾ ਹੈ ਅਰ ਕਰਨਹਾਰ ਉਸ ਕਉ ਪਛਾਨਤਾ ਹੈ। ਕਰਮ ਕਰਿ-ਕਰਿ ਨਿਹਕਰਮ ਆਪਣੇ ਆਪ ਕੋ ਜਾਨਤਾ ਹੈ।" ਭਗਤਾਂ ਨੇ ਜਦ ਪੁੱਛਿਆ ਕਿ ਉਨ੍ਹਾਂ ਕੈਸੇ ਪਾਇਆ ਤਾਂ ਗੁਰੂ ਜੀ ਨੇ ਕਿਹਾ :-

**ਹਉ ਹੋਵੇ ਤਾਂ ਉਹ ਨਾਹੀਂ। ਉਸ ਸਾਥਿ ਜ਼ੋਰ ਕਿਛੁ ਨਾਹੀਂ ਚਲਤਾ।**
**ਸਿਫਤ ਨਾਲ ਹੀ ਸਿਫਤ ਵਿਚ ਸਮਾ ਸਕੀਦਾ ਹੈ। 'ਸਿਫਤੀ ਸਿਫਤਿ ਸਮਾਇ'।**

ਉਨ੍ਹਾਂ ਸਾਰਿਆਂ ਨੇ ਗੁਰੂ ਜੀ ਦੇ ਬਚਨ ਸੁਣ ਕੇ ਕਿਹਾ :-

**'ਕਲਿ ਵਿਖੇ ਤੇਰਾ ਪੰਥ ਚਲੇਗਾ, ਤਿਹ ਲੋਅ ਮਹਿ ਨਾਨਕ ਹੀ ਨਾਨਕ ਹੋਇ ਜਾਇਗਾ।'**


ਬਨਾਰਸ ਦਾ ਰਾਜਾ ਸ਼ਿਵਨਾਥ ਵੀ ਆਇਆ, ਉਸਨੇ ਸੰਸਾਰ ਤਿਆਗਣ ਦੀ ਗੱਲ ਕਹੀ ਤਾਂ ਗੁਰੂ ਜੀ ਨੇ ਫੁਰਮਾਇਆ :-

ਸਾਡਾ ਰਾਹ ਸੰਸਾਰ ਛੱਡਣ ਵਾਲਾ ਨਹੀਂ। ਸਾਡਾ ਮੱਤ ਹੈ ਕਿ ਤੂੰ ਰਾਜ ਕਰਦਿਆਂ ਹੀ ਪਰਮ ਪਦ ਪਾ ਲਵੇਂ। ਨਾਮ, ਦਾਨ, ਸੀਲ, ਸੰਯਮ, ਦਇਆ, ਭਾਉ, ਗ਼ਰੀਬੀ ਧਾਰਨ ਕਰਕੇ ਆਪਣੀ ਪਰਜਾ ਦੀ ਸੇਵਾ ਕਰੇਂ ਤਾਂ 'ਰਾਜ ਮਹਿਂ ਹੀ ਮੁਕਤਾ ਹੋਇ'।

ਗਿਆਨੀ ਗਿਆਨ ਸਿੰਘ ਅਨੁਸਾਰ ਭਗਤ ਰਵੀਦਾਸ ਜੀ ਵੀ ਗੁਰੂ ਜੀ ਨੂੰ ਉਥੇ ਮਿਲੇ। ਭਗਤ ਕਬੀਰ ਜੀ ਨੂੰ, ਗੁਰੂ ਜੀ ਮਗਹਰ ਜਾ ਕੇ ਮਿਲੇ। ਭਗਤ ਕਬੀਰ ਜੀ ਨੇ ਨਿਮਰਤਾ ਵਿਚ ਕਿਹਾ, "ਰਾਖਿ ਲੇਹੁ ਹਮ ਤੇ ਬਿਗਰੀ" (ਮੈਥੋਂ ਹੋਈਆਂ ਭੁੱਲਾਂ ਬਖ਼ਸ਼ ਦਿਓ) ਤਾਂ ਗੁਰੂ ਸਾਹਿਬ ਜੀ ਨੇ ਉੱਤਰ ਦਿੱਤਾ, "ਕਬੀਰ! ਪ੍ਰੇਮ ਭਗਤ ਮਹਿ ਤੁਮ ਗੰਭੀਰ (ਕਬੀਰ ਜੀ ਪ੍ਰੇਮਾ ਭਗਤੀ ਵਿਚ ਆਪ ਨਿਪੁੰਨ ਹੋ)।" ਭਗਤ ਕਬੀਰ ਜੀ ਪਾਸ ਗੁਰੂ ਜੀ ਸੱਤ ਦਿਨ ਰਹੇ। ਗੁਰੂ ਜੀ ਦੀ ਸਿੱਖਿਆ ਦਾ ਨਿਚੋੜ ਸੀ ਕਿ ਕਲਯੁੱਗ ਵਿਚ :-

**ਅਵਰ ਨ ਅਉਖਧ ਤੰਤੁ ਨ ਮੰਤਾ॥**
**ਹਰਿ ਹਰਿ ਸਿਮਰਨ ਕਿਲਵਿਖ ਹੰਤਾ॥** ਅੰਗ: ੪੧੬

ਦੁੱਖਾਂ ਦਾ ਨਾਸ ਕਰਨ ਲਈ ਹਰੀ ਦੇ ਸਿਮਰਨ ਬਿਨਾਂ ਹੋਰ ਕੋਈ ਦਵਾਈ ਜਾਂ ਤੰਤਰ-ਮੰਤਰ ਵਿਅਰਥ ਹਨ।


Raj Singh Paul's
PENCILS 2019


## 25. ਗਯਾ ਵਿਖੇ ਪਾਂਡਿਆਂ ਨੂੰ ਉਪਦੇਸ਼ :-

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਗੁਰੂ ਜੀ ਇਸ ਜਗਤ ਫੇਰੀ ਦੌਰਾਨ ਪ੍ਰਸਿੱਧ ਹਿੰਦੂ ਕੇਂਦਰਾਂ ਦੀ ਯਾਤਰਾ ਕਰ ਰਹੇ ਸਨ। ਬਨਾਰਸ ਤੋਂ ਗੁਰੂ ਜੀ ਤੇ ਭਾਈ ਮਰਦਾਨਾ, ਸਿੱਖੀ ਦਾ ਪ੍ਰਚਾਰ ਕਰਦੇ-ਕਰਦੇ, ਗਯਾ ਪਹੁੰਚ ਗਏ ਜੋ ਹਿੰਦੂਆਂ ਅਤੇ ਬੋਧੀਆਂ ਦਾ ਕੇਂਦਰ ਸੀ ਅਤੇ ਜਿੱਥੇ, ਇਕ ਰਵਾਇਤ ਅਨੁਸਾਰ, ਮਹਾਤਮਾ ਗੌਤਮ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ।

ਬ੍ਰਾਹਮਣਾਂ ਨੇ ਬੋਧੀਆਂ ਦੇ ਮੁਕਾਬਲੇ ਇਕ ਪੱਕਾ ਥੜ੍ਹਾ ਬਣਾਇਆ ਹੋਇਆ ਸੀ, ਜਿਥੇ ਬਹਿ ਕੇ ਉਹ ਦਾਅਵਾ ਕਰਦੇ ਸਨ ਕਿ ਉਹ ਹਿੰਦੂਆਂ ਦੇ ਪਿੱਤਰਾਂ ਦੀਆਂ ਸੱਤ ਕੁਲਾਂ ਨੂੰ ਮੁਕਤੀ ਦਿਵਾ ਸਕਦੇ ਹਨ। ਉਹ ਇਹ ਵੀ ਆਖਦੇ ਸਨ ਕਿ ਉਹ ਇਨ੍ਹਾਂ ਦੇ ਪਿੱਤਰਾਂ ਨੂੰ ਖਾਣ ਵਾਲੇ ਵਧੀਆ ਪਦਾਰਥ ਵੀ ਭੇਜ ਸਕਦੇ ਹਨ, ਦੀਵਿਆਂ ਨਾਲ ਉਨ੍ਹਾਂ ਦੇ ਔਝੜੇ ਰਾਹਵਾਂ ਨੂੰ ਰੁਸ਼ਨਾ ਸਕਦੇ ਹਨ। ਇਹੋ ਜਿਹੀਆਂ ਝੂਠੀਆਂ ਗੱਲਾਂ ਵਿਚ ਉਹ ਲੋਕਾਂ ਨੂੰ ਉਲਝਾ ਕੇ ਚੋਖਾ ਧਨ ਲੁੱਟਦੇ ਸਨ।

ਗੁਰੂ ਜੀ ਤੇ ਭਾਈ ਮਰਦਾਨਾ ਵੀ ਉੱਥੇ ਪਹੁੰਚ ਗਏ। ਜਦ ਗੁਰੂ ਜੀ ਨੇ ਉਨ੍ਹਾਂ ਦੀਆਂ ਲੋਕਾਂ ਨੂੰ ਭਰਮਾਉਣ ਵਾਲੀਆਂ ਗੱਲਾਂ ਸੁਣੀਆਂ ਤਾਂ ਗੁਰੂ ਜੀ ਖਿੜ-ਖਿੜਾ ਕੇ ਹੱਸਣ ਲੱਗੇ। ਇਸ ਤਰ੍ਹਾਂ ਪਾਂਡੇ ਆਪਣਾ ਮਜ਼ਾਕ ਉਡਦਾ ਵੇਖ ਕੇ ਗੁਰੂ ਜੀ ਦੁਆਲੇ ਇਕੱਠੇ ਹੋ ਗਏ ਅਤੇ ਪੁੱਛਣ ਲੱਗੇ ਕਿ ਆਪ ਇਸ ਤਰ੍ਹਾਂ ਹੱਸ ਕੇ ਸਾਡੀ ਖਿੱਲੀ ਕਿਉਂ ਉਡਾ ਰਹੇ ਹੋ? ਗੁਰੂ ਜੀ ਨੇ ਆਖਿਆ ਕਿ ਤੁਸੀਂ ਕਿਉਂ ਐਨੀਆਂ ਝੂਠੀਆਂ ਪਰ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਲੋਕਾਂ ਨੂੰ ਠੱਗ ਰਹੇ ਹੋ? ਤੁਹਾਡੀਆਂ ਗੱਲਾਂ ਨਿਰੀਆਂ ਹਾਸੋ-ਹੀਣੀਆਂ ਹੀ ਨਹੀਂ ਸਗੋਂ ਮੂਰਖਤਾ-ਭਰੀਆਂ ਵੀ ਹਨ। ਕਦੀ ਮਰੇ ਹੋਏ ਮਨੁੱਖ ਨੂੰ ਵੀ ਖੁਰਾਕ ਦੀ ਲੋੜ ਹੁੰਦੀ ਹੈ? ਜਦੋਂ ਕੋਈ ਜੀਵ ਬੀਮਾਰ ਹੁੰਦਾ ਹੈ, ਕਈ ਵਾਰ ਉਹ ਬੀਮਾਰੀ ਦੌਰਾਨ ਹੀ ਖਾਣਾ-ਪੀਣਾ ਛੱਡ ਦਿੰਦਾ ਹੈ। ਜਦ ਉਸਦੇ ਸਰੀਰ ਵਿਚੋਂ ਜਾਨ ਨਿਕਲ ਜਾਂਦੀ ਹੈ ਤਾਂ ਉਹ ਜਿੰਨਾਂ ਤੱਤਾਂ ਦਾ ਬਣਿਆ ਹੁੰਦਾ ਹੈ, ਉਨ੍ਹਾਂ ਵਿਚ ਮੁੜ ਤਬਦੀਲ ਹੋਣ ਜੋਗਾ ਹੀ ਰਹਿ ਜਾਂਦਾ ਹੈ। ਉਸ ਦੁਆਰਾ ਕੋਈ ਚੀਜ਼ ਖਾਣ-ਪੀਣ ਦੀ ਗੱਲ ਕਰਨਾ ਨਿਰਾ ਅਸੰਭਵ ਹੀ ਨਹੀਂ, ਸਗੋਂ ਹਾਸੋ-ਹੀਣਾ ਵੀ ਹੈ। ਤੁਸੀਂ ਉਨ੍ਹਾਂ ਤਕ ਕਈ ਕਿਸਮ ਦੀਆਂ ਵਸਤਾਂ ਅਤੇ ਵਸਤਰ, ਆਦਿ ਪਹੁੰਚਾਉਣ ਦੀ ਗੱਲ ਕਰਦੇ ਹੋ, ਪਹਿਲਾਂ ਮੈਨੂੰ ਇਹ ਤਾਂ ਦੱਸੋ ਕਿ ਉਹ ਕਿਹੜੇ ਮੰਡਲ ਵਿਚ ਰਹਿੰਦੇ ਹਨ? ਕੀ ਉਹ ਮਰਨ ਲੱਗੇ ਤੁਹਾਨੂੰ ਆਪਣਾ ਸਿਰਨਾਵਾਂ ਦੇ ਕੇ ਗਏ ਹਨ? ਜੇ ਤੁਸੀਂ ਐਨੇ ਹੀ ਜਾਣੀ-ਜਾਨ ਹੋ ਤਾਂ ਹੁਣ ਮੈਨੂੰ ਦੱਸੋ ਕਿ ਮੇਰੀ ਪਹਿਲੀ ਪੀੜ੍ਹੀ ਦੇ ਪਿੱਤਰ ਕਿੱਥੇ ਹਨ? ਤੁਹਾਨੂੰ ਉਨ੍ਹਾਂ ਬਾਰੇ ਰਤਾ ਵੀ ਪਤਾ ਨਹੀਂ ਹੈ। ਬ੍ਰਹਮੰਡ ਵਿਚ ਤਿੰਨ ਮੰਡਲ ਜਾਂ ਕੋਈ ਹੋਰ ਗਿਣਤੀ ਦੇ ਮੰਡਲ ਨਹੀਂ ਹਨ, ਉਥੇ ਤਾਂ ਲੱਖਾਂ, ਕਰੋੜਾਂ ਹੀ ਆਕਾਸ਼ ਤੇ ਪਾਤਾਲ ਹਨ, ਜਿਨ੍ਹਾਂ ਦੀ ਗਿਣਤੀ ਕਰਨੀ ਵੀ ਸੰਭਵ ਨਹੀਂ ਹੈ। ਇਸਲਈ ਅੱਗੋਂ ਆਪਣੀ ਮੌਤ ਨੂੰ ਯਾਦ ਰੱਖੋ। ਇਕ ਦਿਨ ਤੁਸੀਂ ਵੀ ਮਰ ਜਾਣਾ ਹੈ। ਲੋਕਾਂ ਨਾਲ ਠੱਗੀ ਮਾਰਨੀ ਬੰਦ ਕਰ ਦਿਓ ਅਤੇ ਸੱਚੀ-ਸੁੱਚੀ ਕਿਰਤ ਕਰੋ। ਉਸ ਅਕਾਲਪੁਰਖ ਦੀ ਕੀਰਤੀ ਕਰੋ ਤੇ ਇਸ ਤਰ੍ਹਾਂ ਆਪਣੀ ਮਿਹਨਤ ਦੀ ਕਮਾਈ ਵਿਚੋਂ ਕਿਸੇ ਲੋੜਵੰਦ ਦੀ ਸਹਾਇਤਾ ਕਰੋ ਤਾਂ ਹੀ ਤੁਹਾਡਾ ਮਰਨਾ ਸਹਿਲਾ ਹੋਵੇਗਾ ਅਤੇ ਤੁਹਾਨੂੰ ਫਿਰ ਕਿਸੇ ਚੀਜ਼ ਦੀ ਤ੍ਰਿਸ਼ਨਾ, ਭੁੱਖ ਨਹੀਂ ਰਹੇਗੀ।

ਬ੍ਰਾਹਮਣਾਂ ਦਾ ਪਾਜ ਖੁੱਲ੍ਹ ਗਿਆ ਤੇ ਸ਼ਰਮਸਾਰ ਵੀ ਹੋ ਗਏ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਵਚਨ ਦਿੱਤਾ ਕਿ ਉਹ ਅੱਗੇ ਤੋਂ ਇਸ ਝੂਠ, ਫਰੇਬ ਦੀ ਜ਼ਿੰਦਗੀ ਤੋਂ ਤੌਬਾ ਕਰਨਗੇ।



Raj Singh Paul's
PENCILS 2019

## 26. ਅਨਮੋਲ ਹੀਰਾ ਤੇ ਸਾਲਿਸ ਰਾਇ ਜੌਹਰੀ :-

ਬੋਧ ਗਯਾ ਦੀ ਫੇਰੀ ਤੋਂ ਬਾਅਦ ਗੁਰੂ ਜੀ ਥਾਂ-ਥਾਂ 'ਤੇ ਉਪਦੇਸ਼ ਕਰਦੇ ਪਟਨਾ ਸ਼ਹਿਰ ਵਿਖੇ ਪਹੁੰਚ ਗਏ ਅਤੇ ਗੰਗਾ ਨਦੀ ਜੋ ਪਟਨਾ ਸ਼ਹਿਰ ਦੇ ਕੋਲੋਂ ਦੀ ਵਗਦੀ ਹੈ ਦੇ ਕਿਨਾਰੇ 'ਤੇ ਜਾ ਡੇਰਾ ਲਾਇਆ। ਉਨ੍ਹਾਂ ਦਿਨਾਂ ਵਿਚ ਪਟਨਾ ਸ਼ਹਿਰ ਵਿਖੇ ਬੜਾ ਵੱਡਾ ਮੇਲਾ ਲੱਗਾ ਹੋਇਆ ਸੀ ਅਤੇ ਹਜ਼ਾਰਾਂ ਲੋਕ ਗੰਗਾ ਨਦੀ ਵਿਚ ਇਸ਼ਨਾਨ ਕਰ ਰਹੇ ਸਨ। ਗੁਰੂ ਜੀ ਵੀ ਆਪਣੇ ਨਦੀ ਕਿਨਾਰੇ ਡੇਰੇ ਵਿਚ ਬੈਠੇ ਕੀਰਤਨ ਕਰ ਰਹੇ ਸਨ। ਮੇਲੇ ਦੀ ਭੀੜ ਵਿਚੋਂ ਕਾਫ਼ੀ ਲੋਕ ਗੁਰੂ ਜੀ ਦੇ ਕੀਰਤਨ ਨਾਲ ਨਿਹਾਲ ਹੋ ਰਹੇ ਸਨ। ਇਕ ਦਿਨ ਮਰਦਾਨੇ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਮੈਂ ਚਾਹੁੰਦਾ ਹਾਂ ਕਿ ਕੁਝ ਰੁਪਏ-ਪੈਸੇ ਮੇਰੇ ਕੋਲ ਹੋਣ ਤਾਂ ਮੈਂ ਸ਼ਹਿਰ ਵਿਚੋਂ ਕੁਝ ਚੀਜ਼ਾਂ ਖਾਣ-ਪਹਿਨਣ ਵਾਸਤੇ ਖ਼ਰੀਦ ਲਿਆਵਾਂ। ਗੁਰੂ ਜੀ ਨੇ ਇਕ ਹੀਰਾ ਕੱਢ ਕੇ ਦਿੱਤਾ ਤੇ ਆਖਿਆ ਕਿ ਇਸਦਾ ਮੁੱਲ ਵੱਟ ਕੇ ਜੋ ਰਕਮ ਪ੍ਰਾਪਤ ਹੋਵੇ ਉਸ ਨਾਲ ਜੋ ਦਿਲ ਚਾਹੇ ਖਰੀਦ ਲੈਣਾ।

ਭਾਈ ਮਰਦਾਨਾ ਹੀਰਾ ਲੈ ਕੇ ਬਜ਼ਾਰ ਚਲਾ ਗਿਆ ਅਤੇ ਵੱਖ-ਵੱਖ ਦੁਕਾਨਦਾਰਾਂ ਨੂੰ ਉਸ ਹੀਰੇ ਬਦਲੇ ਕੁਝ ਚੀਜ਼ਾਂ ਖਰੀਦਣ ਦੀ ਗੱਲ ਕਰਦਾ ਰਿਹਾ ਪਰ ਸਭ ਨੇ ਇਹੀ ਜਵਾਬ ਦਿੱਤਾ ਕਿ ਇਹ ਰੰਗਦਾਰ ਪੱਥਰ ਉਹਨਾਂ ਦੇ ਕਿਸੇ ਕੰਮ ਨਹੀਂ। ਅਜਿਹੇ ਜਵਾਬ ਸੁਣ ਕੇ ਭਾਈ ਮਰਦਾਨਾ ਬਹੁਤ ਨਿਰਾਸ ਹੋਇਆ। ਆਖ਼ਰ ਉਸਨੂੰ ਕਿਸੇ ਭਲੇ ਪੁਰਸ਼ ਨੇ ਸ਼ਹਿਰ ਦੇ ਮੰਨੇ-ਪ੍ਰਮੰਨੇ ਜੌਹਰੀ ਸਾਲਿਸ ਰਾਇ ਦੀ ਦੱਸ ਪਾਈ ਕਿ ਉਹ ਹੀਰਿਆਂ ਬਾਰੇ ਕਾਫ਼ੀ ਜਾਣਕਾਰੀ ਰੱਖਦਾ ਹੈ ਤੇ ਤੁਹਾਡੇ ਹੀਰੇ ਦਾ ਵੀ ਉਹ ਵਾਜਬ ਮੁੱਲ ਪਾ ਦੇਵੇਗਾ।

ਇਹ ਸੁਣ ਕੇ ਭਾਈ ਮਰਦਾਨਾ ਸਾਲਿਸ ਰਾਇ ਜੌਹਰੀ ਨੂੰ ਜਾ ਮਿਲਿਆ ਅਤੇ ਉਸਨੂੰ ਹੀਰਾ ਖਰੀਦਣ ਲਈ ਬੇਨਤੀ ਕੀਤੀ । ਪ੍ਰੰਤੂ ਹੀਰਾ ਐਨਾ ਅਨਮੋਲ ਸੀ ਕਿ ਸਾਲਿਸ ਰਾਇ ਨੇ ਜਦ ਉਸਨੂੰ ਚੰਗੀ ਤਰ੍ਹਾਂ ਵੇਖਿਆ, ਪਰਖਿਆ ਤਾਂ ਉਸਨੇ ਆਖਿਆ, "ਇਹ ਹੀਰਾ ਬਹੁਤ ਕੀਮਤੀ ਹੈ ਅਤੇ ਇਸਨੂੰ ਵੇਖਣ ਦੇ ਹੀ ਮੈਂ 100/- ਰੁਪਏ ਹਾਜ਼ਰ ਕਰਦਾ ਹਾਂ ।" 100/- ਰੁਪਇਆ ਲੈ ਕੇ ਭਾਈ ਮਰਦਾਨਾ ਖੁਸ਼ੀ-ਖੁਸ਼ੀ ਗੁਰੂ ਜੀ ਪਾਸ ਗਿਆ ਅਤੇ ਸਾਰੀ ਗੱਲ ਦੱਸੀ । ਗੁਰੂ ਜੀ ਨੇ ਆਖਿਆ ਕਿ ਇਹ 100/- ਰੁਪਇਆ ਸਾਲਿਸ ਰਾਇ ਨੂੰ ਵਾਪਸ ਕਰ ਦਿਉ ਅਤੇ ਉਸ ਨੂੰ ਦੱਸ ਦੇਣਾ ਕਿ ਅਸੀਂ ਇਸ ਤਰ੍ਹਾਂ ਭੀਖਿਆ ਸਵੀਕਾਰ ਨਹੀਂ ਕਰਦੇ । ਭਾਈ ਮਰਦਾਨੇ ਨੇ ਵਾਪਸ ਜਾ ਕੇ 100/- ਰੁਪਇਆ ਸਾਲਿਸ ਰਾਇ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ ਗੁਰੂ ਜੀ ਅਜਿਹੀ ਭੀਖਿਆ ਕਬੂਲ ਨਹੀਂ ਕਰਦੇ। ਇਹ ਗੱਲ ਸੁਣ ਕੇ ਸਾਲਿਸ ਰਾਇ ਗੁਰੂ ਜੀ ਨੂੰ ਮਿਲਣ ਵਾਸਤੇ ਅਇਆ ਅਤੇ ਉਹਨਾਂ ਦੇ ਇਲਾਹੀ ਨੂਰ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ ।


Raj Singh Paul's
PENCILS 2019

## 27. ਭੂਮੀਏ ਚੋਰ ਨੂੰ ਉਪਦੇਸ਼ :-


ਢਾਕੇ ਦੇ ਨਜ਼ਦੀਕ ਇਕ ਪਿੰਡ ਵਿਚ ਭੂਮੀਆ ਨਾਂ ਦਾ ਇਕ ਜ਼ਿਮੀਂਦਾਰ ਰਹਿੰਦਾ ਸੀ। ਉਸਦਾ ਕੰਮ ਦਿਨੇ ਰਾਹੀਆਂ ਨੂੰ ਲੁੱਟਣਾ ਅਤੇ ਰਾਤ ਨੂੰ ਚੋਰੀਆਂ ਕਰਨਾ ਸੀ। ਉਹ ਆਪਣੇ ਘਰ ਵਿਚ ਲੰਗਰ ਲਾ ਛੱਡਦਾ ਸੀ ਅਤੇ ਲੋਕਾਂ ਨੂੰ ਕਹਿੰਦਾ ਸੀ ਕਿ ਰਾਤ ਰਹਿਣ ਵਾਲੇ ਰਾਹੀ ਮੇਰੇ ਘਰ ਭੇਜੋ। ਪਿੰਡ ਦੇ ਲੋਕ ਉਸਦਾ ਹੁਕਮ ਮੰਨਦੇ ਸਨ।

ਇਕ ਦਿਨ ਭਾਈ ਮਰਦਾਨਾ ਨੂੰ ਨਾਲ ਲੈ ਕੇ ਗੁਰੂ ਜੀ ਉਸ ਪਿੰਡ ਵਿਚ ਚਲੇ ਗਏ ਤਾਂ ਲੋਕਾਂ ਨੇ ਉਨ੍ਹਾਂ ਨੂੰ ਰਾਤ ਕੱਟਣ ਲਈ ਭੂਮੀਏ ਦੇ ਘਰ ਭੇਜ ਦਿੱਤਾ। ਭੂਮੀਆ ਉਨ੍ਹਾਂ ਵਾਸਤੇ ਰੋਟੀ ਤਿਆਰ ਕਰਕੇ ਲੈ ਆਇਆ। ਗੁਰੂ ਜੀ ਨੇ ਉਸਨੂੰ ਸਵਾਲ ਕੀਤਾ, "ਤੂੰ ਕੰਮ ਕੀ ਕਰਦਾ ਹੈਂ?" ਭੂਮੀਏ ਦਾ ਮੰਨਣਾ ਸੀ ਕਿ ਚੋਰੀ ਅਤੇ ਲੁੱਟ-ਖੋਹ ਦੀ ਕਮਾਈ ਨਾਲ ਜੇ ਹੋਰਨਾਂ ਦੀ ਸੇਵਾ ਕੀਤੀ ਜਾਵੇ ਤਾਂ ਇਹ ਕਮਾਈ ਸ਼ੁੱਧ ਹੋ ਜਾਂਦੀ ਹੈ। ਉਸਨੇ ਗੁਰੂ ਜੀ ਨੂੰ ਆਪਣੇ ਕੁਕਰਮਾਂ ਦੀ ਕਹਾਣੀ ਸੱਚ-ਸੱਚ ਦੱਸ ਦਿੱਤੀ। ਗੁਰੂ ਜੀ ਨੇ ਰੋਟੀ-ਪਾਣੀ ਖਾਣ ਤੋਂ ਇਨਕਾਰ ਕਰ ਦਿੱਤਾ ਤੇ ਉਸਨੂੰ ਆਖਿਆ ਕਿ ਜਿੰਨਾਂ ਚਿਰ ਇਹ ਮਾੜੇ ਕੰਮ ਛੱਡਣ ਦਾ ਸਾਡੇ ਨਾਲ ਇਕਰਾਰ ਨਹੀਂ ਕਰਦਾ, ਓਨਾ ਚਿਰ ਤੇਰੀ ਸੇਵਾ ਅਸੀਂ ਪਰਵਾਨ ਨਹੀਂ ਕਰ ਸਕਦੇ। ਉਸਨੇ ਅੱਗੋਂ ਬੇਬਾਕ ਉੱਤਰ ਦਿੱਤਾ, "ਇਹ ਤਾਂ ਸਾਡਾ ਜੱਦੀ-ਪੁਸ਼ਤੀ ਕੰਮ ਹੈ, ਇਹ ਨਹੀਂ ਮੈਂ ਛੱਡ ਸਕਦਾ।" ਗੁਰੂ ਜੀ ਨੇ ਕਿਹਾ, "ਚੋਰੀ ਕਰਨਾ ਭਾਵੇਂ ਨਾ ਛੱਡ ਪਰ ਮੇਰੀਆਂ ਤਿੰਨ ਗੱਲਾਂ ਪੱਲੇ ਬੰਨ੍ਹਣ ਦਾ ਇਕਰਾਰ ਜ਼ਰੂਰ ਕਰ। ਗ਼ਰੀਬ ਮਾਰ ਨਹੀਂ ਕਰਨੀ, ਸਦਾ ਸੱਚ ਬੋਲਣਾ ਅਤੇ ਜਿਸਦਾ ਲੂਣ ਖਾਵੇਂ ਉਸਦਾ ਬੁਰਾ ਨਹੀਂ ਕਰਨਾ। ਜੇ ਤੂੰ ਇਹ ਗੱਲਾਂ ਮੰਨਣ ਦਾ ਇਕਰਾਰ ਕਰੇ ਤਾਂ ਅਸੀਂ ਤੇਰਾ ਰੋਟੀ-ਪਾਣੀ ਛੱਕ ਲੈਂਦੇ ਹਾਂ।" ਭੂਮੀਏ ਨੇ ਗੁਰੂ ਜੀ ਦੇ ਸੁਝਾਅ ਪਰਵਾਨ ਕਰ ਲਏ ਅਤੇ ਗੁਰੂ ਜੀ ਤੇ ਭਾਈ ਮਰਦਾਨਾ ਨੇ ਅੰਨ-ਪਾਣੀ ਛੱਕ ਲਿਆ।

ਇਕ ਦਿਨ ਭੂਮੀਆ ਬਹੁਤ ਸੋਹਣੇ ਕੱਪੜੇ ਪਾ ਕੇ ਤੇ ਘੋੜੇ 'ਤੇ ਸਵਾਰ ਹੋ ਕੇ ਕਿਸੇ ਰਾਜੇ ਦੇ ਮਹਿਲ ਅੰਦਰ ਜਾਣ ਲੱਗਾ। ਚੌਂਕੀਦਾਰ ਨੇ ਪੁੱਛਿਆ, "ਤੁਸੀਂ ਕੌਣ ਹੋ?" ਭੂਮੀਏ ਨੇ ਉੱਤਰ ਦਿੱਤਾ, 'ਚੋਰ'। ਚੌਂਕੀਦਾਰ ਨੇ ਸਮਝਿਆ ਕਿ ਉਸਨੇ ਕੋਈ ਮਖੌਲ ਕੀਤਾ ਹੈ। ਇਸ ਕਰਕੇ ਉਸਨੂੰ ਅੰਦਰ ਜਾਣੋ ਨਾ ਰੋਕਿਆ। ਮਹਿਲ ਦੇ ਅੰਦਰ ਜਾ ਕੇ ਭੂਮੀਏ ਨੇ ਕੀਮਤੀ ਚੀਜ਼ਾਂ ਦੀ ਪੰਡ ਬੰਨ੍ਹ ਲਈ ਅਤੇ ਬਾਹਰ ਜਾਣ ਤੋਂ ਪਹਿਲਾਂ ਉਸਨੇ ਇਕ ਸੋਨੇ ਦੀ ਪਲੇਟ ਵਿਚ ਕੋਈ ਖਾਣ ਵਾਲੀ ਚੀਜ਼ ਵੇਖੀ। ਉਸਦਾ ਸਵਾਦ ਚੱਖਿਆ ਅਤੇ ਪਤਾ ਲੱਗਿਆ ਕਿ ਇਸ ਵਿਚ ਲੂਣ ਹੈ। ਸਾਰੀਆਂ ਹੀ ਕੀਮਤੀ ਚੀਜ਼ਾਂ ਉੱਥੇ ਛੱਡ, ਉਹ ਮਹਿਲ ਤੋਂ ਬਾਹਰ ਆ ਗਿਆ ਤੇ ਆਪਣੇ ਘਰ ਵਾਪਸ ਚਲਾ ਗਿਆ।

ਦਿਨ ਚੜ੍ਹਿਆ ਤਾਂ ਰਾਜੇ ਨੂੰ ਪਤਾ ਲੱਗਾ ਕਿ ਮਹਿਲ ਦੇ ਅੰਦਰ ਕੋਈ ਚੋਰ ਆਇਆ ਸੀ। ਉਸਨੇ ਚੋਰ ਲੱਭਣ ਲਈ ਲੋਕਾਂ ਦੀ ਕੁੱਟਮਾਰ ਕਰਾਉਣੀ ਸ਼ੁਰੂ ਕੀਤੀ। ਭੂਮੀਏ ਨੂੰ ਲੋਕਾਂ 'ਤੇ ਜ਼ੁਲਮ ਹੁੰਦਾ ਵੇਖ ਕੇ ਤਰਸ ਆਇਆ ਤਾਂ ਉਸਨੇ ਰਾਜੇ ਨੂੰ ਰਾਤ ਦੀ ਚੋਰੀ ਵਾਲੀ ਸਾਰੀ ਗੱਲ ਜਿਉਂ ਦੀ ਤਿਉਂ ਦੱਸ ਦਿੱਤੀ। ਰਾਜਾ, ਅੰਦਰ ਹੀ ਅੰਦਰ ਇਸ ਖਰੇ ਸੱਚ ਬੋਲਣ ਉੱਤੇ ਬਹੁਤ ਖੁਸ਼ ਹੋਇਆ ਅਤੇ ਉਸਨੇ ਆਖਿਆ ਕਿ ਮੈਂ ਤੇਰੇ ਵਰਗੇ ਸੱਚੇ-ਸੁੱਚੇ ਆਦਮੀ ਨੂੰ ਆਪਣਾ ਵਜ਼ੀਰ ਬਨਾਉਣ ਲਈ ਤਿਆਰ ਹਾਂ।

ਇਹ ਹੈ ਮਹਾਂਪੁਰਖਾਂ ਦੀ ਸਿੱਖਿਆ ਉੱਤੇ ਸੱਚੇ ਦਿਲੋਂ ਚੱਲਣ ਦਾ ਫਲ, ਜੋ ਭੂਮੀਏ ਨੂੰ ਪ੍ਰਾਪਤ ਹੋਇਆ।


Raj Singh Paul's
PENCILS 2019


## 28. ਨੂਰ ਸ਼ਾਹ ਨੂੰ ਮਿਲਣਾ :–

ਗੁਰੂ ਜੀ ਪਟਨਾ ਵਿਖੇ ਕਾਫ਼ੀ ਸਮਾਂ ਠਹਿਰਨ ਉਪਰੰਤ ਸਾਲਿਸ ਰਾਇ ਜੌਹਰੀ ਨੂੰ ਪ੍ਰਚਾਰਕ ਥਾਪ ਕੇ ਬੰਗਾਲ ਵੱਲ ਨੂੰ ਚਲ ਪਏ। ਬੰਗਾਲ ਤੋਂ ਬਾਅਦ ਕਾਮਰੂਪ ਦੇ ਇਲਾਕੇ ਵਿਚ ਚਲੇ ਗਏ ਅਤੇ ਉਸ ਥਾਂ ਰੁਕੇ ਜਿੱਥੇ ਨੂਰ ਸ਼ਾਹ ਰਹਿੰਦੀ ਸੀ। ਗੁਰੂ ਜੀ ਆਮ ਕਰਕੇ ਸ਼ਹਿਰ ਤੋਂ ਬਾਹਰ ਹੀ ਡੇਰਾ ਲਾਉਂਦੇ ਸਨ। ਭਜਨ ਬੰਦਗੀ ਕਰਨ ਉਪਰੰਤ ਭਾਈ ਮਰਦਾਨਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇ ਇਜਾਜ਼ਤ ਹੋਵੇ ਤਾਂ ਉਹ ਸ਼ਹਿਰ ਵਿਚ ਜਾ ਕੇ ਕੁਝ ਖਾ ਪੀ ਆਵੇ। ਉਥੇ ਨੂਰਸ਼ਾਹ ਨਾਮੀ ਇਸਤਰੀ ਦਾ ਰਾਜ ਸੀ ਅਤੇ ਉਸ ਸ਼ਹਿਰ ਵਿਚ ਹੀ ਉਸਦਾ ਮਹਿਲ ਸੀ। ਉਹ ਆਪ ਬਹੁਤ ਸੁੰਦਰ ਸੀ ਅਤੇ ਉਸ ਦੀਆਂ ਦਾਸੀਆਂ ਵੀ ਬਹੁਤ ਸੁੰਦਰ ਸਨ। ਉਸ ਨੂੰ ਜੋ ਵੀ ਮਿਲਦਾ, ਭਾਵੇਂ ਸਾਧੂ-ਸੰਤ ਹੋਵੇ ਜਾਂ ਅਮੀਰ-ਵਜ਼ੀਰ ਹੋਵੇ, ਉਸਦੀ ਕੋਸ਼ਿਸ਼ ਹੁੰਦੀ ਕਿ ਉਨ੍ਹਾਂ ਨੂੰ ਆਪਣੇ ਜਾਲ ਵਿਚ ਫਸਾ ਲਵੇ। ਇਸ ਲਈ ਗੁਰੂ ਜੀ ਨੇ ਭਾਈ ਮਰਦਾਨਾ ਨੂੰ ਸੁਚੇਤ ਕਰ ਦਿੱਤਾ ਕਿ ਇਸ ਸ਼ਹਿਰ ਦੀਆਂ ਬਹੁਤ ਜਾਦੂਗਰਨੀਆਂ ਹਨ ਅਤੇ ਇਹਨਾਂ ਦੇ ਜਾਲ ਵਿਚ ਨਾ ਫਸ ਜਾਵੀਂ। ਜੇ ਕੋਈ ਕਿਸੇ ਕਿਸਮ ਦਾ ਖ਼ਤਰਾ ਹੋਵੇ ਤਾਂ ਸਤਿ ਕਰਤਾਰ, ਸਤਿ ਕਰਤਾਰ ਕਰਦਾ ਰਹੀਂ। ਭਾਈ ਮਰਦਾਨਾ ਜਦ ਸ਼ਹਿਰ ਵਿੱਚ ਪੁੱਜਾ ਤਾਂ ਸ਼ਹਿਰ ਦੀ ਹਰ ਇਕ ਸ਼ੈਅ ਉਸ ਨੂੰ ਅਤੀ ਸੁੰਦਰ ਅਤੇ ਮਨਮੋਹਨੀ ਲੱਗੀ। ਜਦ ਉਹ ਤੁਰਦਾ-ਤੁਰਦਾ ਨੂਰਸ਼ਾਹ ਦੇ ਮਹਿਲ ਪਾਸ ਪੁੱਜਾ ਤਾਂ ਨੂਰਸ਼ਾਹ ਦੀਆਂ ਦਾਸੀਆਂ ਉਸ ਨੂੰ ਬੜੇ ਪ੍ਰੇਮ-ਪਿਆਰ ਨਾਲ ਮਿਲੀਆਂ ਅਤੇ ਆਪਣੀ ਮਹਾਰਾਣੀ ਪਾਸ ਲੈ ਗਈਆਂ। ਨੂਰਸ਼ਾਹ ਨੇ ਉਨ੍ਹਾਂ ਨੂੰ ਕਿਹਾ ਕੇ ਆਪਣੇ ਮਹਿਮਾਨ ਨੂੰ ਵਧੀਆ ਸਵਾਦੀ ਖਾਣਾ ਖਵਾਓ। ਜਦੋਂ ਭਾਈ ਮਰਦਾਨਾ ਖਾਣਾ ਖਾ ਬੈਠੇ ਤਾਂ ਨੂਰਸ਼ਾਹ ਵੀ ਉਨ੍ਹਾਂ ਪਾਸ ਆ ਕੇ ਬੈਠ ਗਈ ਤਾਂ ਆਪਣੀਆਂ ਖ਼ੂਬਸੂਰਤ ਨਜ਼ਰਾਂ ਅਤੇ ਗੱਲਾਂ ਨਾਲ ਭਰਮਾਉਣ ਲੱਗੀ। ਭਾਈ ਮਰਦਾਨਾ ਪਹਿਲਾਂ ਤਾਂ ਕਾਫ਼ੀ ਚਿਰ ਸਤਿ ਕਰਤਾਰ, ਸਤਿ ਕਰਤਾਰ ਕਰਦਾ ਰਿਹਾ ਪਰ ਆਖ਼ਿਰ ਉਸਦੇ ਪ੍ਰੇਮ ਜਾਲ ਵਿਚ ਫਸ ਹੀ ਗਿਆ।

ਗੁਰੂ ਜੀ ਕਾਫ਼ੀ ਚਿਰ ਇੰਤਜ਼ਾਰ ਕਰਦੇ ਰਹੇ ਪਰ ਜਦੋਂ ਭਾਈ ਮਰਦਾਨਾ ਨਾ ਹੀ ਮੁੜਿਆ ਤਾਂ ਸਭ ਕੁੱਝ ਸਮਝ ਗਏ ਅਤੇ ਇਕ ਅਨੋਖਾ ਲਿਬਾਸ ਪਹਿਨ ਕੇ ਨੂਰਸ਼ਾਹ ਦੇ ਮਹਿਲ ਵਿਚ ਜਾ ਪਹੁੰਚੇ। ਗੁਰੂ ਸਾਹਿਬ ਦੇ ਦਰਸ਼ਨ ਕਰਦਿਆਂ ਹੀ ਨੂਰਸ਼ਾਹ ਦੇ ਹਵਾਸ ਉੱਡ ਗਏ। ਉਸਦੀ ਜਾਦੂਗਰੀ ਤੇ ਖ਼ੂਬਸੂਰਤੀ ਦਾ ਗੁਰੂ ਸਾਹਿਬ ਉੱਤੇ ਤਾਂ ਕੀ ਅਸਰ ਹੋਣਾ ਸੀ, ਉਲਟਾ ਉਹ ਆਪ ਹੀ ਗੁਰੂ ਜੀ ਦੇ ਪ੍ਰਭਾਵ ਹੇਠ ਆ ਗਈ। ਉਸ ਦੀਆਂ ਦਾਸੀਆਂ ਗੁਰੂ ਸਾਹਿਬ ਵਾਸਤੇ ਕਈ ਕਿਸਮ ਦੇ ਸੁਆਦਲੇ ਭੋਜਨ ਪਦਾਰਥ ਲਿਆਈਆਂ ਪਰ ਗੁਰੂ ਸਾਹਿਬ ਨੇ ਕਿਸੇ ਚੀਜ਼ ਵੱਲ ਤੱਕਿਆ ਵੀ ਨਾ ।

ਆਖ਼ਰ ਨੂਰਸ਼ਾਹ ਦੇ ਕਹਿਣ ਉੱਤੇ ਸਾਰੀਆਂ ਦਾਸੀਆਂ ਗਾਉਣ ਅਤੇ ਨੱਚਣ ਲੱਗ ਪਈਆਂ। ਗੁਰੂ ਜੀ ਨੇ ਆਪਣੀ ਰਬਾਬ ਕੱਢ ਲਈ ਤੇ ਸ਼ਬਦ ਗਾਇਨ ਸ਼ੁਰੂ ਕੀਤਾ ਜਿਸ ਦੀ ਅਵਾਜ਼ ਸੁਣ ਕੇ ਭਾਈ ਮਰਦਾਨਾ ਵੀ ਹੋਸ਼ ਵਿੱਚ ਆ ਗਿਆ ਤੇ ਗੁਰੂ ਜੀ ਦੇ ਚਰਨੀਂ ਆ ਢੱਠਾ। ਉੱਧਰ ਨੂਰਸ਼ਾਹ ਦੀਆਂ ਦਾਸੀਆਂ ਨੂੰ ਵੀ ਨੱਚਣਾ-ਗਾਉਣਾ ਭੁੱਲ ਗਿਆ। ਨੂਰਸ਼ਾਹ ਤਾਂ ਪਹਿਲਾਂ ਹੀ ਗੁਰੂ ਜੀ ਦੇ ਚਰਨੀ ਪੈ ਗਈ ਸੀ। ਗੁਰੂ ਜੀ ਨੇ ਸਾਰਿਆਂ ਨੂੰ ਬੁਰੇ ਕੰਮਾਂ ਤੋਂ ਰੋਕਿਆ, ਆਖ਼ਰ ਨੂਰਸ਼ਾਹ ਨੇ ਵੀ ਸਿੱਖੀ ਧਾਰਨ ਕੀਤੀ ਅਤੇ ਪ੍ਰਚਾਰਕ ਦੇ ਤੌਰ ਉੱਤੇ ਕੰਮ ਕਰਨ ਲੱਗ ਪਈ ।

ਉਸਨੇ ਆਪਣੀ ਸਾਰੀ ਜਾਇਦਾਦ ਲੋਕਾਂ ਵਿੱਚ ਵੰਡ ਦਿੱਤੀ ਅਤੇ ਆਪਣੇ ਦਾਸ-ਦਾਸੀਆਂ ਨੂੰ ਅਜ਼ਾਦ ਕਰਕੇ ਸਿੱਖੀ ਦਾ ਪ੍ਰਚਾਰ ਕਰਨਾ ਹੀ ਆਪਣੇ ਜੀਵਨ ਦੀ ਨਿਤ ਦੀ ਕਾਰ ਬਣਾ ਲਈ।


Raj Singh Paul's
PENCILS

## 29. ਚੰਗੇ-ਮੰਦੇ ਲੋਕਾਂ ਨੂੰ ਵੇਖਣ ਦਾ ਗੁਰੂ ਜੀ ਦਾ ਅਲੌਕਿਕ ਨਜ਼ਰੀਆ :-

ਲੋਕਾਂ ਦਾ ਉਧਾਰ ਕਰਕੇ ਜਗਨਨਾਥ ਪੁਰੀ ਨੂੰ ਜਾਂਦੇ ਹੋਏ ਗੁਰੂ ਜੀ ਤੇ ਭਾਈ ਮਰਦਾਨਾ ਨੇ ਇਕ ਪਿੰਡ ਤੋਂ ਬਾਹਰ ਟਿਕਾਣਾ ਕੀਤਾ ਤੇ ਭਜਨ ਬੰਦਗੀ ਵਿਚ ਜੁੜ ਗਏ। ਭਜਨ ਬੰਦਗੀ ਉਪਰੰਤ ਭਾਈ ਜੀ ਨੇ ਗੁਰੂ ਜੀ ਨੂੰ ਪੁੱਛਿਆ, "ਜੇ ਆਗਿਆ ਹੋਵੇ ਤਾਂ ਮੈਂ ਪਿੰਡ ਵਿਚ ਜਾ ਕੇ ਭੋਜਨ ਆਦਿ ਕਰ ਆਵਾਂ।" ਗੁਰੂ ਜੀ ਨੇ ਆਗਿਆ ਦੇ ਦਿੱਤੀ ਤੇ ਨਾਲ ਹੀ ਚੌਕੰਨੇ ਰਹਿਣ ਲਈ ਤਾੜਣਾ ਵੀ ਕਰ ਦਿੱਤੀ। ਉਸ ਪਿੰਡ ਦੇ ਲੋਕ ਐਨੇ ਬੇਲਿਹਾਜ਼, ਮੂਰਖ ਅਤੇ ਕੁਪੱਤੇ ਸਨ ਕਿ ਮਰਦਾਨਾ ਜੀ ਨੂੰ ਬੁਰਾ-ਭਲਾ ਵੀ ਇਸ ਹੱਦ ਤਕ ਕਿਹਾ, " ਤੁਸੀਂ ਸਾਧਾਂ-ਸੰਤਾਂ ਨੇ ਕੀ ਗੰਦ ਪਾਇਆ ਹੋਇਆ ਹੈ। ਸਾਡੇ ਪਿੰਡ ਦੀ ਜੂਹ ਛੱਡ ਕੇ ਦੌੜ ਜਾਓ, ਨਹੀਂ ਤਾਂ ਸਾਡੇ ਤੋਂ ਬੁਰਾ ਕੋਈ ਨਹੀਂ ਹੋਏਗਾ।" ਇੱਥੋਂ ਤਕ ਕਿ ਉਨ੍ਹਾਂ ਨੇ ਮਰਦਾਨਾ ਜੀ ਨੂੰ ਕੁੱਤੇ ਵੀ ਪਵਾ ਦਿੱਤੇ ਤੇ ਗਾਲ੍ਹਾਂ ਵੀ ਕੱਢੀਆਂ। ਅੰਨ-ਪਾਣੀ ਤਾਂ ਕੀ ਛਕਣਾ ਸੀ ਭਾਈ ਮਰਦਾਨਾ ਨੇ ਉਨ੍ਹਾਂ ਤੋਂ ਮਸਾਂ ਆਪਣਾ ਪਿੱਛਾ ਛੁਡਾਇਆ ਤੇ ਵਾਪਸ ਪਹੁੰਚ ਕੇ ਸਾਰੀ ਵਿੱਥਿਆ ਗੁਰੂ ਜੀ ਨੂੰ ਸੁਣਾਈ।

ਇਹ ਸੁਣ ਕੇ ਗੁਰੂ ਜੀ ਮੁਸਕਰਾਉਂਣ ਲੱਗੇ ।ਓਧਰ ਪਿੰਡ ਦੇ ਕੁਝ ਲੋਕ ਗੁਰੂ ਜੀ ਵੱਲ ਆਉਂਦੇ ਹੋਏ ਨਜ਼ਰ ਆਏ। ਗੁਰੂ ਜੀ ਨੇ ਮੁਸਕਰਾਉਂਦਿਆਂ ਆਖਿਆ, "ਮਰਦਾਨਿਆਂ ! ਤੇਰੇ ਮਿੱਤਰ ਤਾਂ ਇੱਥੇ ਵੀ ਪਹੁੰਚ ਗਏ ਹਨ।" ਮਰਦਾਨੇ ਨੇ ਹੱਸ ਕੇ ਕਿਹਾ, "ਹੁਣ ਮੈਂ ਆਪਣੇ ਮਾਲਕ ਪਾਸ ਹਾਂ, ਹੁਣ ਮੈਨੂੰ ਕਿਸੇ ਦਾ ਡਰ ਨਹੀਂ।"


ਐਨੇ ਨੂੰ ਉਹ ਲੋਕ ਗੁਰੂ ਜੀ ਪਾਸ ਵੀ ਪਹੁੰਚ ਗਏ ਅਤੇ ਕਹਿਣ ਲੱਗੇ "ਸਾਡੇ ਪਿੰਡ ਦੀ ਹੱਦ ਛੱਡ ਕੇ ਦੌੜ ਜਾਓ, ਨਹੀਂ ਤਾਂ ਸਾਡੇ ਤੋਂ ਬੁਰਾ ਕੋਈ ਨਹੀਂ ਹੋਏਗਾ।" ਗੁਰੂ ਜੀ ਨੇ ਅੱਗੋਂ ਉੱਤਰ ਦਿੱਤਾ, "ਭਲੇ ਮਾਣਸੋ ਸਾਡੀ ਚਿੰਤਾ ਨਾ ਕਰੋ, ਅਸੀਂ ਕਿਹੜਾ ਇਥੇ ਵੱਸਣ ਆਏ ਹਾਂ। ਸਾਡੀ ਤਾਂ ਇਹੀ ਅਰਦਾਸ ਹੈ ਕਿ ਤੁਸੀਂ ਇੱਥੇ ਸਦਾ ਵੱਸਦੇ ਰਹੋ।"

ਇਹ ਕਹਿ ਕੇ ਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਤੁਰਦੇ ਬਣੇ ਅਤੇ ਕਿਸੇ ਹੋਰ ਪਿੰਡ ਦੇ ਬਾਹਰ ਜਾ ਡੇਰਾ ਲਾਇਆ ਅਤੇ ਕੀਰਤਨ ਵਿਚ ਜੁੜ ਗਏ । ਜਦੋਂ ਉਸ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਹੁੰਮ-ਹੁਮਾਂ ਕੇ ਗੁਰੂ ਜੀ ਪਾਸ ਪਹੁੰਚ ਗਏ ਅਤੇ ਮੱਥਾ ਟੇਕ ਕੇ ਉੱਥੇ ਕੀਰਤਨ ਸੁਨਣ ਲਈ ਬੈਠ ਗਏ । ਕੀਰਤਨ ਦੀ ਸਮਾਪਤੀ ਉੱਤੇ, ਉਨ੍ਹਾਂ ਗੁਰੂ ਜੀ ਨੂੰ ਬੇਨਤੀ ਕੀਤੀ, "ਸਾਡੇ ਪਿੰਡ ਦਰਸ਼ਨ ਦੇ ਕੇ ਸਾਨੂੰ ਸੇਵਾ ਕਰਨ ਦਾ ਮੌਕਾ ਦਿਉ ।" ਜਦ ਗੁਰੂ ਜੀ ਨੇ ਪਿੰਡ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਪਿੰਡ ਵਾਲੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਪਿੰਡ ਤੋਂ ਬਾਹਰ ਹੀ ਲੈ ਆਏ । ਚੰਗੇ ਸਵਾਦੀ ਭੋਜਨ ਛੱਕ ਕੇ ਭਾਈ ਮਰਦਾਨਾ ਬਹੁਤ ਖੁਸ਼ ਹੋਇਆ ਤੇ ਗੁਰੂ ਜੀ ਨੂੰ ਬੇਨਤੀ ਕੀਤੀ ਕੇ ਕੁਝ ਦਿਨ ਹੋਰ ਇਸ ਪਿੰਡ ਵਿਚ ਠਹਿਰੀਏ ।

ਕੁਝ ਦਿਨ ਠਹਿਰਣ ਉਪਰੰਤ ਜਦ ਗੁਰੂ ਜੀ ਤੇ ਭਾਈ ਮਰਦਾਨਾ ਉੱਥੋਂ ਚੱਲਣ ਲੱਗੇ ਤਾਂ ਗੁਰੂ ਜੀ ਬੋਲੇ, "ਇਸ ਪਿੰਡ ਦੇ ਲੋਕ ਉੱਜੜ ਜਾਣ ।" ਭਾਈ ਮਰਦਾਨਾ ਕਹਿਣ ਲੱਗੇ, "ਮਹਾਰਾਜ ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਭੈੜੇ ਪਿੰਡ ਦੇ ਭੈੜੇ ਲੋਕਾਂ ਨੂੰ ਅਸੀਸ ਅਤੇ ਇਹਨਾਂ ਭਲੇ ਪੁਰਸ਼ਾਂ ਨੂੰ ਇਹ ਕਠੋਰ ਬਚਨ ਕਿਉਂ? ਮੈਨੂੰ ਜ਼ਰੂਰ ਸਮਝਾਓ ਕਿ ਆਪ ਜੀ ਵੱਲੋਂ ਅਜਿਹਾ ਕਰਨ ਦੇ ਕੀ ਕਾਰਨ ਹਨ?"

ਗੁਰੂ ਜੀ ਨੇ ਸਮਝਾਇਆ, "ਓਹ ਮਲੀਨ ਬੁੱਧੀ ਵਾਲੇ ਲੋਕ ਆਪਣੇ ਪਿੰਡ ਵਿੱਚ ਵਸਦੇ ਹੀ ਠੀਕ ਹਨ । ਜਿਵੇਂ ਗੰਦਗੀ ਇਕ ਥਾਂ ਪਈ ਹੀ ਠੀਕ ਹੁੰਦੀ ਹੈ, ਜੇ ਖਿੱਲਰ ਜਾਵੇ ਤਾਂ ਬਦਬੂ ਹੀ ਖਿਲਾਰਦੀ ਹੈ । ਇਸ ਦੇ ਉਲਟ ਭਲੇ ਅਤੇ ਸਾਊ ਪੁਰਸ਼ ਜਿੱਥੇ ਵੀ ਜਾਣਗੇ, ਉਸ ਥਾਂ ਦੇ ਲੋਕਾਂ ਨੂੰ ਆਪਣੇ ਗੁਣਾਂ ਦੇ ਖੁੱਲੇ ਗੱਫੇ ਵੰਡਣਗੇ ਅਤੇ ਉਹਨਾਂ ਦੇ ਸਾਊ ਬਨਣ ਵਿੱਚ ਸਹਾਈ ਹੋਣਗੇ ਅਤੇ ਆਪਣੇ ਵਰਗਾ ਹੀ ਬਣਾ ਲੈਣਗੇ ।"

ਗੁਰੂ ਜੀ ਦੀ ਅਲੌਕਿਕ ਸੋਚ ਸੁਣਕੇ, ਭਾਈ ਮਰਦਾਨਾ ਹੱਕਾ-ਬੱਕਾ ਰਹਿ ਗਿਆ ।


Raj Singh Paul's
PENCILS 2019

## 30. ਪਰਮ ਪਿਤਾ ਪ੍ਰਮਾਤਮਾ ਪ੍ਰਤੀ ਹੋ ਰਹੀ ਸਦਾ ਬਹਾਰ ਆਰਤੀ :-

ਮਾੜੀ ਬਿਰਤੀ ਦੇ ਲੋਕਾਂ ਅਤੇ ਸਾਊ ਬਿਰਤੀ ਦੇ ਲੋਕਾਂ ਦੇ ਦੋਵਾਂ ਕਿਸਮਾਂ ਦੇ ਪਿੰਡਾਂ ਤੋਂ ਹੁੰਦੇ ਹੋਏ, ਗੁਰੂ ਜੀ ਅਤੇ ਭਾਈ ਮਰਦਾਨਾ ਜੀ ਜਗਨਨਾਥ ਪੁਰੀ ਪਹੁੰਚੇ। ਜੋ ਸ਼ੰਕਰਾਚਾਰੀਆ ਦੇ ਚਾਰ ਮੱਠਾਂ ਵਿਚੋਂ ਇਕ ਮੱਠ ਹੈ। ਉੱਥੇ ਜਗਨਨਾਥ ਦੀ ਮੂਰਤੀ ਹੈ ਜਿਸਨੂੰ ਵਿਸ਼ਵਾਕਰਮਾ ਦੁਆਰਾ ਬਣਾਇਆ ਮੰਨਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ ਜੇ ਇਨ੍ਹਾਂ ਪੁਰਾਣੀਆਂ ਮੂਰਤੀਆਂ ਵੱਲ ਦੇਖਿਆ ਜਾਵੇ ਤਾਂ ਇਹ ਵਾਮ ਮਾਰਗੀਆਂ ਦਾ ਪੁਰਾਤਨ ਮੰਦਰ ਲਗਦਾ ਹੈ। ਬਹੁਤੀਆਂ ਮੂਰਤੀਆਂ ਨੰਗੇਜ਼ ਅਤੇ ਵਿਲਾਸੀ ਜੀਵਨ ਵੱਲ ਇਸ਼ਾਰਾ ਕਰਦੀਆਂ ਹਨ। ਇਕ ਮਨੌਤ ਇਹ ਵੀ ਹੈ ਕਿ ਇੱਥੇ ਸ਼੍ਰੀ ਕ੍ਰਿਸ਼ਨ ਜੀ ਦੀਆਂ ਅਸਥੀਆਂ ਪਈਆਂ ਹੋਈਆਂ ਹਨ। ਇਸ ਥਾਂ 'ਤੇ ਬੜੇ ਉਤਸ਼ਾਹ ਨਾਲ ਆਰਤੀ ਉਤਾਰੀ ਜਾਂਦੀ ਹੈ। ਆਰਤੀ ਕਰਨ ਦੀ ਮਰਯਾਦਾ ਇਹ ਹੈ, "ਜਗਦੇ ਦੀਵਿਆਂ ਨੂੰ ਚਾਰ ਵਾਰੀ ਮੂਰਤੀ ਦੇ ਚਰਨਾਂ 'ਤੇ, ਦੋ ਵਾਰੀ ਧੁੰਨੀ 'ਤੇ, ਇਕ ਵਾਰੀ ਮੁੱਖ 'ਤੇ, ਸੱਤ ਵਾਰੀ ਸਾਰੇ ਸਰੀਰ 'ਤੇ ਫੇਰੀ ਜਾਂਦੀ ਹੈ।"

ਇਸ ਜਗਨਨਾਥ ਦੀ ਮੂਰਤੀ ਨੂੰ ਰੱਥ ਵਿਚ ਬਿਠਾ ਕੇ ਜਲੂਸ ਕਢਿਆ ਜਾਂਦਾ ਹੈ। ਉਨ੍ਹਾਂ ਦਿਨਾਂ ਵਿਚ, ਇਕ ਮਨੌਤ ਅਨੁਸਾਰ, ਜਿਹੜਾ ਵਿਅਕਤੀ ਇਸ ਰੱਥ ਯਾਤਰਾ ਦੌਰਾਨ ਰੱਥ ਅੱਗੇ ਆ ਕੇ ਆਪਣੀ ਜਾਨ ਦੇ ਦੇਵੇ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਸੀ। ਗੁਰੂ ਜੀ ਨੇ ਇਸ ਆਤਮਘਾਤੀ ਅੰਧ-ਵਿਸ਼ਵਾਸ ਨੂੰ ਨਕਾਰਦੇ ਹੋਏ ਪੁਜਾਰੀਆਂ ਅਤੇ ਲੋਕਾਂ ਨੂੰ ਸਮਝਾਇਆ ਕਿ ਜਗਨਨਾਥ ਅਰਥਾਤ ਜਗਤ ਦੇ ਮਾਲਕ ਨੂੰ ਜੋ ਲੋਕ ਪਾਉਣਾ ਚਾਹੁੰਦੇ ਹਨ, ਉਹ ਦੁੱਖ-ਸੁੱਖ ਵਿਚ ਇਕੋ ਜਿਹਾ ਹੀ ਸਦਾ ਉਸਦੀ ਯਾਦ ਵਿਚ ਜੁੜੇ ਰਹਿਣ ਅਤੇ ਲੋਕ ਭਲਾਈ ਦੇ ਨੇਕ ਕੰਮ ਕਰਦੇ ਰਹਿਣ ਤਾਂ ਹੀ ਜਗਨਨਾਥ ਉਨ੍ਹਾਂ ਉੱਤੇ ਪ੍ਰਸੰਨ ਹੋਣਗੇ। ਹਰ ਵੇਲੇ ਯਾਦ ਰੱਖਣ ਅਤੇ ਨੇਕ ਕੰਮ ਕਰਨ ਨਾਲ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅੰਧ-ਵਿਸ਼ਵਾਸੀ ਹੋ ਕੇ ਕਰਮ-ਕਾਂਡ ਕਰਨੇ ਸਭ ਵਿਅਰਥ ਹਨ।

ਜਦ ਸ਼ਾਮ ਨੂੰ ਸ਼ਰਧਾਲੂ ਆਰਤੀ ਉਤਾਰਨ ਲੱਗੇ ਤਾਂ ਗੁਰੂ ਨਾਨਕ ਸਾਹਿਬ ਜੀ ਇਕ ਪਾਸੇ ਚੁੱਪ ਕਰਕੇ ਬੈਠੇ ਰਹੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਆਰਤੀ ਵਿਚ ਸ਼ਾਮਿਲ ਕਿਉਂ ਨਹੀਂ ਹੋਏ ਤਾਂ ਗੁਰੂ ਜੀ ਨੇ ਆਖਿਆ ਕਿ ਦੁਨੀਆ ਦੇ ਮਾਲਕ ਦੀ ਆਰਤੀ ਦੀਵੇ ਕੀ ਉਤਾਰ ਸਕਦੇ ਹਨ। ਆਪ ਜੀ ਨੇ

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**
**ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**
**ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥** ਅੰਗ: ੧੩

ਸ਼ਬਦ ਗਾ ਕੇ ਬ੍ਰਹਿਮੰਡ ਗਾਇਨ ਗਾਇਆ। ਕੌਮੀ ਤਰਾਨਾ (ਗਾਣਾ) ਲਿਖਣ ਵਾਲੇ 'ਰਬਿੰਦਰ ਨਾਥ ਟੈਗੋਰ' ਨੇ ਠੀਕ ਲਿਖਿਆ ਹੈ, "ਇਸ ਤੋਂ ਸੁੰਦਰ ਕੋਈ ਬ੍ਰਹਿਮੰਡ ਗਾਣ ਨਹੀਂ ਹੋ ਸਕਦਾ।"


Raj Singh Paul's
PENCILS 2019

## 31. ਰੁਹੇਲ ਖੰਡ ਦੀ ਯਾਤਰਾ :-


ਜਗਨਨਾਥ ਪੁਰੀ ਤੋਂ ਬਾਅਦ ਗੁਰੂ ਜੀ ਰੁਹੇਲ ਖੰਡ ਦੇ ਇਲਾਕੇ ਵਿੱਚ ਗਏ। ਇਹ ਇਲਾਕਾ ਬਹੁਤ ਪਛੜਿਆ ਹੋਇਆ ਸੀ। ਇਸ ਇਲਾਕੇ ਦੇ ਲੋਕ ਬੜੇ ਜ਼ਾਲਮ ਅਤੇ ਲੁਟੇਰੇ ਸਨ। ਇਹ ਆਪਣੇ ਟੋਲੇ ਬਣਾ ਕੇ ਦੂਰ-ਦੁਰਾਡੇ ਨਿਕਲ ਜਾਂਦੇ ਅਤੇ ਉੱਥੋਂ ਵੱਖ-ਵੱਖ ਕਿਸਮ ਦੇ ਲੋਕਾਂ ਨੂੰ ਫੜ ਕੇ ਲੈ ਆਉਂਦੇ ਅਤੇ ਗ਼ੁਲਾਮ ਬਣਾ ਕੇ ਉਹਨਾਂ ਤੋਂ ਜ਼ਬਰਦਸਤੀ ਆਪਣੀ ਸੇਵਾ ਕਰਵਾਉਂਦੇ।

ਜਦੋਂ ਭਾਈ ਮਰਦਾਨਾ ਅਤੇ ਗੁਰੂ ਜੀ ਉਸ ਇਲਾਕੇ ਵਿੱਚ ਗਏ ਤਾਂ ਉਹਨਾਂ ਨੂੰ ਵੀ ਫੜ ਕੇ ਗ਼ੁਲਾਮ ਬਣਾ ਲਿਆ ਗਿਆ। ਇਸ ਇਲਾਕੇ ਦਾ ਰੁਹੇਲਾ ਸਰਦਾਰ ਬਹੁਤ ਨਿਰਦਈ ਸੀ ਅਤੇ ਆਪਣੇ ਗ਼ੁਲਾਮਾਂ ਨੂੰ ਬਹੁਤ ਕਸ਼ਟ ਦਿੰਦਾ ਸੀ। ਉਸ ਨੇ ਆਪਣੇ ਪਾਸ ਵੀ ਬਹੁਤ ਬਦਮਾਸ਼ ਰੱਖੇ ਹੋਏ ਸਨ। ਇਸ ਕਰਕੇ ਬਾਕੀ ਰੁਹੇਲੇ ਉਸ ਤੋਂ ਬਹੁਤ ਡਰਦੇ ਸਨ। ਗੁਰੂ ਜੀ ਤੇ ਭਾਈ ਮਰਦਾਨਾ ਵੀ ਉਸ ਦੀ ਸੇਵਾ ਵਿੱਚ ਲਿਆਂਦੇ ਗਏ। ਉਹਨਾਂ ਨੂੰ ਵੀ ਸਿੱਧੇ-ਸਾਦੇ ਜਾਣ ਕੇ ਉਸ ਨੇ ਆਪਣੇ ਘਰ ਦੇ ਕੰਮਾਂ ਵਾਸਤੇ ਹੀ ਰੱਖ ਲਿਆ। ਇਹ ਆਪਣੇ ਦਾਸਾਂ ਪਾਸੋਂ ਕੰਮ ਬਹੁਤ ਕਰਵਾਉਂਦਾ ਸੀ ਤੇ ਖਾਣ ਨੂੰ ਬਹੁਤ ਘੱਟ ਦਿੰਦਾ ਸੀ। ਗੁਰੂ ਜੀ ਤਾਂ ਪਹਿਲਾਂ ਹੀ ਬਹੁਤ ਘੱਟ ਖਾਂਦੇ ਸਨ ਤੇ ਨਾਮ ਵਿੱਚ ਹੀ ਲੀਣ ਰਹਿੰਦੇ ਸਨ। ਉਹਨਾਂ ਦਾ ਨਿੱਤ ਦਾ ਕਰਮ ਸੀ ਕਿ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਰਬਾਬ ਨਾਲ ਕੀਰਤਨ ਕਰਨਾ। ਇਕ ਦਿਨ ਗੁਰੂ ਜੀ ਦੇ ਕੀਰਤਨ ਦੀ ਅਵਾਜ਼ ਰੁਹੇਲੇ ਸਰਦਾਰ ਦੇ ਕੰਨ੍ਹਾਂ ਵਿਚ ਪਈ ਅਤੇ ਉਹ ਸੋਚਣ ਲੱਗਾ ਕਿ ਅਜਿਹੇ ਸ਼ਾਂਤ ਵਾਤਾਵਰਨ ਵਿਚ ਇਹ ਆਵਾਜ਼ ਕਿੱਥੋਂ ਆ ਰਹੀ ਹੈ? ਉਹ ਪਹਿਲਾਂ ਵੀ ਜਦੋਂ ਗੁਰੂ ਜੀ ਵੱਲ ਧਿਆਨ ਲਗਾ ਕੇ ਦੇਖਦਾ ਸੀ ਤਾਂ ਉਸਦੇ ਸਰੀਰ ਵਿਚ ਝਰਨਾਹਟ ਜਿਹੀ ਛਿੜ ਜਾਂਦੀ ਸੀ।

ਜਦ ਉਸਨੇ ਗੁਰੂ ਜੀ ਦੀ ਇਲਾਹੀ ਸੁਰ ਸੁਣੀ ਤਾਂ ਉਹ ਇਸ ਆਵਾਜ਼ ਦੀ ਭਾਲ ਵਿਚ ਨਿਕਲਿਆ। ਉਸ ਨੂੰ ਇਹ ਆਵਾਜ਼ ਦਾਸਾਂ ਦੇ ਅਹਾਤੇ ਵਿੱਚੋਂ ਆਉਂਦੀ ਜਾਪੀ। ਜਦ ਉਸ ਨੇ ਨੇੜੇ ਜਾ ਕੇ ਵੇਖਿਆ ਤਾਂ ਗੁਰੂ ਜੀ ਨੇਤਰ ਬੰਦ ਕਰਕੇ ਸ਼ਬਦ ਗਇਨ ਕਰ ਰਹੇ ਸਨ ਤੇ ਭਾਈ ਮਰਦਾਨਾ ਰਬਾਬ ਵਜਾ ਰਿਹਾ ਸੀ। ਗੁਰੂ ਜੀ ਦੇ ਚਿਹਰੇ 'ਤੇ ਇਲਾਹੀ ਨੂਰ ਵੇਖ ਕੇ ਰੁਹੇਲਾ ਸਰਦਾਰ ਬੜਾ ਹੈਰਾਨ ਵੀ ਹੋਇਆ ਅਤੇ ਪ੍ਰਸੰਨ ਵੀ। ਉਸ ਨੂੰ ਯਕੀਨ ਹੋ ਗਿਆ ਕਿ ਇਹ ਕੋਈ ਆਮ ਇਨਸਾਨ ਨਹੀਂ ਹੈ, ਪ੍ਰਮਾਤਮਾ ਦਾ ਸਰੂਪ ਹੀ ਹੈ। ਇਹ ਵੇਖ ਕੇ ਉਸ ਤੋਂ ਰਿਹਾ ਨਾ ਗਿਆ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਕੁਝ ਹੀ ਪਲਾਂ ਵਿਚ ਮਾਲਕ ਤੋਂ ਦਾਸ ਬਣ ਗਿਆ। ਇਸ ਅਵਸਥਾ ਵਿਚ ਉਸਨੇ ਗੁਰੂ ਜੀ ਦੇ ਅੱਗੇ ਵਾਸਤਾ ਪਾਇਆ, "ਮੈਥੋਂ ਬੜੀ ਭੁੱਲ ਹੋਈ ਹੈ, ਜੋ ਮੈਂ ਆਪ ਜੀ ਨੂੰ ਪਹਿਲਾਂ ਸਮਝ ਨਹੀਂ ਸਕਿਆ ਤੇ ਬਾਕੀ ਗ਼ੁਲਾਮਾਂ ਵਾਂਗ ਹੀ ਬਦਸਲੂਕੀ ਕਰਦਾ ਰਿਹਾ ਹਾਂ, ਅੱਜ ਤੋਂ ਤੁਸੀਂ ਮਾਲਕ ਤੇ ਮੈਂ ਤੁਹਾਡਾ ਸੇਵਕ ਬਣ ਗਿਆ ਹਾਂ।"

ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ, "ਇਹ ਜੋ ਲੁੱਟ-ਘਸੁੱਟ ਕਰਕੇ ਧੰਨ ਮਾਲ ਇਕੱਠਾ ਕਰ ਰਿਹਾ ਹੈਂ, ਇਹ ਇੱਥੇ ਹੀ ਰਹਿ ਜਾਣਾ ਹੈ ਅਤੇ ਮਰਨ ਉਪਰੰਤ ਨਾਲ ਕੁਝ ਵੀ ਨਹੀਂ ਜਾਣਾ। ਜੇ ਕੁਝ ਨਾਲ ਜਾਣਾ ਹੈ ਤਾਂ ਚੰਗੇ ਜਾਂ ਮਾੜੇ ਕੰਮ ਹੀ ਨਾਲ ਜਾਣੇ ਹਨ। ਇਸ ਕਰਕੇ ਸਾਰੇ ਦਾਸਾਂ ਨੂੰ ਆਜ਼ਾਦ ਕਰਕੇ ਧਰਮ ਦੀ ਕਿਰਤ ਕਰਕੇ ਖਾਓ ਅਤੇ ਉਸ ਮਾਲਕ ਦੀ ਯਾਦ ਵਿਚ ਸਦਾ ਜੁੜੇ ਰਹੋ।"


ਰੁਹੇਲੇ ਸਰਦਾਰ ਨੇ ਗੁਰੂ ਜੀ ਸਮੇਤ ਸਾਰੇ ਦਾਸ ਆਜ਼ਾਦ ਕਰ ਦਿੱਤੇ। ਰੁਹੇਲੇ ਸਰਦਾਰ ਦੇ ਪਿੱਛੋਂ ਉਸ ਇਲਾਕੇ ਦੇ ਹੋਰ ਬਦਮਾਸ਼ ਵੀ ਗੁਰੂ ਜੀ ਦੇ ਚਰਨੀਂ ਢੱਠੇ ਤੇ ਸਿੱਖ ਬਣ ਗਏ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕਰਕੇ ਕੁਝ ਦਿਨ ਆਪਣੇ ਪਾਸ ਰਹਿਣ ਲਈ ਮਨਾ ਲਿਆ ਅਤੇ ਗੁਰੂ ਜੀ ਦੀ ਖ਼ੂਬ ਸੇਵਾ ਕੀਤੀ। ਰੁਹੇਲ ਖੰਡ ਦੇ ਸਾਰੇ ਇਲਾਕੇ ਨੇ ਸਿੱਖੀ ਧਾਰਨ ਕੀਤੀ।


Raj Singh Paul's
PENCILS 2019

## 32. ਕੌਡਾ ਰਾਖਸ਼ :-

ਕੋਚੀਨ ਤੋਂ ਗੁਰੂ ਜੀ ਤੇ ਭਾਈ ਮਰਦਾਨਾ ਆਂਦਰਾ-ਪ੍ਰਦੇਸ਼ ਦੇ ਇਕ ਜੰਗਲ ਵਿਚੋਂ ਜਾ ਰਹੇ ਸਨ। ਉਸ ਜੰਗਲ ਦੇ ਲੋਕ ਖੇਤੀ ਵਗੈਰਾ ਨਹੀਂ ਕਰਦੇ ਸਨ ਅਤੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਹੀ ਨਿਰਬਾਹ ਕਰਦੇ ਸਨ। ਕਿਸੇ ਕਾਰਨ ਜੇ ਸ਼ਿਕਾਰ ਨਾ ਮਿਲੇ ਤਾਂ ਜੰਗਲ ਵਿਚੋਂ ਦਰੱਖਤਾਂ ਦੇ ਫਲ-ਪੱਤੇ, ਆਦਿ, ਖਾ ਕੇ ਹੀ ਗੁਜ਼ਾਰਾ ਕਰ ਲੈਂਦੇ ਸਨ ਅਤੇ ਕੱਪੜਿਆਂ ਦੀ ਥਾਂ ਚਮੜੇ ਨਾਲ ਸਰੀਰ ਢੱਕਦੇ ਸਨ। ਉਸ ਜੰਗਲ ਵਿਚ ਗੁਰੂ ਜੀ ਅਤੇ ਭਾਈ ਮਰਦਾਨਾ ਨੂੰ ਦੋ ਦਿਨ ਤਕ ਖਾਣ ਨੂੰ ਕੁਝ ਨਾ ਮਿਲਿਆ। ਭਾਈ ਮਰਦਾਨਾ ਨੇ ਗੁਰੂ ਜੀ ਨੂੰ ਆਖਿਆ ਕਿ ਭੁੱਖ ਬਹੁਤ ਲੱਗੀ ਹੈ। ਗੁਰੂ ਜੀ ਨੇ ਕੁਝ ਚਿਰ ਧੀਰਜ ਕਰਨ ਦਾ ਉਪਦੇਸ਼ ਦਿੱਤਾ ਤਾਂ ਭਾਈ ਮਰਦਾਨਾ ਕੁਝ ਖਾਣ ਦੀ ਭਾਲ ਵਿਚ ਇਕ ਪਾਸੇ ਨੂੰ ਨਿਕਲ ਗਏ, ਜਿੱਧਰ ਕੌਡੇ ਰਾਖਸ਼ ਦਾ ਟਿਕਾਣਾ ਸੀ। ਕੌਡੇ ਰਾਖਸ਼ ਨੇ ਉਸਨੂੰ ਫੜ ਕੇ ਬੰਨ੍ਹ ਲਿਆ ਅਤੇ ਤਲ ਕੇ ਖਾਣ ਲਈ ਤੇਲ ਦੇ ਕੜਾਹੇ ਥੱਲੇ ਤੇਜ ਅੱਗ ਬਾਲ ਦਿੱਤੀ। ਜਦ ਭਾਈ ਮਰਦਾਨਾ ਵਾਪਸ ਨਾ ਮੁੜਿਆ ਤਾਂ ਗੁਰੂ ਜੀ ਕੁਝ ਚਿਰ ਉਡੀਕਣ ਪਿੱਛੋਂ, ਜਿੱਧਰ ਉਹ ਗਿਆ ਸੀ, ਉਸ ਪਾਸੇ ਵੱਲ ਚੱਲ ਪਏ। ਅੱਗੇ ਜਾ ਕੇ ਕੀ ਵੇਖਦੇ ਹਨ ਕਿ ਭਾਈ ਮਰਦਾਨਾ ਨੂੰ ਬੰਨ੍ਹਿਆ ਹੋਇਆ ਹੈ ਅਤੇ ਉਸਨੂੰ ਤਲ ਕੇ ਖਾਣ ਲਈ ਤੇਲ ਦੇ ਕੜਾਹੇ ਥੱਲੇ ਅੱਗ ਬਲ ਰਹੀ ਹੈ।

ਗੁਰੂ ਜੀ ਦੇ ਉਸ ਥਾਂ ਜਾਣ ਦੀ ਦੇਰ ਸੀ ਕਿ ਸਾਰੀ ਖੇਡ ਉਲਟੀ ਪੈ ਗਈ — ਭਾਈ ਮਰਦਾਨਾ ਜਿਸਨੂੰ ਮੌਤ ਦਾ ਡਰ ਖਾਈ ਜਾ ਰਿਹਾ ਸੀ, ਬੇਫ਼ਿਕਰ ਹੋ ਗਿਆ ਕਿ ਹੁਣ ਜਾਨ ਬਚ ਜਾਵੇਗੀ। ਕੌਡਾ ਰਾਖਸ਼ ਵੀ ਦਰਸ਼ਨ ਕਰਕੇ ਨਿਹਾਲ ਹੋਇਆ ਅਤੇ ਉਸਦੇ ਹੱਥੋਂ ਲੱਕੜਾਂ ਜੋ ਅੱਗ ਤੇਜ ਕਰਨ ਲਈ ਲਿਆ ਰਿਹਾ ਸੀ, ਛੁੱਟ ਗਈਆਂ ਤੇ ਉਹ ਭਾਈ ਮਰਦਾਨਾ ਨੂੰ ਖੋਲਣ ਲਈ ਭੱਜਿਆ। ਤੇਲ ਦਾ ਕੜਾਹਾ ਵੀ ਠੰਡਾ ਹੋ ਗਿਆ ਸੀ। ਕੌਡਾ ਰਾਖਸ਼ ਨੇ ਗੁਰੂ ਜੀ ਦੇ ਚਰਨਾਂ 'ਤੇ ਸਿਰ ਰੱਖ ਕੇ ਬੇਨਤੀ ਕੀਤੀ, "ਮੈਨੂੰ ਬਖ਼ਸ਼ ਦਿਓ। ਮੇਰੇ ਪਾਸੋਂ ਵੱਡੀ ਭੁੱਲ ਹੋ ਗਈ ਹੈ।" ਗੁਰੂ ਜੀ ਨੇ ਆਖਿਆ, "ਅਸੀਂ ਸੈਂਕੜੇ ਮੀਲਾਂ ਦਾ ਸਫ਼ਰ ਕਰਕੇ ਤੈਨੂੰ ਤਾਰਨ ਵਾਸਤੇ ਤੇਰੇ ਪਾਸ ਆਏ ਹਾਂ। ਤੂੰ ਇਹ ਆਦਮਖ਼ੋਰੀ ਦੀ ਆਦਤ ਛੱਡ ਦੇ।" ਕੌਡਾ ਹੱਥ ਜੋੜ ਕੇ ਉੱਠ ਖਲੋਤਾ ਅਤੇ ਗੁਰੂ ਜੀ ਤੇ ਭਾਈ ਮਰਦਾਨਾ ਲਈ ਭੋਜਨ ਦਾ ਪ੍ਰਬੰਧ ਕਰਨ ਲੱਗਾ। ਭਾਈ ਮਰਦਾਨਾ ਭੋਜਨ ਛੱਕ ਕੇ ਪ੍ਰਸੰਨ-ਚਿਤ ਹੋ ਗਏ। ਕੌਡੇ ਰਾਖਸ਼ ਨੇ ਵੀ ਆਦਮਖ਼ੋਰੀ ਕਰਨ ਤੋਂ ਤੌਬਾ ਕਰ ਦਿੱਤੀ ਤੇ ਗੁਰੂ ਜੀ ਦਾ ਨਿਮਰਤਾ ਸਹਿਤ ਧੰਨਵਾਦ ਕੀਤਾ।


Raj Singh Paul's
PENCILS 2019

## 33. ਭਾਈ ਭਗੀਰਥ ਦੀ ਸਾਖੀ :-

ਸੁਲਤਾਨਪੁਰ ਲੋਧੀ ਵਿਖੇ ਗੁਰੂ ਜੀ ਦਾ, ਪਹਿਰ ਰਾਤ ਰਹਿੰਦਿਆਂ ਵੇਈਂ ਤੋਂ ਇਸ਼ਨਾਨ ਕਰਕੇ ਮਾਲਕ ਦੀ ਕੀਰਤੀ ਵਿਚ ਜੁੜ ਜਾਣਾ ਅਤੇ ਰਾਤ ਨੂੰ ਵੀ ਇਸੇ ਤਰ੍ਹਾਂ ਭਾਈ ਮਰਦਾਨਾ ਜੀ ਦੀ ਰਬਾਬ ਦੇ ਸੰਗੀਤ ਨਾਲ ਸੁਰ ਮਿਲਾ ਕੇ ਕੀਰਤਨ ਕਰਨ ਤੋਂ ਪ੍ਰਭਾਵਤ ਹੋ ਕੇ ਪਿੰਡ ਮੈਲਸੀਹਾਂ ਦਾ ਨੰਬਰਦਾਰ, ਜਿਸਦਾ ਨਾਂ ਭਾਈ ਭਗੀਰਥ ਸੀ, ਗੁਰੂ ਜੀ ਦਾ ਸਿੱਖ ਬਣ ਗਿਆ।

ਭਾਈ ਮਨੀ ਸਿੰਘ ਜੀ ਅਨੁਸਾਰ, ਭਾਈ ਭਗੀਰਥ ਨੇ ਇਕ ਰਾਤ ਗੁਰੂ ਨਾਨਕ ਸਾਹਿਬ ਜੀ ਦੇ ਡੇਰੇ 'ਕਾਲੀ' ਨੂੰ ਝਾੜੂ ਦਿੰਦੇ ਤੱਕਿਆ ਅਤੇ ਹੈਰਾਨ ਹੋ ਗਿਆ। 'ਕਾਲੀ' ਨੇ ਆਖਿਆ, "ਭਾਈ ਭਗੀਰਥ ਜੀ! ਹੈਰਾਨ ਕਿਉਂ ਹੁੰਦੇ ਹੋ? ਮਹਾਂਪੁਰਖਾਂ ਦੇ ਦਰਸ਼ਨ ਦੀਦਾਰੇ ਕਰਨ ਅਤੇ ਸੇਵਾ ਕਰਨ ਨਾਲ ਹੀ ਸ਼ਕਤੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਦੀ ਇਹੀ ਸਿੱਖਿਆ ਹੈ ਕਿ ਲੋਕ-ਸੇਵਾ ਤੋਂ ਸ਼ਕਤੀ ਪ੍ਰਾਪਤ ਹੁੰਦੀ ਹੈ ਅਤੇ ਮਹਾਂਪੁਰਖਾਂ ਦੀ ਸੰਗਤ ਤੋਂ ਦਰਸ਼ਨ ਦੀਦਾਰ ਹੁੰਦਾ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਵਾਹਿਗੁਰੂ ਦੀ ਕੀਰਤੀ ਕਰਨ ਨਾਲ ਵੀ ਉਸ ਮਾਲਕ ਦੇ ਦਿਦਾਰ ਹੁੰਦੇ ਹਨ।"

ਇਹ ਸਾਰੀ ਗਲਬਾਤ ਦਾ ਭਾਈ ਭਗੀਰਥ ਜੀ 'ਤੇ ਅਸਰ ਹੋਇਆ ਅਤੇ ਰੋਜ਼ ਗੁਰੂ ਜੀ ਦੇ ਨਾਲ ਵੇਈਂ 'ਤੇ ਜਾਣ ਲੱਗ ਪਿਆ। ਇਸ ਤਰ੍ਹਾਂ ਉਹ ਦਿਨ-ਰਾਤ ਅਭਿਆਸ ਕਰਨ ਅਤੇ ਸੇਵਾ ਕਰਨ ਵਿਚ ਲੱਗਿਆ ਰਹਿੰਦਾ। ਭਾਈ ਭਗੀਰਥ ਬਾਰੇ, ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ ਭਾਈ ਭਗੀਰਥ ਪ੍ਰਭੂ ਦਾ ਹੀ ਗੁਣ-ਗਾਇਨ ਕਰਦੇ ਅਤੇ ਹੋਰ ਕਿਸੇ ਕਰਮ-ਕਾਂਡ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ।

## 34. ਭਾਈ ਮਨਸੁਖ ਅਤੇ ਗੁਰੂ ਜੀ ਦੀ ਲੰਕਾ ਫੇਰੀ :-

ਗੁਰੂ ਨਾਨਕ ਸਾਹਿਬ ਦੂਰੋਂ-ਨੇੜਿਓਂ ਕਿਧਰੋਂ ਵੀ ਸੌਦਾ-ਪੱਤਾ ਲੈਣ ਲਈ ਭਾਈ ਭਗੀਰਥ ਨੂੰ ਹੀ ਭੇਜਦੇ ਸਨ। ਇਕ ਵਾਰ ਕਿਸੇ ਲੋੜਵੰਦ ਗ਼ਰੀਬ ਦੀ ਲੜਕੀ ਦੇ ਵਿਆਹ ਦਾ ਸੌਦਾ ਖਰੀਦਣ ਲਈ ਭਾਈ ਭਗੀਰਥ ਨੂੰ ਲਾਹੌਰ ਭੇਜਿਆ। ਉੱਥੇ ਭਾਈ ਭਗੀਰਥ ਜੀ ਦਾ, ਭਾਈ ਮਨਸੁਖ ਨਾਲ ਮਿਲਾਪ ਹੋਇਆ ਅਤੇ ਕੁਝ ਸਮਾਂ ਭਾਈ ਭਗੀਰਥ ਦੀ ਸਾਦਾ ਰਹਿਣੀ-ਬਹਿਣੀ ਅਤੇ ਨਿੱਤ ਦੀ ਕਿਰਿਆ ਵੇਖਣ ਦਾ ਮੌਕਾ ਮਿਲਿਆ। ਭਾਈ ਭਗੀਰਥ ਦੀ ਰਹਿਣੀ-ਬਹਿਣੀ ਬਹੁਤ ਸਾਫ਼ ਸੁਥਰੀ ਅਤੇ ਪਖੰਡ ਰਹਿਤ ਸੀ। ਭਾਈ ਮਨਸੁਖ ਨੇ ਉਸ ਤੋਂ ਪ੍ਰਭਾਵਿਤ ਹੋ ਕੇ, ਜਿਹੜਾ ਚੂੜਾ ਆਪਣੀ ਲੜਕੀ ਦੇ ਵਿਆਹ ਲਈ ਤਿਆਰ ਕਰਵਾਇਆ ਸੀ, ਉਸਨੂੰ ਲੈ ਕੇ ਗੁਰੂ ਜੀ ਪਾਸ ਪੁੱਜਾ। ਉਸ ਗ਼ਰੀਬ ਖੱਤਰੀ ਦੀ ਲੜਕੀ ਵਾਸਤੇ ਚੂੜਾ ਭੇਟ ਕੀਤਾ। ਗੁਰੂ ਜੀ ਨੇ ਭਾਈ ਮਨਸੁਖ ਦੀ ਕਾਰਜ-ਕੁਸ਼ਲਤਾ ਤੋਂ ਪ੍ਰਭਾਵਿਤ ਹੋ ਕੇ, ਉਸਨੂੰ ਦੂਰ ਜਾ ਕੇ ਵਪਾਰ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਆਖਿਆ ਕਿ ਮੋਹ-ਮਮਤਾ ਗਵਾ ਕੇ ਹੀ ਮਨ ਦਾ ਸੁੱਖ ਪ੍ਰਾਪਤ ਹੁੰਦਾ ਹੈ।

ਇਹ ਭਾਈ ਮਨਸੁਖ ਦੀ ਈਮਾਨਦਾਰੀ ਅਤੇ ਕੁਸ਼ਲਤਾ ਨਾਲ ਕੀਤੇ ਕਾਰੋਬਾਰ ਦਾ ਹੀ ਸਿੱਟਾ ਸੀ ਕਿ ਗੁਰੂ ਜੀ ਦਾ ਨਾਂ ਲੰਕਾ ਤਕ ਪੁੱਜ ਗਿਆ। ਪ੍ਰੋ.ਸਤਿਬੀਰ ਸਿੰਘ ਅਨੁਸਾਰ ਗੁਰੂ ਜੀ ਨੇ ਭਾਈ ਮਨਸੁਖ ਨੂੰ ਤਿੰਨ ਗੱਲਾਂ ਪੱਲੇ ਬੰਨਣ ਲਈ ਆਖੀਆਂ ਸਨ :- ਨਾਮ ਵਿਚ ਲਿਵ ਲਾਵਣੀ, ਹਉਮੈਂ ਜਿੱਤਨੀ ਅਤੇ ਭਾਣੇ ਵਿਚ ਸੁੱਖ ਮਨਾਉਣਾ।

ਲੰਕਾ ਵਿਚ ਭਾਈ ਭਗੀਰਥ ਦੀ ਸ਼ਿਕਾਇਤ ਹੋਈ ਕਿ ਉਹ ਰਾਜ-ਧਰਮ ਨਹੀਂ ਅਪਣਾਉਂਦਾ। ਭਾਈ ਮਨਸੁਖ ਨੇ ਭਰੇ ਦਰਬਾਰ ਵਿਚ ਆਖਿਆ, "ਜੋ ਤੜਕਸਾਰ ਉੱਠ ਕੇ ਨਾਮ ਸਿਮਰਨ ਕਰਦੇ ਹਨ

ਅਤੇ ਯਥਾ-ਸ਼ਕਤ ਦਾਨ ਕਰਦੇ ਹਨ, ਉਨ੍ਹਾਂ ਨੂੰ ਗਾਇਤ੍ਰੀ ਦੇ ਅਨੇਕ ਪਾਠਾਂ ਦਾ ਫਲ ਮਿਲਦਾ ਹੈ। ਜੋ ਸਭ ਵਿਚ ਇਕ ਪ੍ਰਮੇਸ਼ਰ ਜਾਣ ਕੇ, ਉਸ ਨੂੰ ਯਾਦ ਕਰਦੇ ਹਨ, ਉਨ੍ਹਾਂ ਨੂੰ ਸ਼ਿਵਲਿੰਗ ਆਦਿ ਦੀ ਪੂਜਾ ਕਰਨ ਦੀ ਕੋਈ ਲੋੜ ਨਹੀਂ ਰਹਿੰਦੀ।"

ਰਾਜੇ ਨੇ ਭਾਈ ਮਨਸੁਖ ਨੂੰ ਤਸੀਹੇ ਵੀ ਦਿੱਤੇ ਪਰ ਉਹ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਅਨੁਸਾਰ ਹੀ ਵਿਚਰਦਾ ਰਿਹਾ ਅਤੇ ਉਸਨੇ ਗੁਰੂ ਜੀ ਦੀ ਸ਼ਖਸੀਅਤ ਅਤੇ ਸਿੱਖਿਆ ਤੋਂ ਰਾਜੇ ਨੂੰ ਜਾਣੂ ਕਰਵਾਇਆ। ਰਾਜਾ ਐਨਾ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਪੰਜਾਬ ਆਉਣ ਲਈ ਤਿਆਰ ਹੋ ਗਿਆ ਪਰ ਭਾਈ ਮਨਸੁਖ ਨੇ ਕਿਹਾ ਕਿ ਤੁਸੀਂ ਪਰਜਾ ਦੇ ਹਿੱਤਾਂ ਦਾ ਧਿਆਨ ਰੱਖੋ, ਆਪਣੇ ਸੱਚੇ ਸ਼ਾਸਕ ਵਾਲੇ ਫਰਜ਼ ਪੂਰੀ ਤਰ੍ਹਾਂ ਨਿਭਾਈ ਚੱਲੋ ਅਤੇ ਸੱਚੇ ਦਿਲੋਂ ਗੁਰੂ ਜੀ ਨੂੰ ਯਾਦ ਕਰਦੇ ਰਹੋ; ਉਹ ਜ਼ਰੂਰ ਦਰਸ਼ਨ ਦੇਣਗੇ।


ਰਾਜੇ ਦੀ ਗੁਰੂ ਜੀ ਪ੍ਰਤੀ ਸ਼ਰਧਾ ਬਾਰੇ ਸੁਣ ਕੇ, ਕਈ ਸਾਧੂ ਆਉਣ ਲੱਗ ਪਏ ਕਿ ਗੁਰੂ ਨਾਨਕ ਸਾਹਿਬ ਸਮਝ ਕੇ, ਰਾਜਾ ਸਾਡਾ ਸ਼ਰਧਾਲੂ ਬਣ ਜਾਵੇਗਾ ਪਰ ਰਾਜੇ ਦੀ ਪਰਖ 'ਤੇ ਕੋਈ ਪੂਰਾ ਨਾ ਉਤਰਿਆ। ਜਦ ਗੁਰੂ ਜੀ ਉੱਥੇ ਪੁੱਜੇ ਤੇ ਆਪ ਜੀ ਰਾਜੇ ਦੇ ਬਾਗ ਵਿਚ ਪਹੁੰਚ ਗਏ, ਰਾਜੇ ਨੇ ਬਹੁਤ ਸੁੰਦਰ ਇਸਤਰੀਆਂ ਭੇਜੀਆਂ ਪਰ ਉਹ ਗੁਰੂ ਜੀ ਨੂੰ ਭਰਮਾ ਨਾ ਸਕੀਆਂ। ਪਹਿਲਾਂ ਤਾਂ ਗੁਰੂ ਜੀ ਸਮਾਧੀ-ਲੀਨ ਰਹੇ; ਫਿਰ ਉਚਾਰਿਆ :-

**ਗਾਛਹੁ ਪੁਤ੍ਰੀ ਰਾਜ ਕੁਆਰਿ॥**
**ਨਾਮ ਭਣਹੁ ਸਚੁ ਦੋਤੁ ਸਵਾਰਿ॥** ਅੰਗ: ੧੧੮੭

ਜਾਓ ਬੱਚੀਓ! ਰੱਬ ਦਾ ਨਾਮ ਜਪੋ ਅਤੇ ਸੱਚੇ ਸ਼ਿੰਗਾਰ ਵਾਲੀਆਂ ਬਣੋ। ਮੋਹਣ ਆਈਆਂ ਆਪ ਮੋਹੀਆਂ ਗਈਆਂ ਅਤੇ ਚਰਨੀਂ ਢਹਿ ਪਈਆਂ।

ਰਾਜੇ ਨੇ ਸੁਣਿਆ ਤਾਂ ਬਹੁਤ ਖੁਸ਼ ਹੋਇਆ ਕਿ ਜ਼ਰੂਰ ਗੁਰੂ ਨਾਨਕ ਸਾਹਿਬ ਹੀ ਆਏ ਹੋਣਗੇ। ਉਹ ਰਾਣੀ ਸਮੇਤ ਦਰਸ਼ਨਾਂ ਨੂੰ ਆਇਆ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਨਿਹਾਲ ਹੋ ਗਿਆ। ਦੋਵਾਂ ਜੀਆਂ ਨੇ ਸਿੱਖੀ ਧਾਰਨ ਕੀਤੀ। ਪਰਜਾ ਦੇ ਹੋਰ ਅਨੇਕਾਂ ਲੋਕ ਵੀ ਸਿੱਖ ਬਣੇ। ਰਾਜੇ ਨੂੰ ਸਿੱਖੀ ਦਾ ਪ੍ਰਚਾਰ ਸੌਂਪ ਗੁਰੂ ਜੀ ਵਾਪਸ ਮੁੜੇ।

ਕਈ ਹੋਰ ਪ੍ਰਚਾਰ ਕੇਂਦਰ ਸਥਾਪਿਤ ਕਰਦੇ ਹੋਏ ਗੁਰੂ ਜੀ ਕਜਲੀਬਨ ਪੁੱਜੇ। ਇਥੇ ਸਿੱਧਾਂ ਅਤੇ ਜੋਗੀਆਂ ਦਾ ਵੱਡਾ ਡੇਰਾ ਸੀ, ਜੋ ਰਿਧੀਆਂ-ਸਿਧੀਆਂ ਨਾਲ ਲੋਕਾਂ ਨੂੰ ਡਰਾ ਕੇ ਉਨ੍ਹਾਂ ਦਾ ਸ਼ੋਸ਼ਨ ਕਰਦੇ ਸਨ। ਗੁਰੂ ਜੀ ਨਾਲ ਚਰਚਾ ਹੋਈ ਤੇ ਉਹ ਹਾਰ ਗਏ। ਉਨ੍ਹਾਂ ਨੇ ਗੁਰੂ ਜੀ ਵੱਲੋਂ ਦੱਸੇ ਰਾਹ 'ਤੇ ਚੱਲਣ ਦਾ ਵਚਨ ਦਿੱਤਾ। ਉਥੋਂ 1515 ਈ. ਵਿਚ ਗੁਰੂ ਜੀ ਵਾਪਸ ਕਰਤਾਰਪੁਰ ਪੁੱਜੇ।


Raj Singh Paul's
PENCILS 2019


Raj Singh Paul's
PENCILS 2019


## 35. ਦੱਖਣ ਦੀ ਯਾਤਰਾ ਤੋਂ ਤਲਵੰਡੀ ਵਾਪਸੀ :-

ਵੱਖ-ਵੱਖ ਥਾਵਾਂ 'ਤੇ ਲੋਕਾਂ ਦਾ ਉਧਾਰ ਕਰਦੇ ਹੋਏ ਗੁਰੂ ਜੀ ਦੱਖਣ ਦੀ ਯਾਤਰਾ ਤੋਂ ਵਾਪਸ ਪਰਤੇ। ਰਸਤੇ ਵਿਚ ਥਾਂ-ਥਾਂ 'ਤੇ ਲੋਕਾਂ ਨੂੰ ਤਾਰਦੇ ਹੋਏ ਸੁਲਤਾਨਪੁਰ ਲੋਧੀ ਪਹੁੰਚੇ ਤੇ ਵੇਈਂ ਕਿਨਾਰੇ ਡੇਰਾ ਲਾਇਆ । ਜਦ ਸੁਲਤਾਨਪੁਰ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਸਾਰੇ ਉੱਮੜ ਕੇ ਆਏ । ਦੌਲਤ ਖਾਂ ਲੋਧੀ ਤੇ ਉਹਨਾਂ ਦੇ ਅਹਿਲਕਾਰ ਵੀ ਆਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਏ । ਉਨ੍ਹਾਂ ਨੇ ਗੁਰੂ ਜੀ ਨੂੰ ਬਹੁਤ ਕੀਮਤੀ ਤੋਹਫ਼ੇ ਭੇਟ ਕੀਤੇ, ਜੋ ਗੁਰੂ ਜੀ ਨੇ ਬਾਅਦ ਵਿਚ ਗ਼ਰੀਬਾਂ 'ਚ ਵੰਡ ਦਿੱਤੇ।

ਜਦ ਭੈਣ ਨਾਨਕੀ ਅਤੇ ਭਾਈਆ ਜੈ ਰਾਮ ਜੀ ਨੂੰ ਪਤਾ ਲੱਗਾ ਤਾਂ ਉਹ ਵੀ ਜਦੋਂ ਆ ਕੇ ਮਿਲੇ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਭੈਣ ਨਾਨਕੀ ਖੁਸ਼ੀ ਦੇ ਵਿਚ ਆਪਣੇ ਵੀਰ ਤੋਂ ਵਾਰਨੇ ਜਾ ਰਹੀ ਸੀ। ਗੁਰੂ ਜੀ ਨੇ ਵੇਈਂ ਕਿਨਾਰੇ ਹੀ ਕੁਝ ਦਿਨ ਡੇਰਾ ਲਾਈ ਰੱਖਿਆ ਤੇ ਭਜਨ ਬੰਦਗੀ ਕਰਦੇ ਰਹੇ। ਉਸ ਤੋਂ ਬਾਅਦ ਉਹ ਪਿੰਡੋ-ਪਿੰਡ ਲੋਕਾਂ ਨੂੰ ਤਾਰਦੇ ਹੋਏ ਲਾਹੌਰ ਪਹੁੰਚੇ ਅਤੇ ਭਾਈ ਮਨਸੁਖ ਦੇ ਘਰ ਕੁਝ ਦਿਨ ਡੇਰਾ ਲਾਇਆ। ਉਪਰੰਤ, ਆਪ ਤਲਵੰਡੀ ਪੁੱਜੇ ਤੇ ਪਿੰਡ ਤੋਂ ਬਾਹਰ ਹੀ ਡੇਰਾ ਲਾਇਆ। ਭਾਈ ਮਰਦਾਨਾ ਤਾਂ ਆਪਣੇ ਘਰ ਚਲਾ ਗਿਆ ਪਰ ਗੁਰੂ ਜੀ ਉੱਥੇ ਹੀ ਭਜਨ ਬੰਦਗੀ ਕਰਦੇ ਰਹੇ। ਉੱਥੇ ਹੀ ਗੁਰੂ ਜੀ ਦੇ ਮਾਤਾ ਤ੍ਰਿਪਤਾ ਜੀ ਤੇ ਪਿਤਾ ਮਹਿਤਾ ਕਾਲੂ ਜੀ, ਮਾਤਾ ਸੁਲੱਖਣੀ ਜੀ ਅਤੇ ਦੋਵੇਂ ਸਾਹਿਬਜ਼ਾਦੇ ਲਖਮੀ ਦਾਸ ਤੇ ਸ਼੍ਰੀ ਚੰਦ ਦਰਸ਼ਨਾਂ ਨੂੰ ਆਏ।

ਗੁਰੂ ਜੀ ਨੇ ਸਭ ਨੂੰ ਬਹੁਤ ਪਿਆਰ ਕੀਤਾ ਅਤੇ ਆਖਿਆ ਕਿ ਵਾਹਿਗੁਰੂ 'ਤੇ ਭਰੋਸਾ ਰੱਖੋ, ਉਹ ਸਭ ਦੁੱਖ ਦੂਰ ਕਰਨ ਵਾਲਾ ਹੈ। ਉਹ ਸਭ ਨੂੰ ਦਾਤਾਂ ਦੇਣ ਵਾਲਾ ਹੈ। ਇਸ ਕਰਕੇ ਕਿਸੇ ਨੂੰ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ।

ਇੱਥੇ ਵੀ ਰਾਇ ਬੁਲਾਰ ਜੀ ਦਰਸ਼ਨ ਕਰਕੇ ਨਿਹਾਲ ਹੋਏ। ਕੁਝ ਦਿਨ ਤਲਵੰਡੀ ਠਹਿਰਨ ਉਪਰੰਤ ਗੁਰੂ ਜੀ ਆਪਣੇ ਅਗਲੇ ਸਫ਼ਰ 'ਤੇ ਚੱਲ ਪਏ। ਭਾਈ ਮਰਦਾਨਾ ਵੀ ਉਹਨਾਂ ਦੇ ਨਾਲ ਸਨ।


Raj Singh Paul's
PENCILS 2019

## 36. ਕੋਹੜੀ ਦਾ ਉਧਾਰ :-

ਇਕ ਦਿਨ ਗੁਰੂ ਜੀ ਅਤੇ ਭਾਈ ਮਰਦਾਨਾ ਜ਼ਿਲ੍ਹਾ ਮਿੰਟਗੁਮਰੀ ਦੇ ਇਕ ਪਿੰਡ ਪੁੱਜੇ। ਬਾਰਿਸ਼ ਹੋ ਰਹੀ ਸੀ ਤੇ ਰਾਤ ਦਾ ਵੇਲਾ ਵੀ ਨੇੜੇ ਆ ਰਿਹਾ ਸੀ। ਭਾਈ ਮਰਦਾਨਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਮੀਂਹ ਵਰ੍ਹਦੇ 'ਚ ਰਾਤ ਰਹਿਣ ਲਈ ਕਿਸੇ ਥਾਂ ਦਾ ਪ੍ਰਬੰਧ ਕਰਨ ਲਈ ਮੈਨੂੰ ਪਿੰਡ ਜਾਣ ਦੀ ਆਗਿਆ ਦਿਓ। ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਮਰਦਾਨਾ ਪਿੰਡ ਚਲਾ ਗਿਆ ਪਰ ਉਸਨੂੰ ਇਸ ਔਕੜ ਦਾ ਸਾਹਮਣਾ ਕਰਨਾ ਪਿਆ — ਜੇ ਕਿਸੇ ਹਿੰਦੂ ਦੇ ਘਰ ਜਾਵੇ, ਉਹ ਇਹ ਆਖ ਕੇ ਨਾਂਹ ਕਰ ਦੇਵੇ ਕਿ ਤੁਸੀਂ ਇਕ ਹਿੰਦੂ ਤੇ ਇਕ ਮੁਸਲਮਾਨ ਹੋ, ਇਸਲਈ ਮੈਂ ਦੋਵਾਂ ਨੂੰ ਆਪਣੇ ਘਰ ਨਹੀਂ ਰੱਖ ਸਕਦਾ। ਜੇ ਕਿਸੇ ਮੁਸਲਮਾਨ ਦੇ ਘਰ ਜਾਵੇ ਤਾਂ ਵੀ ਅਜਿਹਾ ਜਵਾਬ ਹੀ ਸੁਣਨ ਨੂੰ ਮਿਲਦਾ। ਆਖਰ ਭਾਈ ਮਰਦਾਨਾ ਮਾਯੂਸ ਹੋ ਕੇ ਵਾਪਿਸ ਆ ਗਏ ਅਤੇ ਗੁਰੂ ਜੀ ਨੂੰ ਆਪਣੀ ਵਿਥਿਆ ਸੁਣਾਈ।

ਐਨੇ ਨੂੰ ਰਾਤ ਦਾ ਹਨ੍ਹੇਰਾ ਵੀ ਪੈਣਾ ਸ਼ੁਰੂ ਹੋ ਗਿਆ ਤੇ ਉਨ੍ਹਾਂ ਨੂੰ ਪਿੰਡੋਂ ਬਾਹਰ ਇਕ ਝੁੱਗੀ ਵਿਚੋਂ ਦੀਵੇ ਦੀ ਲੋਅ ਨਜ਼ਰੀਂ ਪਈ। ਉਸ ਝੁੱਗੀ ਪਾਸ ਪਹੁੰਚ ਗਏ। ਉਸ ਝੁੱਗੀ ਵਿਚ ਇਕ ਕੋਹੜੀ ਰਹਿੰਦਾ ਸੀ, ਜਿਸਨੂੰ ਉਸਦੇ ਭੈੜੇ ਰੋਗ ਦੇ ਕਾਰਨ ਘਰ ਵਾਲਿਆਂ ਨੇ ਖੁੱਲ੍ਹੇ ਥਾਂ 'ਤੇ ਕੁੱਲੀ ਪਾ ਦਿੱਤੀ ਸੀ। ਉਸਨੂੰ ਪ੍ਰਸ਼ਾਦਾ ਉੱਥੇ ਹੀ ਦੇ ਜਾਂਦੇ ਸਨ ਅਤੇ ਪਾਣੀ ਦਾ ਘੜਾ ਜਦੋਂ ਖਾਲੀ ਹੋ ਜਾਂਦਾ ਤਾਂ ਭਰ ਜਾਂਦੇ ਸਨ। ਉਸਦੇ ਭਿਆਨਕ ਰੋਗ ਤੋਂ ਡਰਦੇ ਕੋਈ ਉਸਦੇ ਨੇੜੇ ਨਹੀਂ ਲਗਦਾ ਸੀ। ਜਦ ਗੁਰੂ ਜੀ ਉਸਦੀ ਝੁੱਗੀ ਵਿਚ ਵੜਨ ਲੱਗੇ ਤਾਂ ਉਸਨੇ ਦੱਸਿਆ, "ਅੰਦਰ ਨਾ ਆਓ! ਮੈਂ ਕੋਹੜੀ ਹਾਂ। ਮੇਰੇ ਕੋਲੋਂ ਦੂਰ ਹੀ ਰਹੋ, ਕਿਤੇ ਤੁਹਾਨੂੰ ਵੀ ਮੇਰੀ ਬਿਮਾਰੀ ਨਾ ਲੱਗ ਜਾਵੇ।" ਇਸਦੇ ਬਾਵਜੂਦ ਵੀ ਗੁਰੂ ਜੀ ਉਸਦੀ ਝੁੱਗੀ ਅੰਦਰ ਵੜ ਗਏ ਅਤੇ ਨਾਲ ਹੀ ਭਾਈ ਮਰਦਾਨਾ ਵੀ ਚਲਾ ਗਿਆ।

ਝੁੱਗੀ ਅੰਦਰ ਜਾ ਕੇ ਗੁਰੂ ਜੀ ਨੇ ਭਾਈ ਮਰਦਾਨਾ ਨੂੰ ਰਬਾਬ ਛੇੜਨ ਲਈ ਆਖਿਆ ਅਤੇ ਆਪ ਗੁਰਬਾਣੀ ਕੀਰਤਨ ਕਰਨ ਲੱਗ ਪਏ, ਜਿਸਦਾ ਅਰਥ ਸੀ ਕਿ ਸਰੀਰ ਨੂੰ ਰੋਗ ਤਾਂ ਹੀ ਲਗਦੇ ਹਨ, ਜਦੋਂ ਮਨ ਰੋਗੀ ਹੁੰਦਾ ਹੈ ਅਤੇ ਮਨ ਰੋਗੀ ਓਦੋਂ ਹੁੰਦਾ ਹੈ, ਜਦੋਂ ਇਨਸਾਨ ਪਰਮਾਤਮਾ ਨੂੰ ਯਾਦ ਕਰਨਾ ਭੁੱਲ ਜਾਂਦਾ ਹੈ। ਸਰੀਰ ਦੇ ਰੋਗ, ਜੋ ਬਾਹਰੋਂ ਦਿਸਦੇ ਹਨ, ਆਦਮੀ ਨੂੰ ਦੁੱਖ ਦਿੰਦੇ ਹਨ। ਇਨ੍ਹਾਂ ਬਿਮਾਰੀਆਂ ਦਾ ਇਲਾਜ ਆਪਣੇ ਮਨ ਨੂੰ ਅਕਾਲ-ਪੁਰਖ ਨਾਲ ਜੋੜਨਾ ਹੈ, ਜੋ ਸਰਬ ਕਲਾ ਸਮਰੱਥ ਹੈ, ਜਿਸਨੇ ਸਾਨੂੰ ਹੱਥ, ਪੈਰ, ਅੱਖਾਂ, ਆਦਿ ਦਿੱਤੇ ਹਨ। ਅਰਥਾਤ, ਸਾਰਾ ਸਰੀਰ ਸੇਵਾ ਲਈ ਦਿੱਤਾ ਹੈ ਪਰ ਜਦੋਂ ਅਸੀਂ ਸੇਵਾ ਕਰਨ ਵੱਲ ਧਿਆਨ ਨਹੀਂ ਦਿੰਦੇ ਤਾਂ ਸਰੀਰ ਰੋਗੀ ਹੋ ਜਾਂਦਾ ਹੈ।

ਗੁਰੂ ਜੀ ਦਾ ਕੀਰਤਨ ਤੇ ਉਪਦੇਸ਼ ਸੁਣ ਕੇ ਕੋਹੜੀ ਉੱਠ ਕੇ ਬਹਿ ਗਿਆ ਅਤੇ ਉਸਨੂੰ ਆਪਣੇ ਸਰੀਰ ਅਤੇ ਬਾਕੀ ਅੰਗਾਂ ਵਿਚ ਝਰਨਾਹਟ ਜਿਹੀ ਛਿੜੀ ਤੇ ਕੁਝ ਮਨੋਬਲ ਵਧਿਆ ਅਤੇ ਸਰੀਰ ਵਿਚ ਕਾਫ਼ੀ ਜਾਨ ਪੈ ਗਈ ਮਹਿਸੂਸ ਹੋਈ। ਉਹ ਰਾਤ ਬਹੁਤ ਦੇਰ ਤਕ ਗੁਰੂ ਜੀ ਦੇ ਅਨਮੋਲ ਬਚਨਾਂ ਰਾਹੀਂ ਸਿੱਖਿਆ ਲੈਂਦਾ ਰਿਹਾ। ਜਦੋਂ ਗੁਰੂ ਜੀ ਸਵੇਰੇ ਇਸ਼ਨਾਨ ਕਰਨ ਲਈ ਉੱਠੇ ਤਾਂ ਉਹ ਵੀ ਉਨ੍ਹਾਂ ਦੇ ਨਾਲ ਉੱਠ ਤੁਰਿਆ। ਗੁਰੂ ਜੀ ਤੋਂ ਬਾਅਦ ਜਦ ਉਸਨੇ ਇਸ਼ਨਾਨ ਕੀਤਾ ਤਾਂ ਉਸਨੂੰ ਲੱਗਿਆ ਕਿ ਜਿਵੇਂ ਉਸਨੂੰ ਤਾਂ ਕੋਈ ਰੋਗ ਹੈ ਹੀ ਨਹੀਂ।

ਗੁਰੂ ਜੀ ਤੇ ਭਾਈ ਮਰਦਾਨਾ ਜੀ ਨੂੰ ਝੁੱਗੀ ਵਿਚ ਬਿਠਾ ਕੇ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਘਰ ਚਲਾ ਗਿਆ। ਉਸਨੂੰ ਵੇਖ ਕੇ ਘਰ ਵਾਲੇ ਬਹੁਤ ਖੁਸ਼ ਹੋਏ ਅਤੇ ਹੈਰਾਨ ਹੋ ਕੇ ਪੁੱਛਣ ਲੱਗੇ

ਕਿ ਤੈਨੂੰ ਕਿਸ ਨੇ ਠੀਕ ਕੀਤਾ ਹੈ ਤਾਂ ਉਸਨੇ ਉੱਤਰ ਦਿੱਤਾ, "ਰਾਤ ਦੋ ਮਹਾਂਪੁਰਖ ਉਸਦੀ ਕੁੱਲੀ ਵਿਚ ਆਏ ਸਨ, ਜਿਨ੍ਹਾਂ ਸੱਚੇ ਪਾਤਸ਼ਾਹ ਦੀ ਕੀਰਤੀ ਗਾਈ ਸੀ ਤੇ ਮੈਨੂੰ ਇਹ ਉਪਦੇਸ਼ ਦਿੱਤਾ ਸੀ ਕਿ ਸਾਨੂੰ ਰੋਗ ਉਦੋਂ ਹੀ ਲਗਦੇ ਹਨ ਜਦੋਂ ਅਸੀਂ ਉਸ ਅਕਾਲ-ਪੁਰਖ ਨੂੰ ਭੁੱਲ ਜਾਂਦੇ ਹਾਂ, ਜਿਸਦੀ ਕਿਰਪਾ ਸਦਕਾ ਸਾਨੂੰ ਐਨਾ ਸੋਹਣਾ ਸਰੀਰ ਅਤੇ ਹੱਥ, ਪੈਰ, ਅੱਖਾਂ, ਮੂੰਹ, ਆਦਿ, ਮਿਲੇ ਹਨ, ਜਿਨ੍ਹਾਂ ਨੂੰ ਅਸੀਂ ਕਿਸੇ ਲੋੜਵੰਦ ਦੀ ਸੇਵਾ ਵਿਚ ਨਹੀਂ ਲਾਉਂਦੇ। ਇਹੋ ਜਿਹੀਆਂ ਭੁੱਲਾਂ ਕਰਕੇ ਹੀ ਸਾਡਾ ਪਹਿਲਾਂ ਮਨ ਰੋਗੀ ਹੁੰਦਾ ਹੈ ਤੇ ਉਸਦੇ ਨਾਲ ਹੀ ਸਰੀਰ ਵੀ।"

ਇਹ ਸਾਰੀਆਂ ਗੱਲਾਂ ਸੁਣ ਕੇ ਘਰ ਵਾਲਿਆਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਇਹ ਖ਼ਬਰ ਸਾਰੇ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਗੁਰੂ ਸਾਹਿਬ ਦੀ ਅਜ਼ਮਤ ਬਾਰੇ ਜਾਣ ਕੇ ਜਿਨ੍ਹਾਂ ਲੋਕਾਂ ਨੇ ਪਿਛਲੀ ਸ਼ਾਮ ਨੂੰ ਮਰਦਾਨਾ ਜੀ ਨੂੰ ਰਾਤ ਕੱਟਣ ਲਈ ਇਨਕਾਰ ਕੀਤਾ ਸੀ, ਉਨ੍ਹਾਂ ਨੂੰ ਬਹੁਤ ਪਛਤਾਵਾ ਹੋਇਆ। ਇਸ ਤਰ੍ਹਾਂ ਇਹ ਸਾਰੇ ਤੇ ਪਿੰਡ ਦੇ ਹੋਰ ਸਿਆਣੇ ਲੋਕ ਇਕੱਠੇ ਹੋ ਕੇ ਗੁਰੂ ਜੀ ਪਾਸ ਪਹੁੰਚੇ। ਗੁਰੂ ਜੀ ਕੋਲ ਜਾ ਕੇ ਉਨ੍ਹਾਂ ਦੇ ਚਰਨ ਛੂਹੇ ਅਤੇ ਬੇਨਤੀ ਕੀਤੀ ਕਿ ਸਾਥੋਂ ਹੋਈਆਂ ਭੁੱਲਾਂ ਦੀ ਖਿਮਾ ਬਖ਼ਸ਼ੀ ਜਾਵੇ। ਸਾਡੇ ਉੱਤੇ ਮਿਹਰ ਕਰਕੇ ਸਾਨੂੰ ਵੀ ਨਾਮ ਮਿਸਰਨ ਅਤੇ ਸੇਵਾ ਕਰਨ ਦਾ ਵਰ ਬਖ਼ਸ਼ਿਆ ਜਾਵੇ।

ਗੁਰੂ ਜੀ ਨੇ ਸਾਰੇ ਪਿੰਡ ਵਾਸੀਆਂ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ ਅਤੇ ਆਖਿਆ, "ਸਾਰਾ ਪਿੰਡ ਉੱਦਮ ਕਰਕੇ ਪਿੰਡ ਵਿਚ ਇਕ ਧਰਮਸ਼ਾਲਾ ਤਿਆਰ ਕਰਵਾ ਦਿਓ, ਜਿਸ ਵਿਚ ਹਰ ਕਿਸਮ ਦਾ ਰਾਹੀ ਰਾਤ ਕੱਟ ਸਕੇ ਤੇ ਇਕ ਵਾਰ ਫਿਰ ਪੱਕੀ ਕੀਤੀ ਕਿ ਪਰਮਾਤਮਾ ਵੱਲੋਂ ਬਖ਼ਸ਼ੇ ਸੁੰਦਰ ਸਰੀਰ ਤੇ ਅੰਗਾਂ-ਪੈਰਾਂ ਨੂੰ ਸੇਵਾ ਅਤੇ ਸਿਮਰਨ ਕਰਨ ਵੱਲ ਹਰ ਵੇਲੇ ਲਾਈ ਰੱਖਣਾ ਇਕ ਉੱਤਮ ਕਰਮ ਹੈ ਜਿਸ ਨਾਲ ਤਨ ਅਤੇ ਮਨ ਅਰੋਗ ਰਹਿੰਦੇ ਹਨ।"


Raj Singh Paul's
PENCILS 2019

## 37. ਪੀਰ ਹਮਜ਼ਾ ਗੌਂਸ ਨੂੰ ਉਪਦੇਸ਼ :-

ਆਪਣੀ ਦੂਸਰੀ ਉਦਾਸੀ ’ਤੇ ਜਾਂਦੇ ਸਮੇਂ ਗੁਰੂ ਜੀ ਸਿਆਲਕੋਟ ਪੁੱਜੇ। ਉਥੇ ਇਕ ਪੀਰ ਦਾ ਡੇਰਾ ਸੀ, ਜਿਥੇ ਬਹੁਤ ਭੀੜ ਇਕੱਠੀ ਹੋਈ ਸੀ। ਗੁਰੂ ਜੀ ਨੇ ਭੀੜ ਦਾ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਪੀਰ ਹਮਜ਼ਾ ਗੌਂਸ ਗੁੱਸੇ ਤਾਂ ਇਕ ਵਿਅਕਤੀ ਨਾਲ ਹੈ ਪਰ ਗੁੱਸੇ ਵਿਚ ਸਾਰੇ ਸ਼ਹਿਰ ਨੂੰ ਝੂਠਿਆਂ ਦਾ ਸ਼ਹਿਰ ਦੱਸ ਕੇ, ਆਪਣੇ ਗੁੰਬਦ ਵਿਚ ਵੜ ਕੇ ਚਾਲੀ ਦਿਨ ਖ਼ੁਦਾਵੰਦ ਕਰੀਮ ਅੱਗੇ ਪ੍ਰਾਰਥਨਾ ਕਰ ਰਿਹਾ ਹੈ ਕਿ ਸਾਰਾ ਸ਼ਹਿਰ ਗਰਕ ਹੋ ਜਾਵੇ ਕਿਉਂਕਿ ਇਸ ਸ਼ਹਿਰ ਵਿਚ ਝੂਠੇ ਲੋਕ ਵਸਦੇ ਹਨ।

ਗੁਰੂ ਜੀ ਨੇ ਭਾਈ ਮਰਦਾਨਾ ਨੂੰ ਇਹ ਕਹਿ ਕੇ ਪੀਰ ਪਾਸ ਭੇਜਿਆ, “ਐਨੇ ਕ੍ਰੋਧ ਵਿਚ ਆ ਕੇ ਸਾਰੇ ਪਿੰਡ ਨੂੰ ਮਾੜਾ ਕਹਿਣਾ ਠੀਕ ਨਹੀਂ ਹੈ ਤੇ ਤੁਸੀਂ ਆਪਣਾ ਹੱਠ ਤਿਆਗ ਦੇਵੋ।” ਪਰ, ਪੀਰ ਦੇ ਚੇਲਿਆਂ ਨੇ ਭਾਈ ਮਰਦਾਨਾ ਨੂੰ ਰਾਹ ’ਚੋਂ ਹੀ ਮੋੜ ਦਿੱਤਾ ਤੇ ਪੀਰ ਨੂੰ ਮਿਲਣ ਹੀ ਨਾ ਦਿੱਤਾ। ਭਾਈ ਮਰਦਾਨਾ ਨੇ ਵਾਪਸ ਆ ਕੇ ਗੁਰੂ ਜੀ ਨੂੰ ਇਸ ਬਾਰੇ ਦੱਸਿਆ ਤਾਂ ਗੁਰੂ ਜੀ ਨੇ ਭਾਈ ਮਰਦਾਨਾ ਨੂੰ ਆਖਿਆ ਭਾਈ ਜੀ! ਰਬਾਬ ਛੇੜੋ। ਮਾਲਕ ਦੀ ਕੀਰਤੀ ਵਿਚ ਜੁੜੀਏ।


ਜਦ ਗੁਰੂ ਜੀ ਨੇ ਸ਼ਬਦ ਗਾਇਨ ਕੀਤਾ ਤਾਂ ਪੀਰ ਦਾ ਗੁੰਬਦ ਫੱਟ ਗਿਆ ਤੇ ਸੂਰਜ ਦੀਆਂ ਕਿਰਨਾਂ ਅੰਦਰ ਪ੍ਰਵੇਸ਼ ਕਰ ਗਈਆਂ। ਗੁੱਸੇ ਨਾਲ ਭਰਿਆ ਪੀਰ ਬਾਹਰ ਨਿਕਲ ਆਇਆ ਤੇ ਗੁਰੂ ਜੀ ਨੂੰ ਕਹਿਣ ਲੱਗਾ, “ਤੁਸੀਂ ਮੇਰਾ ਚਲੀਹਾ ਭੰਗ ਕਰਕੇ ਚੰਗਾ ਨਹੀਂ ਕੀਤਾ। ਇਹ ਤਾਂ ਸਾਰਾ ਝੂਠਿਆਂ ਦਾ ਸ਼ਹਿਰ ਹੈ, ਇਸਲਈ ਮੈਂ ਇਸ ਨੂੰ ਗਰਕ ਕਰਨਾ ਚਾਹੁੰਦਾ ਸੀ। ਇਸ ਸ਼ਹਿਰ ਦੇ ਇਕ ਸੇਠ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਜੇ ਮੈਂ ਖ਼ੁਦਾ ਅੱਗੇ ਬੇਨਤੀ ਕਰਕੇ ਉਸਨੂੰ ਇਕ ਪੁੱਤਰ ਲੈ ਦੇਵਾਂ ਤਾਂ ਉਹ ਪੁੱਤਰ, ਉਹ ਸੇਠ ਮੇਰੀ ਸੇਵਾ ਵਿਚ ਮੈਨੂੰ ਹੀ ਦੇ ਦੇਵੇਗਾ। ਮੈਂ ਤਾਂ ਖ਼ੁਦਾ ਪਾਸੋਂ ਉਸਨੂੰ ਪੁੱਤਰ ਲੈ ਦਿੱਤਾ ਸੀ ਪਰ ਉਹ ਆਪਣੇ ਕੀਤੇ ਵਾਅਦੇ ਤੋਂ ਮੁਕਰ ਗਿਆ ਹੈ। ਸਾਰਾ ਸ਼ਹਿਰ ਵੀ ਉਸ ਨਾਲ ਹਮਦਰਦੀ ਕਰਦਾ ਹੈ। ਮੇਰੇ ਵੱਲ ਕੋਈ ਧਿਆਨ ਨਹੀਂ ਦਿੰਦਾ।” ਗੁਰੂ ਜੀ ਨੇ ਪੀਰ ਨੂੰ ਆਖਿਆ ਕਿ ਆਪਾਂ ਹੁਣੇ ਹੀ ਸਾਰੇ ਮਾਮਲੇ ਦੀ ਜਾਂਚ ਕਰ ਲੈਂਦੇ ਹਾਂ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਆਖਿਆ ਕਿ ਬਾਜ਼ਾਰ ਵਿਚੋਂ ਇਕ ਪੈਸੇ ਦਾ ਝੂਠ ਅਤੇ ਇਕ ਪੈਸੇ ਦਾ ਸੱਚ ਖਰੀਦ ਲਿਆਵੇ। ਹਰੇਕ ਦੁਕਾਨਦਾਰ ਭਾਈ ਮਰਦਾਨੇ ਨੂੰ ਸ਼ੁਦਾਈ ਸਮਝ ਕੇ ਟਰਕਾਈ ਜਾਵੇ ਅਤੇ ਅੱਗੇ ਤੋਰੀ ਜਾਵੇ। ਆਖਰ ਭਾਈ ਮਰਦਾਨਾ ਇਕ ਖੱਤਰੀ ਮੂਲ ਚੰਦ ਦੀ ਦੁਕਾਨ ’ਤੇ ਗਿਆ। ਉਸ ਦੁਕਾਨਦਾਰ ਨੇ ਦੋ ਪੈਸੇ ਲੈ ਲਏ ਅਤੇ ਇਕ ਪਰਚੀ ’ਤੇ ਲਿੱਖ ਦਿੱਤਾ, “ਮਰਨਾ ਸੱਚ ਅਤੇ ਜਿਊਣਾ ਝੂਠ।” ਮਰਦਾਨੇ ਨੇ ਉਹ ਪਰਚੀ ਗੁਰੂ ਜੀ ਨੂੰ ਦੇ ਦਿੱਤੀ।

ਗੁਰੂ ਜੀ ਨੇ ਉਹ ਪਰਚੀ ਪੀਰ ਜੀ ਨੂੰ ਦਿਖਾਈ ਅਤੇ ਆਖਿਆ ਕਿ ਇਸ ਸ਼ਹਿਰ ਵਿਚ ਸੱਚੇ ਲੋਕ ਵੀ ਵਸਦੇ ਹਨ, ਇਸਲਈ ਸ਼ਹਿਰ ਨੂੰ ਗਰਕ ਕਰਨਾ ਠੀਕ ਨਹੀਂ। ਗੁਰੂ ਜੀ ਨੇ ਮੂਲ ਚੰਦ ਨੂੰ ਪੀਰ ਦੇ ਡੇਰੇ ਬੁਲਾ ਲਿਆ ਤੇ ਉਸਨੂੰ ਆਖਿਆ ਕਿ ਤੂੰ ਪਰਚੀ ’ਤੇ ਲਿਖਿਆ ਹੈ ਕਿ ‘ਮਰਨਾ ਸੱਚ ਹੈ’ ਜੇ ਤੈਨੂੰ ਇਸ ਗੱਲ ਦਾ ਯਕੀਨ ਹੈ ਤਾਂ ਤੂੰ ਘਰ-ਬਾਰ ਆਪਣੇ ਪੁੱਤਰਾਂ ਦੇ ਹਵਾਲੇ ਕਰਕੇ, ਪੀਰ ਦੀ ਸੇਵਾ ਵਿਚ ਆ ਜਾ। ਮੂਲ ਚੰਦ ਨੇ ਇੰਜ ਕਰਨਾ ਮੰਨ ਲਿਆ ਅਤੇ ਆਪਣਾ ਸਭ ਕੁਝ ਛੱਡ ਕੇ ਪੀਰ ਦੀ ਸੇਵਾ ਵਿਚ ਹਾਜ਼ਰ ਹੋ ਗਿਆ।

ਪੀਰ ਜੀ ਨੇ ਗੁਰੂ ਜੀ ਦੀ ਸਿੱਖਿਆ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਹ ਵੇਖ ਕੇ ਪੀਰ ਬਹੁਤ ਖੁਸ਼ ਹੋਇਆ ਤੇ ਉਸਦਾ ਸਾਰਾ ਗੁੱਸਾ ਜਾਂਦਾ ਰਿਹਾ। ਸ਼ਹਿਰ ਵਾਲੇ ਵੀ ਪੀਰ ਜੀ ਨੂੰ ਖੁਸ਼ ਵੇਖ ਕੇ, ਬੇਫ਼ਿਕਰ ਹੋ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ।

ਗੁਰੂ ਜੀ ਨੇ ਪੀਰ ਨੂੰ ਸਮਝਾਇਆ ਖ਼ੁਦਾ ਬਹੁਤ ਬੇਅੰਤ ਹੈ। ਉਸ ਅੱਗੇ ਸ਼ਹਿਰ ਨੂੰ ਗਰਕ ਕਰਨ ਦੀ ਪ੍ਰਾਰਥਨਾ ਕਰਨੀ, ਕਿਸੇ ਨੂੰ ਵੀ ਸ਼ੋਭਦੀ ਨਹੀਂ। ਤੁਸੀਂ ਤਾਂ ਧਾਰਮਿਕ ਵਿਅਕਤੀ ਹੋ। ਪੀਰਾਂ-ਫ਼ਕੀਰਾਂ ਦਾ ਤਾਂ ਕੰਮ ਹੈ, ਰੱਬ ਦੀ ਰਜ਼ਾ ਵਿਚ ਰਹਿਣਾ ਅਤੇ ਸਰਬੱਤ ਦਾ ਭਲਾ ਮੰਗਣਾ। ਖ਼ੁਦਾ ਬੜਾ ਬੇਅੰਤ ਹੈ ਅਤੇ ਉਸ ਨਾਲ ਟੱਕਰ ਲੈਣੀ ਸ਼ੋਭਦੀ ਨਹੀਂ। ਪੀਰ-ਫ਼ਕੀਰ ਨੂੰ ਤਾਂ ਕਿਸੇ ਦਾ ਬੁਰਾ ਕਰਨ ਦਾ ਸੁਪਨੇ ਵਿਚ ਵੀ ਖਿਆਲ ਨਹੀਂ ਆਉਣਾ ਚਾਹੀਦਾ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਪੀਰ ਦੀ ਨਿਸ਼ਾ ਹੋ ਗਈ।


Raj Singh Paul's
PENCILS 2019

## 38. ਮੀਆਂ ਮਿੱਠੇ ਸ਼ਾਹ :-

ਪੀਰ ਹਮਜ਼ਾ ਗੌਂਸ ਨੂੰ ਰੱਬੀ ਗਿਆਨ ਦੇ ਕੇ ਗੁਰੂ ਜੀ ਅੱਗੇ ਚਲ ਪਏ । ਸਿਆਲਕੋਟ ਪਹੁੰਚ ਕੇ ਗੁਰੂ ਜੀ ਨੂੰ ਪਤਾ ਲੱਗਾ ਕਿ ਇੱਥੋਂ ਥੋੜੀ ਦੂਰੀ 'ਤੇ ਇਕ ਪ੍ਰਸਿੱਧ ਕਰਾਮਾਤੀ ਰਹਿੰਦਾ ਹੈ, ਜਿਸਦਾ ਨਾਮ ਮੀਆਂ ਮਿੱਠੇ ਸ਼ਾਹ ਹੈ। ਗੁਰੂ ਜੀ ਨੂੰ ਇਹ ਵੀ ਪਤਾ ਲੱਗਾ ਕਿ ਉਸਨੂੰ ਆਪਣੀਆਂ ਕਰਾਮਾਤਾਂ ਉੱਤੇ ਬਹੁਤ ਹੰਕਾਰ ਹੈ ਅਤੇ ਉਹ ਇਹਨਾਂ ਨਾਲ ਕਈ ਹਿੰਦੂਆਂ ਨੂੰ ਡਰਾ ਕੇ ਮੁਸਲਮਾਨ ਬਣਾ ਰਿਹਾ ਹੈ ।ਉਸਨੇ ਗੁਰੂ ਜੀ ਬਾਰੇ ਵੀ ਸੋਚਿਆ ਕਿ ਕਿਉਂ ਨਾ ਇਹਨਾਂ ਨੂੰ ਵੀ ਆਪਣੇ ਇਸਲਾਮ ਵਿਚ ਸ਼ਾਮਲ ਕੀਤਾ ਜਾਵੇ । ਜਿੱਥੇ ਗੁਰੂ ਜੀ ਦੀ ਹਮਜ਼ਾ ਗੌਂਸ ਦਾ ਚਲੀਹਾ ਤੋੜਨ ਕਰਕੇ ਬਹੁਤ ਮਹਿਮਾ ਅਤੇ ਪ੍ਰਸਿੱਧੀ ਹੋਈ ਸੀ, ਉੱਥੇ ਮੀਆਂ ਮਿੱਠੇ ਸ਼ਾਹ ਨੂੰ ਇਸ ਗੱਲ ਦਾ ਸਾੜਾ ਸੀ ਕਿ ਇਕ ਮੁਸਲਮਾਨ ਫ਼ਕੀਰ, ਹਿੰਦੂ ਫ਼ਕੀਰ ਦੇ ਅੱਗੇ ਕਿਵੇਂ ਝੁੱਕ ਗਿਆ। ਗੁਰੂ ਜੀ ਨੇ ਇਕ ਬਾਗ਼ ਵਿਚ ਡੇਰਾ ਲਾਇਆ ਹੋਇਆ ਸੀ ਅਤੇ ਗੁਰੂ ਜੀ ਦੇ ਆਲੇ ਦੁਆਲੇ ਬਹੁਤ ਸਾਰੇ ਲੋਕ ਜੁੜੇ ਹੋਏ ਸਨ।

ਮੀਆਂ ਮਿੱਠੇ ਸ਼ਾਹ ਵੀ ਉੱਥੇ ਪਹੁੰਚ ਗਿਆ ਤੇ ਗੁਰੂ ਜੀ ਨਾਲ ਗੋਸ਼ਟੀ ਕਰਨ ਲੱਗਾ। ਪਰ ਗੁਰੂ ਜੀ ਦੇ ਚਿਹਰੇ ਦਾ ਨੂਰ ਵੇਖ ਕੇ ਠਠੰਬਰ ਗਿਆ। ਫਿਰ ਵੀ ਉਹ ਗੁਰੂ ਜੀ ਨੂੰ ਪੁੱਛਣ ਲੱਗਾ ਕਿ ਤੁਸੀਂ ਕਿਹੜੇ ਦੇਵੀ-ਦੇਵਤੇ ਨੂੰ ਮੰਨਦੇ ਹੋ? ਗੁਰੂ ਜੀ ਨੇ ਮੁਸਕਰਾ ਕੇ ਜਵਾਬ ਦਿੱਤਾ ਕਿ ਮੈਂ ਇਕ ਅਕਾਲ ਪੁਰਖ ਤੋਂ ਬਗ਼ੈਰ ਹੋਰ ਕਿਸੇ ਨੂੰ ਨਹੀਂ ਮੰਨਦਾ। ਮਿੱਠੇ ਸ਼ਾਹ ਨੇ ਕਿਹਾ ਕਿ ਭਾਵੇਂ ਤੁਸੀਂ ਇਕ ਰੱਬ ਨੂੰ ਹੀ ਮੰਨਦੇ ਹੋ ਪਰ ਉਸਨੂੰ ਪ੍ਰਾਪਤ ਕਰਨ ਲਈ ਰਸੂਲ ਦੀ ਲੋੜ ਤਾਂ ਪੈਂਦੀ ਹੀ ਹੈ। ਗੁਰੂ ਜੀ ਨੇ ਜਵਾਬ ਦਿੱਤਾ ਕਿ ਰੱਬ ਨੂੰ ਪਾਉਣ ਵਾਸਤੇ ਕਿਸੇ ਵਿਚੋਲੇ ਦੀ ਲੋੜ ਨਹੀਂ ਹੈ। ਰੱਬ ਨੂੰ ਪਾਉਣ ਵਾਸਤੇ ਸਿਰਫ਼ ਉਸਦਾ ਇਕ-ਮਨ ਇਕ-ਚਿੱਤ ਹੋ ਕੇ ਸਿਮਰਨ ਕਰਨ ਦੀ ਹੀ ਲੋੜ ਹੈ।

ਜਿੱਥੇ ਮੁਸਲਮਾਨਾਂ ਦਾ ਇਕ ਰਸੂਲ ਹੈ ਓੱਥੇ ਹਿੰਦੂਆਂ ਦੇ ਕਈ ਦੇਵੀ-ਦੇਵਤੇ ਹਨ, ਜੋ ਰਸੂਲ ਦੀ ਭੂਮਿਕਾ ਨਿਭਾਉਂਦੇ ਹਨ। ਪਰ ਰੱਬ ਕੇਵਲ ਉਹਨਾਂ ਨੂੰ ਹੀ ਮਿਲਦਾ ਹੈ ਜੋ ਉਸ ਨਾਲ ਜੁੜੇ ਰਹਿੰਦੇ ਹਨ। ਗੁਰੂ ਜੀ ਦੀਆਂ ਗੱਲਾਂ ਸੁਣ ਕੇ ਮੀਆਂ ਮਿੱਠੇ ਸ਼ਾਹ ਲਾਜਵਾਬ ਹੋ ਗਿਆ ਪਰ ਫਿਰ ਵੀ ਗੁਰੂ ਜੀ ਨੂੰ ਪੁੱਛਣ ਲੱਗਾ ਕਿ ਤੁਸੀਂ ਇਸ ਗੱਲ ਨੂੰ ਮੰਨਦੇ ਹੋ ਕਿ ਕਿਆਮਤ ਵਾਲੇ ਦਿਨ ਧਰਤੀ ਦੇ ਹਵਾਲੇ ਕੀਤੀਆਂ ਰੂਹਾਂ ਉੱਠ ਖੜੀਆਂ ਹੋਣਗੀਆਂ ਅਤੇ ਬਹਿਸ਼ਤ ਵਿਚ ਚਲੀਆਂ ਜਾਣਗੀਆਂ ਪਰ ਹਿੰਦੂਆਂ ਦੀਆਂ ਮਿਰਤਕ ਦੇਹਾਂ ਤਾਂ ਸਾੜੀਆਂ ਜਾਂਦੀਆਂ ਹਨ, ਉਨ੍ਹਾਂ ਵਿਚਾਰੀਆਂ ਦਾ ਤਾਂ ਕੁਝ ਨਹੀਂ ਬਣ ਸਕੇਗਾ।

ਇਹ ਗੱਲ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ, "ਮ੍ਰਿਤਕ ਦੇਹ ਤਾਂ ਮਿੱਟੀ ਹੀ ਹੁੰਦੀ ਹੈ ਭਾਵੇਂ ਉਸਨੂੰ ਅੱਗ ਦੇ ਹਵਾਲੇ ਕਰ ਦਿਓ, ਭਾਵੇਂ ਉਸਨੂੰ ਧਰਤੀ ਦੇ ਹਵਾਲੇ ਕਰ ਦਿਓ; ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ। ਮਰਨ ਉਪਰੰਤ ਤਾਂ ਆਦਮੀ ਦੇ ਕੀਤੇ ਹੋਏ ਚੰਗੇ ਜਾਂ ਮਾੜੇ ਕਰਮ ਹੀ ਨਾਲ ਜਾਂਦੇ ਹਨ ਅਤੇ ਕੋਈ ਹਿੰਦੂ ਹੈ ਜਾਂ ਮੁਸਲਮਾਨ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।"

ਮੀਆਂ ਮਿੱਠੇ ਸ਼ਾਹ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਆਪਣਾ ਸਾਰਾ ਹੰਕਾਰ ਛੱਡ ਕੇ ਗੁਰੂ ਜੀ ਦਾ ਸਿੱਖ ਬਣ ਗਿਆ।


Raj Singh Paul's PENCILS 2019

## 39. ਸੁਮੇਰ ਪਰਬਤ ਉੱਪਰ ਸਿੱਧਾਂ ਨਾਲ ਵਿਚਾਰ ਚਰਚਾ :–

ਲੰਕਾ (ਹੁਣ ਸ੍ਰੀ ਲੰਕਾ) ਦੀ ਫੇਰੀ ਤੋਂ ਬਾਅਦ ਕੁਝ ਦਿਨ ਕਰਤਾਰਪੁਰ ਰਹਿਣ ਉਪਰੰਤ ਗੁਰੂ ਜੀ ਨੇ ਪਹਾੜੀ ਇਲਾਕਿਆਂ ਦੀ ਯਾਤਰਾ ਆਰੰਭ ਕਰ ਦਿੱਤੀ। ਇਸ ਵਾਰ ਉਨ੍ਹਾਂ ਦੇ ਨਾਲ ਭਾਈ ਮਰਦਾਨਾ ਤੋਂ ਇਲਾਵਾ ਹਸੂ ਲੁਹਾਰ ਅਤੇ ਸੀਹੋ ਛੀਂਬਾ ਵੀ ਸਨ। ਇਸ ਵਾਰ ਆਪ ਜੀ ਜੰਮੂ, ਕਸ਼ਮੀਰ, ਮਟਨ, ਆਦਿ, ਹੁੰਦੇ ਹੋਏ ਮਾਰਤੰਡ ਚਸ਼ਮੇ ’ਤੇ ਜਾ ਪਹੁੰਚੇ। ਰਸਤੇ ਵਿਚ ਸੰਗਤਾਂ ਤੋਂ ਇਲਾਵਾ ਵਿਦਵਾਨਾਂ ਅਤੇ ਫ਼ਕੀਰਾਂ ਦਾ ਉਧਾਰ ਕਰਦੇ ਗੁਰੂ ਜੀ ਕੀਰਤਪੁਰ ਪਹੁੰਚੇ। ਪੀਰ ਬੁੱਢਣਸ਼ਾਹ ਨੂੰ ਨਿਹਾਲ ਕੀਤਾ। ਫਿਰ ਆਪ ਨੇਪਾਲ, ਤਿੱਬਤ ਹੁੰਦੇ ਹੋਏ ਸੁਮੇਰ (ਕੈਲਾਸ਼) ਪਰਬਤ ਉੱਤੇ ਜਾ ਚੜ੍ਹੇ ਅਤੇ ਮਾਨ-ਸਰੋਵਰ ’ਤੇ ਜਾ ਡੇਰਾ ਲਾਇਆ। ਸਿੱਧ ਬਹੁਤ ਹੈਰਾਨ ਹੋਏ ਕਿ ਇਹ ਇਥੇ ਕਿਵੇਂ ਪਹੁੰਚੇ ਹੋਣਗੇ? ਚਰਚਾ ਛਿੜ ਪਈ। ਗੋਰਖ ਨਾਥ ਤੇ ਉਸਦੇ ਚੇਲਿਆਂ ਨੇ ਪਹਿਲੀ ਗੱਲ ਇਹੀ ਪੁੱਛੀ :-

ਸਵਾਲ : ਤੁਹਾਨੂੰ ਕਿਹੜੀ ਸ਼ਕਤੀ ਇਥੇ ਲੈ ਆਈ ਹੈ?

ਜਵਾਬ : ਪਰਮੇਸ਼ਰ ਦੇ ਨਾਮ ਵਿਚ ਲੀਨ ਹੋ ਕੇ ਇਹ ਕੀ, ਇਸ ਤੋਂ ਵੀ ਉੱਚੀਆਂ ਚੜ੍ਹਾਈਆਂ ਚੜ੍ਹੀਆਂ ਜਾ ਸਕਦੀਆਂ ਹਨ।

ਸਵਾਲ : ਤੁਹਾਡਾ ਨਾਂ ਅਤੇ ਜ਼ਾਤ ਕੀ ਹੈ?

ਜਵਾਬ : ਨਾਂ ਨਾਨਕ ਹੈ ਅਤੇ ਜ਼ਾਤ-ਭੇਦ ਨੂੰ ਮੈਂ ਮੰਨਦਾ ਨਹੀਂ ਹਾਂ। ਮੈਂ ਉਸ ਪਰਮੇਸ਼ਰ ਦਾ ਭੇਜਿਆ ਹੋਇਆ ਇਕ ਆਮ ਇਨਸਾਨ ਹਾਂ।

ਸਵਾਲ : ਤੁਹਾਡਾ ਮੱਤ (ਪੰਥ) ਕੀ ਹੈ?

ਜਵਾਬ : ਧਰਤੀ ਜਿਹੀ ਧੀਰਜ ਅਤੇ ਗਗਨ ਵਰਗਾ ਵਿਸ਼ਾਲ ਗਿਆਨ ਪ੍ਰਾਪਤ ਕਰਨਾ ਅਤੇ ਸ਼ਬਦ ਦੀ ਕਮਾਈ ਕਰਨੀ, ਜਿਸ ਨਾਲ ਸਾਰੇ ਵਿਕਾਰ ਸਹਿਜੇ ਹੀ ਕਾਬੂ ਵਿਚ ਆ ਜਾਂਦੇ ਹਨ।

ਇਸ ਤੋਂ ਇਲਾਵਾ ਗੋਰਖ ਨਾਥ, ਮਛੰਦਰ ਨਾਥ, ਭਰਥਰੀ, ਆਦਿ, ਨੇ ਗੁਰੂ ਜੀ ਨੂੰ ਅਨੇਕਾਂ ਹੀ ਸਵਾਲ ਕੀਤੇ। ਗੁਰੂ ਜੀ ਨੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੰਦਿਆਂ ਨਾਮ-ਸਿਮਰਨ, ਨਿਮਰਤਾ ਵਿਚ ਰਹਿਣ, ਵਾਹਿਗੁਰੂ ਦੀ ਰਜ਼ਾ ਵਿਚ ਭਾਣਾ ਮੰਨਣ, ਸਰਬੱਤ ਦਾ ਭਲਾ ਮੰਗਣ, ਆਦਿ, ਦਾ ਜ਼ਿਕਰ ਕੀਤਾ। ਫਿਰ ਝੰਗਰ ਨਾਥ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਗੁਰੂ ਜੀ ਨੇ ਆਪਣੇ ਪਹਿਲੇ ਵਾਲੇ ਹੀ ਜਵਾਬ ਦਿੱਤੇ ਕਿ ਮੇਰਾ ਨਾ ਕੋਈ ਨਾਂ ਹੈ ਅਤੇ ਨਾ ਹੀ ਜਾਤ। ਮਾਲਕ ਦੀ ਸਿਫ਼ਤ ਸਲਾਹ ਵਿਚ ਜੁੜੇ ਰਹਿਣਾ ਹੀ ਮੇਰਾ ਸਤਿ ਕਰਮ ਹੈ।


ਕੁਝ ਹੋਰ ਸਿੱਧਾਂ ਦੇ ਸਵਾਲਾਂ, ਜਿਵੇਂ ਤੁਹਾਡੇ ਇੱਧਰ ਆਉਣ ਦਾ ਮੰਤਵ ਕੀ ਹੈ ਅਤੇ ਮਾਤ ਲੋਕ ਵਿਚ ਲੋਕਾਈ ਦਾ ਕੀ ਹਾਲ ਹੈ ? ਗੁਰੂ ਜੀ ਦਾ ਜਵਾਬ ਸੀ, ਇਥੇ ਆਉਣ ਦਾ ਮੰਤਵ ਤੁਹਾਨੂੰ ਪਹਾੜਾਂ ’ਤੇ ਰਹਿ ਕੇ ਤਸੀਹੇ ਝਲਦਿਆਂ ਤੇ ਲੁੱਕ ਕੇ ਬੈਠਿਆਂ ਨੂੰ ਲੋਕਾਂ ਦੇ ਦੁੱਖਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੁੱਖਾਂ ਵਿਚ ਸ਼ਾਮਲ ਕਰਨਾ ਹੈ। ਉਥੇ ਰਾਜੇ ਕਸਾਈਆਂ ਵਰਗੇ ਹਨ, ਧਰਮ ਪੰਖ ਲਾ ਕੇ ਉੱਡ ਗਿਆ ਹੈ; ਚਾਰੋਂ ਤਰਫ਼ ਘੋਰ ਅੰਧੇਰਾ ਹੈ ਤੇ ਸੱਚ ਦਾ ਚੰਦਰਮਾ ਕਿਧਰੇ ਨਜ਼ਰ ਨਹੀਂ ਆਉਂਦਾ। ਅਜਿਹੇ ਹਾਲਾਤਾਂ ਨਾਲ ਝੂਜਣ ਲਈ ਮੈਂ ਤੁਹਾਡੇ ਵਰਗੇ ਸੂਝਵਾਨ ਢੂੰਢ ਰਿਹਾ ਹਾਂ, ਤਾਂ ਜੋ ਲੋਕਾਂ ਦੇ ਦੁੱਖ ਤੇ ਕੂੜ ਕੁਸੱਤ ਦਾ ਹਨ੍ਹੇਰਾ ਦੂਰ ਕਰਨ ਲਈ ਲੋਕਾਂ ਦੀ ਅਗਵਾਈ ਕਰੋ। ਤੁਸੀਂ ਪਰਬਤਾਂ ਵਿਚ ਲੁਕੇ ਬੈਠੇ ਵਿਹਲੀਆਂ ਖਾਂਦੇ

ਹੋ ਅਤੇ ਪਿਆਲੇ ਪੀ ਕੇ ਮਸਤ ਰਹਿੰਦੇ ਹੋ। ਤੁਸੀਂ ਧਰਮ ਨੂੰ ਸਮਝਿਆ ਹੀ ਨਹੀਂ। ਅਸਲ ਧਰਮ,ਜਗਤ ਵਿਚ ਰਹਿ ਕੇ ਕਿਰਤ ਕਰਨਾ, ਨਾਮ ਜਪਣਾ ਅਤੇ ਜਪਾਉਣਾ, ਦੁਖੀ ਜੀਵਾਂ ਦੀ ਸੇਵਾ ਅਤੇ ਪਰਉਪਕਾਰ ਕਰਨ ਵਿਚ ਹੈ, ਇਤਿਆਦਿ।

ਸਿੱਧਾਂ ਨੇ ਹੋਰ ਵੀ ਕਈ ਸਵਾਲ ਕੀਤੇ ਅਤੇ ਗੁਰੂ ਜੀ ਦੇ ਬਚਨ ਸੁਣੇ। ਹਾਰ-ਹੰਭ ਕੇ ਉਨ੍ਹਾਂ ਗੁਰੂ ਜੀ ਨੂੰ ਕਰਾਮਾਤਾਂ ਦਿਖਾ ਕੇ ਆਪਣੇ ਮੱਤ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕੇ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :-

**ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।**
**ਕਲਿਜੁਗ ਨਾਨਕ ਨਾਮੁ ਸੁਖਾਲਾ॥** ਵਾਰ: ੧/੩੧

ਭਾਵੇਂ ਗੁਰੂ ਜੀ ਨੇ ਸਿੱਧਾਂ ਦੀ ਨਿਸ਼ਾ ਕਰ ਦਿੱਤੀ ਸੀ ਅਤੇ ਉਹ ਵੀ ਗੁਰੂ ਜੀ ਦੀ ਝਾਲ ਨਹੀਂ ਸਨ ਝੱਲ ਸਕੇ ਅਤੇ ਉਨ੍ਹਾਂ ਦਾ ਲੋਹਾ ਮੰਨ ਗਏ ਸਨ, ਪਰ ਫਿਰ ਵੀ ਉਨ੍ਹਾਂ ਦੀ ਹਉਮੈਂ ਦੀ ਵਿਸ਼ ਘੋਲਣ ਦੀ ਆਦਤ ਨਾ ਜਾ ਸਕੀ ਅਤੇ ਖੁੱਣਸ ਖਾ ਕੇ ਅਚਲ ਵਟਾਲੇ ਗੁਰੂ ਜੀ ਨਾਲ ਫਿਰ ਚਰਚਾ ਕੀਤੀ ਅਤੇ ਫਿਰ ਹਾਰ ਗਏ।



Raj Singh Paul's
PENCILS 2019

## 40. ਮੱਕੇ ਦਾ ਹੱਜ :-

ਇਸ ਯਾਤਰਾ ਵਿਚ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਸੀ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੁਸਲਮਾਨਾਂ ਵਿਚ ਮੱਕੇ ਦੇ ਹੱਜ ਦਾ ਬਹੁਤ ਮਹੱਤਵ ਹੈ। ਅਸੀਂ ਜੰਗਲ ਤੇ ਪਹਾੜ ਬਥੇਰੇ ਘੁੰਮ ਲਏ ਹਨ ਅਤੇ ਇਨ੍ਹਾਂ ਔਝੜੇ ਪੈਂਡਿਆਂ ਵਿਚ ਮੈਨੂੰ ਬਹੁਤ ਭੁੱਖ-ਨੰਗ ਹੰਢਾਉਣੀ ਪਈ ਹੈ, ਕਿਰਪਾ ਕਰਕੇ ਹੁਣ ਹੱਜ 'ਤੇ ਜਾਣ ਲਈ ਮਨ ਬਣਾਓ। ਗੁਰੂ ਜੀ ਹਾਜੀਆਂ ਵਾਲਾ ਭੇਸ ਬਣਾ ਕੇ ਕਰਤਾਰਪੁਰ ਤੋਂ ਤਲਵੰਡੀ, ਸ਼ਕਰਪੁਰ, ਗਾਜ਼ੀ ਖਾਂ, ਆਦਿ, ਥਾਂਵਾਂ ਤੋਂ ਹੁੰਦੇ ਹੋਏ ਸਿੰਧ ਅਤੇ ਫਿਰ ਹਾਜੀਆਂ ਨਾਲ ਰਲ ਕੇ ਮੱਕਾ ਸ਼ਰੀਫ਼ ਜਾ ਪਹੁੰਚੇ। ਉਥੇ ਪਹੁੰਚ ਕੇ ਗੁਰੂ ਜੀ ਪ੍ਰਕਰਮਾ ਵਿਚ ਲੇਟ ਗਏ। ਉਸ ਵੇਲੇ ਉਨ੍ਹਾਂ ਦੇ ਪੈਰ ਕਾਹਬੇ ਵੱਲ ਸਨ, ਜਿਸ ਨੂੰ ਘੋਰ ਨਿਰਾਦਰੀ ਸਮਝਿਆ ਜਾਂਦਾ ਹੈ। ਇਕ ਜੀਵਨ ਨਾਮੀ ਹਾਜੀ ਦੀ ਗੁਰੂ ਜੀ ਉੱਪਰ ਨਜ਼ਰ ਪਈ ਤਾਂ ਉਸਨੇ ਗੁਰੂ ਜੀ ਨੂੰ ਠੁੱਡਾ ਮਾਰਿਆ ਅਤੇ ਆਖਿਆ, "ਤੂੰ ਕੌਣ ਕਾਫ਼ਰ ਹੈਂ, ਜੋ ਖ਼ੁਦਾ ਦੇ ਘਰ ਵੱਲ ਪੈਰ ਕਰਕੇ ਪਿਆ ਹੈਂ?" ਗੁਰੂ ਜੀ ਨੇ ਬੜੇ ਪਿਆਰ ਨਾਲ ਜੀਵਨ ਨੂੰ ਆਖਿਆ, "ਮੈਂ ਥਕਿਆ ਹੋਇਆ ਪ੍ਰਦੇਸੀ ਹਾਂ। ਜਿਸ ਪਾਸੇ ਖ਼ੁਦਾ ਦਾ ਘਰ ਨਹੀਂ ਹੈ, ਮੇਰੇ ਪੈਰ ਉਸ ਪਾਸੇ ਕਰ ਦਿਓ।" ਜੀਵਨ ਨੇ ਕ੍ਰੋਧ ਵਿਚ ਆ ਕੇ ਗੁਰੂ ਜੀ ਨੂੰ ਲੱਤਾਂ ਤੋਂ ਫੜ ਕੇ ਘਸੀਟਿਆ ਅਤੇ ਉਸ ਪਾਸੇ ਵੱਲ ਪੈਰ ਕਰ ਦਿੱਤੇ ਜਿੱਧਰ ਕਾਹਬਾ ਨਹੀਂ ਸੀ। ਉਸਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸਨੂੰ ਉਸ ਪਾਸੇ ਵੀ ਕਾਹਬਾ ਹੀ ਨਜ਼ਰੀਂ ਪਿਆ। ਫਿਰ ਉਸਨੇ ਗੁਰੂ ਜੀ ਦੇ ਪੈਰ ਕਿਸੇ ਹੋਰ ਪਾਸੇ ਵੱਲ ਕੀਤੇ ਤਾਂ ਓਧਰ ਵੀ ਕਾਹਬਾ ਦਿੱਸਣ ਲੱਗਾ। ਜੀਵਨ ਨੇ ਹੈਰਾਨ ਹੋ ਕੇ ਇਹ ਗੱਲ ਹੋਰ ਹਾਜੀਆਂ ਨੂੰ ਵੀ ਦੱਸੀ ਤੇ ਫਿਰ ਉਹ ਸਾਰੇ ਹੈਰਾਨ ਹੋ ਕੇ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਪਿਆਰ ਨਾਲ ਸਮਝਾਇਆ, "ਤੁਸੀਂ ਹਜ਼ਰਤ ਮੁਹੰਮਦ ਸਾਹਿਬ ਦੇ ਬਚਨ ਭੁੱਲ ਗਏ ਹੋ। ਜਿੱਧਰ ਵੀ ਤੁਸੀਂ ਮੂੰਹ ਕਰੋਗੇ, ਅੱਲ੍ਹਾ ਉਸ ਪਾਸੇ ਹੀ ਹੋਵੇਗਾ ਕਿਉਂਕਿ ਉਹ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹੈ।"

ਅਗਲੀ ਸਵੇਰ ਮਖਦੂਮ ਰੁਕਨਦੀਨ ਦੀ ਅਗਵਾਈ ਵਿਚ ਬਹੁਤ ਸਾਰੇ ਹਾਜੀ ਗੁਰੂ ਜੀ ਦੁਆਲੇ ਆਣ ਜੁੜੇ। ਕਾਫ਼ੀ ਲੰਮੀ ਚਰਚਾ ਹੋਈ। ਰੁਕਨਦੀਨ ਨੇ ਗੁਰੂ ਜੀ ਨੂੰ ਪੁੱਛਿਆ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਗੁਰੂ ਜੀ ਨੇ ਦੋ-ਟੁੱਕ ਜਵਾਬ ਦਿੰਦਿਆਂ ਆਖਿਆ, "ਹਿੰਦੂ ਜਾਂ ਮੁਸਲਮਾਨ ਹੋਣ ਨਾਲ ਕੋਈ ਵੀ ਬੰਦਾ ਵੱਡਾ ਜਾਂ ਛੋਟਾ, ਚੰਗਾ ਜਾਂ ਮਾੜਾ, ਅਮੀਰ ਜਾਂ ਗ਼ਰੀਬ ਨਹੀਂ ਹੋ ਜਾਂਦਾ। ਚੰਗੇ ਜਾਂ ਮਾੜੇ ਕੰਮ ਕਰਨ ਨਾਲ ਹੀ ਬੰਦਾ, ਚੰਗਾ ਜਾਂ ਮਾੜਾ ਹੁੰਦਾ ਹੈ। ਮਰਨ ਉਪਰੰਤ ਚੰਗੇ ਜਾਂ ਮੰਦੇ ਕਰਮ ਹੀ ਬੰਦੇ ਦੇ ਨਾਲ ਜਾਂਦੇ ਹਨ। ਮੰਦੇ ਕੰਮਾਂ ਦਾ ਫਲ ਕੋਈ ਨਬੀ, ਰਸੂਲ ਜਾਂ ਕੋਈ ਹੋਰ ਵਿਚੋਲਾ ਨਹੀਂ ਟਾਲ ਸਕਦਾ ਕਿਉਂਕਿ ਅੱਲ੍ਹਾ ਦੇ ਘਰ ਸਿਫਾਰਸ਼ਾਂ ਨਹੀਂ ਚਲਦੀਆਂ, ਉਥੇ ਕਰਮਾਂ ਅਨੁਸਾਰ ਨਬੇੜੇ ਹੁੰਦੇ ਹਨ।" ਸਭ ਦੀ ਨਿਸ਼ਾ ਹੋ ਗਈ।

ਗੁਰੂ ਜੀ ਨੇ ਰੁਕਨਦੀਨ ਨੂੰ ਪੰਜ ਉਪਦੇਸ਼ ਦਿੱਤੇ — ਅੱਲਾਹ ਦੀ ਬੰਦਗੀ, ਸੱਚ ਨੂੰ ਪੱਲੇ ਬੰਨ੍ਹਣਾ, ਕਿਰਤ ਕਰਨੀ, ਵੰਡ ਛਕਣਾ ਅਤੇ ਦਸਵੰਧ ਕੱਢਣਾ। ਅਤੇ, ਆਖਿਆ ਕਿ ਇਨ੍ਹਾਂ ਉੱਤੇ ਅਮਲ ਕਰੋਗੇ ਤਾਂ ਅੱਲ੍ਹਾ ਦੀ ਦਰਗਾਹ ਵਿਚ ਪ੍ਰਵਾਨ ਚੜ੍ਹ ਜਾਓਗੇ। ਰੁਕਨਦੀਨ ਤਾਂ ਗੁਰੂ ਜੀ ਦੇ ਚਰਨੀਂ ਢੱਠਾ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਇਸ ਮੁਲਾਕਾਤ ਦੀ ਕੋਈ ਨਿਸ਼ਾਨੀ ਬਖ਼ਸ਼ੋ।" ਗੁਰੂ ਜੀ ਨੇ ਆਪਣੀਆਂ ਖੜਾਂਵਾਂ ਦੇ ਦਿੱਤੀਆਂ, ਜੋ ਨਿਸ਼ਾਨੀ ਵਜੋਂ ਉਸਦੀ ਔਲਾਦ — ਬਹਾਵਲਪੁਰ ਦੇ ਉੱਚ ਦੇ ਪੀਰਾਂ — ਪਾਸ ਬੜੇ ਪਿਆਰ ਨਾਲ ਸੰਭਾਲ ਕੇ ਰੱਖੀ ਦੱਸੀ ਜਾਂਦੀ ਹੈ।


Raj Singh Paul's
PENCILS 2019


Raj Singh Paul's
PENCILS 2019

## 41. ਕਾਰੂ ਨੂੰ ਉਪਦੇਸ਼ :-

ਮਿਸਰ ਦੇਸ਼ ਦਾ ਬਾਦਸ਼ਾਹ ਜਿਸਦਾ ਨਾਂ ਕਾਰੂ ਹਮੀਦ ਸੀ, ਬੜਾ ਜ਼ਾਲਮ, ਲਾਲਚੀ ਅਤੇ ਉਲਾਰ ਮਾਨਸਿਕਤਾ ਦਾ ਮਾਲਕ ਸੀ। ਉਸਦੇ ਮਨ ਵਿਚ ਆਪਣੇ ਖਜ਼ਾਨੇ ਵਿਚ ਵੱਧ ਤੋਂ ਵੱਧ ਸੋਨਾ-ਚਾਂਦੀ ਇਕੱਠਾ ਕਰਨ ਦਾ ਭੂਤ ਸਵਾਰ ਹੋ ਗਿਆ। ਉਹ ਧਨ ਇਕੱਠਾ ਕਰਨ ਲਈ ਲੋਕਾਂ ਉੱਤੇ ਬੜੇ ਜ਼ੁਲਮ ਕਰਦਾ ਰਿਹਾ ਤੇ ਆਖ਼ਰ ਵਿਚ ਆਪਣੇ ਰਾਜ ਵਿਚ ਹੁਕਮ ਜਾਰੀ ਕਰ ਦਿੱਤੇ ਕਿ ਜਿੰਨਾਂ ਕਿਸੇ ਕੋਲ ਧਨ-ਮਾਲ ਜਾਂ ਸੋਨਾ-ਚਾਂਦੀ ਹੈ, ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾ ਦੇਵੇ।

ਇਕ ਦਿਨ ਉਸਨੇ ਆਪਣੇ ਵਜ਼ੀਰ ਨੂੰ ਪੁੱਛਿਆ ਕਿ ਕੀ ਅਜੇ ਵੀ ਕਿਸੇ ਕੋਲ ਸੋਨਾ ਜਾਂ ਚਾਂਦੀ ਹੋਵੇਗਾ? ਵਜ਼ੀਰ ਨੇ ਕਿਹਾ ਕਿ ਮੈਂ ਆਪ ਜੀ ਨੂੰ ਪਤਾ ਕਰਕੇ ਦੱਸ ਦਿੰਦਾ ਹਾਂ।

ਵਜ਼ੀਰ ਨੇ ਆਪਣੇ ਇਕ ਸਿਆਣੇ ਕਰਮਚਾਰੀ ਨਾਲ ਇਕ ਸੋਹਣੀ ਜਵਾਨ ਗੋਲੀ ਬਜ਼ਾਰ ਭੇਜੀ, ਜਿਸਦਾ ਮੁੱਲ ਚਾਂਦੀ ਦਾ ਇਕ ਸਿੱਕਾ ਰੱਖਿਆ ਗਿਆ ਅਤੇ ਕਰਮਚਾਰੀ ਨੂੰ ਆਖਿਆ ਕਿ ਉਸਨੂੰ ਵੇਚ ਆਵੇ। ਇਕ ਸ਼ਾਹੂਕਾਰ ਦੇ ਬੇਟੇ ਨੇ ਆਪਣੀ ਮਾਂ ਨੂੰ ਘਰ ਜਾ ਕੇ ਪੁੱਛਿਆ ਕਿ ਕੀ ਉਸ ਕੋਲ ਚਾਂਦੀ ਦਾ ਸਿੱਕਾ ਹੈ? ਨਾਲ ਹੀ ਉਸਨੇ ਆਪਣੀ ਮਾਂ ਨੂੰ ਦੱਸਿਆ ਕਿ ਜੇ ਉਹ ਇਕ ਸਿੱਕਾ ਦੇ ਦੇਵੇ ਤਾਂ ਉਸਨੂੰ ਉਸ ਸਿੱਕੇ ਨਾਲ ਇਕ ਸੁੰਦਰ ਲੜਕੀ ਖ਼ਰੀਦ ਕੇ ਲਿਆ ਦੇਵੇਗਾ ਜੋ ਘਰ ਦੇ ਕੰਮ ਵਿਚ ਉਸਦਾ ਹੱਥ ਵਟਾਇਆ ਕਰੇਗੀ। ਇਹ ਗੱਲ ਸੁਣ ਕੇ ਮਾਂ ਖੁਸ਼ ਹੋਈ ਤੇ ਉਸਨੇ ਆਖਿਆ ਕਿ ਘਰ ਤਾਂ ਕੋਈ ਚਾਂਦੀ ਦਾ ਸਿੱਕਾ ਨਹੀਂ ਹੈ; ਤੇਰੇ ਪਿਤਾ ਦੀ ਜਦੋਂ ਮੌਤ ਹੋਈ ਸੀ ਤਾਂ ਉਸਨੂੰ ਕਬਰ ਵਿਚ ਦਫ਼ਨਾਉਣ ਲੱਗਿਆਂ, ਇਕ ਚਾਂਦੀ ਦਾ ਸਿੱਕਾ ਉਸਦੇ ਮੂੰਹ ਵਿਚ ਪਾਇਆ ਗਿਆ ਸੀ।

ਉਸ ਨੌਜਵਾਨ ਨੇ ਆਪਣੇ ਪਿਤਾ ਦੀ ਕਬਰ ਪੁੱਟੀ ਅਤੇ ਉਸਦੇ ਮੂੰਹ ਵਿਚੋਂ ਚਾਂਦੀ ਦਾ ਸਿੱਕਾ ਕੱਢ ਲਿਆ। ਇਸ ਗੱਲ ਦਾ ਜਦੋਂ ਸਰਕਾਰੀ ਕਰਮਚਾਰੀ ਨੂੰ ਪਤਾ ਲੱਗਿਆ ਤਾਂ ਉਸਨੇ ਵਜ਼ੀਰ ਨੂੰ ਦੱਸਿਆ, ਜਿਸਨੇ ਅੱਗੋਂ ਰਾਜੇ ਨੂੰ ਵੀ ਦੱਸ ਦਿੱਤਾ।

ਮੂਰਖ ਤੇ ਲਾਲਚੀ ਬਾਦਸ਼ਾਹ ਨੇ ਸਾਰੀਆਂ ਕਬਰਾਂ ਪੁੱਟ ਕੇ ਮੁਰਦਿਆਂ ਦੇ ਮੂੰਹ 'ਚੋਂ ਸਿੱਕੇ ਕੱਢਵਾ ਲਏ। *ਬਾਦਸ਼ਾਹ ਦਾ ਪੀਰ ਜਲਾਲ ਉਸਦੀ ਕੰਜੂਸੀ ਤੇ ਕਠੋਰਤਾ ਤੋਂ ਬਹੁਤ ਦੁਖੀ ਸੀ ਕਿਉਂਕਿ ਉਸਨੇ ਧਨ ਤਾਂ ਬਹੁਤ ਇਕੱਠਾ ਕੀਤਾ ਸੀ ਪਰੰਤੂ ਪਰਉਪਕਾਰ ਦਾ ਕੰਮ ਕੋਈ ਨਹੀਂ ਸੀ ਕੀਤਾ। ਪੀਰ ਜਲਾਲ, ਜੋ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਇਆ ਸੀ, ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਬਾਦਸ਼ਾਹ ਨੂੰ ਸਿੱਧੇ ਰਸਤੇ ਪਾਉਣ।

ਇਸਦੇ ਫਲਸਰੂਪ ਗੁਰੂ ਜੀ ਤੇ ਭਾਈ ਮਰਦਾਨਾ ਰਾਜੇ ਦੇ ਮਹੱਲਾਂ ਵਿਚ ਪਹੁੰਚ ਗਏ। ਗੁਰੂ ਜੀ ਨੇ ਬਾਦਸ਼ਾਹ ਦੇ ਇਕ ਦਰਬਾਰੀ ਨੂੰ ਆਖਿਆ, "ਬਾਦਸ਼ਾਹ ਨੂੰ ਜਾ ਕੇ ਦੱਸ ਕਿ ਤੈਨੂੰ ਦੋ ਪ੍ਰਦੇਸੀ ਮਿਲਣਾ ਚਾਹੁੰਦੇ ਹਨ।" ਬਾਦਸ਼ਾਹ ਮੁੱਖ ਦਵਾਰ ਵੱਲ ਆਇਆ ਕਿ ਐਸੇ ਕਿਹੜੇ ਪ੍ਰਦੇਸੀ ਹਨ? ਗੁਰੂ ਜੀ ਉਸ ਵੇਲੇ ਠੀਕਰੀਆਂ ਗਿਣ ਰਹੇ ਸਨ। ਬਾਦਸ਼ਾਹ ਨੇ ਪੁੱਛਿਆ, "ਇਹ ਤੁਸੀਂ ਕੀ ਕਰ ਰਹੇ ਹੋ? ਇਹ ਤੁਹਾਡੇ ਕਿਸ ਕੰਮ ਦੀਆਂ ਹਨ?" ਗੁਰੂ ਜੀ ਨੇ ਉੱਤਰ ਦਿੱਤਾ, "ਇਹ ਠੀਕਰੀਆਂ ਅਸੀਂ ਅਗਲੇ ਜਹਾਨ ਵਿਚ ਲੈ ਜਾਣ ਲਈ ਇਕੱਠੀਆਂ ਕੀਤੀਆਂ ਹਨ।"

---

*ਗੁਰਮਤਿ ਪ੍ਰਕਾਸ਼ — ਜੁਲਾਈ, 2019, ਪੰਨਾ - 51

ਬਾਦਸ਼ਾਹ ਨੇ ਫਿਰ ਪੁੱਛਿਆ, "ਇਹ ਠੀਕਰੀਆਂ ਅਗਲੇ ਜਹਾਨ ਵਿਚ ਨਾਲ ਕਿਵੇਂ ਜਾ ਸਕਦੀਆਂ ਹਨ?" ਗੁਰੂ ਜੀ ਨੇ ਉੱਤਰ ਦਿੱਤਾ, "ਉਸੇ ਤਰ੍ਹਾਂ, ਜਿਸ ਤਰ੍ਹਾਂ ਤੇਰੇ ਨਾਲ ਤੇਰੇ ਵੱਲੋਂ ਇਕੱਠੇ ਕੀਤੇ ਹੋਏ ਸੋਨੇ-ਚਾਂਦੀ ਦੇ ਸਿੱਕੇ ਜਾਣਗੇ।"

ਬਾਦਸ਼ਾਹ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤੇ ਉਸਨੇ ਗੁਰੂ ਜੀ ਨੂੰ ਦੱਸਿਆ, "ਮੈਨੂੰ ਸੋਨੇ-ਚਾਂਦੀ ਨਾਲ ਬਹੁਤ ਪਿਆਰ ਹੈ, ਕੋਈ ਐਸਾ ਢੰਗ ਤਰੀਕਾ ਦੱਸੋ, ਜਿਸ ਨਾਲ ਮੈਂ ਰਬ ਦੇ ਰਾਹ ਪੈ ਜਾਵਾਂ।"

ਗੁਰੂ ਜੀ ਨੇ ਆਖਿਆ ਕਿ ਤੇਰੇ ਵੱਲੋਂ ਪਾਪਾਂ ਨਾਲ ਇਕੱਠਾ ਕੀਤਾ ਧਨ-ਦੌਲਤ ਅਤੇ ਹੋਰ ਜੋ ਕੁਝ ਤੈਨੂੰ ਆਪਣੇ ਕੋਲ ਇਕੱਠਾ ਕੀਤਾ ਨਜ਼ਰ ਆਉਂਦਾ ਹੈ, ਇਕ ਦਿਨ ਸਭ ਕੁਝ ਨਾਸ਼ ਹੋ ਜਾਵੇਗਾ। ਇਹ ਰਾਜ-ਭਾਗ, ਹਾਥੀ, ਘੋੜੇ, ਫ਼ੌਜਾਂ, ਆਦਿ, ਮੌਤ ਉਪਰੰਤ, ਇਥੇ ਹੀ ਰਹਿ ਜਾਣੇ ਹਨ। ਤੂੰ ਆਪਣੇ ਅੱਖੀਂ ਵੇਖ ਹੀ ਲਿਆ ਹੈ ਕਿ ਮੁਰਦਿਆਂ ਦੇ ਮੂੰਹ ਵਿਚ ਪਾਏ ਸਿੱਕੇ ਵੀ ਉਨ੍ਹਾਂ ਨਾਲ ਅਗਲੇ ਜਹਾਨ ਵਿਚ ਨਹੀਂ ਗਏ। ਇਸੇ ਤਰ੍ਹਾਂ ਜਿਵੇਂ ਤੂੰ ਖਾਲੀ ਹੱਥ ਇਸ ਜਹਾਨ ਵਿਚ ਆਇਆ ਸੀ, ਖਾਲੀ ਹੱਥ ਹੀ ਚਲਾ ਜਾਵੇਂਗਾ। ਤੇਰੇ ਨਾਲ ਸਿਰਫ਼ ਤੇਰੇ ਕੀਤੇ ਹੋਏ ਪਾਪ ਤੇ ਜ਼ੁਲਮ ਹੀ ਜਾਣਗੇ। ਜਿਸ ਕਰਕੇ ਤੈਨੂੰ ਨਰਕਾਂ ਦੀ ਅੱਗ ਵਿਚ ਸੁੱਟਿਆ ਜਾਵੇਗਾ।

ਇਹ ਸੁਣ ਕੇ ਰਾਜਾ ਕੰਬ ਗਿਆ ਤੇ ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਮੈਂ ਨਰਕਾਂ ਦੀ ਅੱਗ ਤੋਂ ਕਿਵੇਂ ਬਚ ਸਕਦਾ ਹਾਂ?" ਗੁਰੂ ਜੀ ਨੇ ਸਮਝਾਇਆ, "ਰਾਜਾ ਰੁੱਖ ਅਤੇ ਪਰਜਾ ਉਸਦੀਆਂ ਜੜ੍ਹਾਂ ਹੁੰਦੀਆਂ ਨੇ। ਜੇ ਜੜ੍ਹਾਂ ਮਜਬੂਤ ਹੋਣਗੀਆਂ ਤਾਂ ਰੁੱਖ ਵੀ ਵਧੇ ਫੁੱਲੇਗਾ। ਇਸ ਕਰਕੇ ਜੇ ਤੂੰ ਅੱਗੇ ਤੋਂ ਪਾਪ ਕਰਨ ਤੋਂ ਤੌਬਾ ਕਰ ਦੇਵੇਂਗਾ ਅਤੇ ਪਾਪਾਂ ਨਾਲ ਇਕੱਠਾ ਕੀਤਾ ਇਹ ਧਨ-ਦੌਲਤ ਆਪਣੀ ਪਰਜਾ ਦੇ ਭਲੇ ਵਾਸਤੇ ਖਰਚ ਕਰ ਦੇਵੇਂਗਾ ਅਤੇ ਭਲੇ ਦੇ ਉਹ ਕੰਮ ਕਰੇਂਗਾ, ਜੋ ਪਰਜਾ ਆਪਣੇ ਆਪ ਨਹੀਂ ਕਰ ਸਕਦੀ ਜਾਂ ਇੰਨ੍ਹੇ ਚੰਗੇ ਨਹੀਂ ਕਰ ਸਕਦੀ, ਜੋ ਇਕ ਚੰਗੇ ਨੇਕ ਸ਼ਾਸਕ ਦੀ ਸਰਕਾਰ ਕਰ ਸਕਦੀ ਹੈ। ਹਰ ਸਮੇਂ ਅੱਲ੍ਹਾ ਦੀ ਯਾਦ ਵਿਚ ਜੁੜੇ ਰਹਿਣ ਅਤੇ ਉਸਦੇ ਭੈਅ ਅਤੇ ਭਾਉ ਵਿਚ ਰਹਿਣ ਨਾਲ ਹੀ ਤੇਰਾ ਪਾਰ-ਉਤਾਰਾ ਹੋ ਸਕਦਾ ਹੈ।" ਰਾਜੇ ਦੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਅਤੇ ਉਹ ਇਕ ਚੰਗਾ ਸ਼ਾਸਕ ਬਣ ਗਿਆ।


Raj Singh Paul's
PENCILS 2019

## 42. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ :–

ਗੁਰੂ ਜੀ ਤੇ ਭਾਈ ਮਰਦਾਨਾ ਮੱਕੇ ਤੋਂ ਵਾਪਸ ਮੁੜਦੇ ਹੋਏ ਮਿਸਰ, ਸੁਡਾਨ ਅਤੇ ਤੁਰਕੀ ਦੇ ਰਸਤੇ ਬਗ਼ਦਾਦ ਪੁੱਜੇ। ਰਾਤ ਕੱਟਣ ਲਈ ਸ਼ਹਿਰ ਤੋਂ ਬਾਹਰ ਟਿਕਾਣਾ ਕੀਤਾ। ਤੜਕੇ ਜਦੋਂ ਲੋਕ ਮਸੀਤ ਵਿਚ ਨਮਾਜ਼ ਪੜ੍ਹਨ ਗਏ ਤਾਂ ਆਪ ਜੀ ਨੇ ਉੱਚੀ, ਮਿੱਠੀ ਸੁਰ ਵਿਚ ਸਤਿ ਕਰਤਾਰ ਦਾ ਆਵਾਜ਼ਾ ਲਾਇਆ, ਭਾਈ ਮਰਦਾਨੇ ਨੇ ਰਬਾਬ ਛੇੜੀ ਅਤੇ ਗੁਰੂ ਜੀ ਕੀਰਤਨ ਕਰਨ ਲੱਗ ਪਏ। ਇਸਲਾਮ ਵਿਚ ਸੰਗੀਤ ਦੀ ਮਨਾਹੀ ਹੈ, ਇਸ ਲਈ ਇਸਲਾਮ ਦੇ ਇਸ ਵੱਡੇ ਕੇਂਦਰ ਦੇ ਲੋਕ ਭੜਕ ਉੱਠੇ ਅਤੇ ਸ਼ਹਿਰ ਦੇ ਪੀਰ ਅਤੇ ਹਾਕਮ ਪਾਸ ਸ਼ਿਕਾਇਤ ਕੀਤੀ। ਸ਼ਹਿਰ ਦੇ ਕਾਜ਼ੀ ਨੇ ਫਤਵਾ ਦਿੱਤਾ ਕਿ ਇਸ ਤਰ੍ਹਾਂ ਦੇ ਹਿੰਦੂ ਕਾਫ਼ਰ ਨੂੰ ਪੱਥਰ ਮਾਰ-ਮਾਰ ਕੇ ਮਾਰ ਦੇਣਾ ਬੜਾ ਨੇਕ ਕੰਮ ਹੋਵੇਗਾ।

ਜਦੋਂ ਉਹ ਗੁਰੂ ਜੀ ਦੇ ਨੇੜੇ ਗਏ ਤਾਂ ਉਨ੍ਹਾਂ ਦੇ ਕੰਨਾਂ ਵਿਚ ਸ਼ਬਦ-ਕੀਰਤਨ ਦੀ ਅਵਾਜ਼ ਪਈ ਅਤੇ ਗੁਰੂ ਜੀ ਦੇ ਚਿਹਰੇ ਦੇ ਰੱਬੀ ਨੂਰ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਦਾ ਹਿਰਦਾ ਸ਼ਾਂਤ ਹੋ ਗਿਆ ਅਤੇ ਗੁਰੂ ਜੀ ਨੂੰ ਪੱਥਰ ਮਾਰਨ ਦੀ ਹਿੰਮਤ ਹੀ ਨਾ ਰਹੀ।ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਰਾਗ ਉਹ ਮਾੜਾ ਹੁੰਦਾ ਹੈ, ਜਿਸਦੇ ਗਾਉਣ ਨਾਲ ਸੁਨਣ ਵਾਲੇ ਦੇ ਮਨ ਉੱਪਰ ਸ਼ੈਤਾਨ ਦਾ ਭੂਤ ਸਵਾਰ ਹੋ ਜਾਵੇ। ਰਾਗ ਨਾਲ ਉਸ ਮਾਲਕ ਦੇ ਗੁਣ ਗਾਉਣਾ ਕੋਈ ਬੁਰੀ ਗੱਲ ਨਹੀਂ ਹੈ।

ਗੁਰੂ ਜੀ ਦੀ ਸ਼ੋਭਾ ਸੁਣ ਕੇ, ਅਗਲੇ ਦਿਨ ਉਸ ਸ਼ਹਿਰ ਦਾ ਪੀਰ ਦਸਤਗੀਰ ਵੀ ਦਰਸ਼ਨਾਂ ਨੂੰ ਆਇਆ। ਗੁਰੂ ਜੀ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸਨ। ਪਾਠ ਦੀ ਸਮਾਪਤੀ ਉਪਰੰਤ ਪੀਰ ਦਸਤਗੀਰ ਨੇ ਗੁਰੂ ਜੀ ਨੂੰ ਸਵਾਲ ਕੀਤਾ, "ਤੁਸੀਂ ਤਾਂ, 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਕਹਿੰਦੇ ਹੋ ਪ੍ਰੰਤੂ ਸਾਡੇ ਪੈਗੰਬਰ ਨੇ ਤਾਂ 'ਸੱਤ ਪਾਤਾਲ ਅਤੇ ਸੱਤ ਆਕਾਸ਼' ਹੀ ਦੱਸੇ ਹਨ।" ਗੁਰੂ ਜੀ ਨੇ ਉੱਤਰ ਦਿੱਤਾ ਕਿ "ਤੁਹਾਡੇ ਪੈਗੰਬਰ ਗ਼ਲਤ ਨਹੀਂ ਕਹਿੰਦੇ, ਉਨ੍ਹਾਂ ਨੂੰ ਸੱਤ ਆਕਾਸ਼ ਤੇ ਸੱਤ ਪਾਤਾਲ ਹੀ ਨਜ਼ਰੀਂ ਪਏ ਹੋਣਗੇ ਤਾਂ ਉਨ੍ਹਾਂ ਨੇ ਇੰਝ ਲਿੱਖ ਦਿੱਤਾ; ਮੈਨੂੰ ਇਨ੍ਹਾਂ ਦੀ ਗਿਣਤੀ ਲੱਖਾਂ ਵਿਚ (ਬੇਸ਼ੁਮਾਰ) ਹੀ ਨਜ਼ਰ ਆਉਂਦੀ ਹੈ, ਇਸ ਕਰਕੇ ਮੈਂ ਲੱਖਾਂ ਦੀ ਗੱਲ ਕਰਦਾ ਹਾਂ।" ਪੀਰ ਨੇ ਜਵਾਬ ਦਿੱਤਾ, "ਅਸੀਂ ਤਾਂ ਹੀ ਤੁਹਾਡੇ ਉੱਪਰ ਵਿਸ਼ਵਾਸ ਕਰ ਸਕਦੇ ਹਾਂ ਜੇ ਤੁਸੀਂ ਸਾਨੂੰ ਉਨ੍ਹਾਂ ਦੀ ਗਿਣਤੀ ਬਾਰੇ ਕੋਈ ਸਬੂਤ ਦਿਓ।" ਗੁਰੂ ਜੀ ਨੇ ਆਖਿਆ, "ਜਿਸ ਉੱਪਰ ਤੁਹਾਨੂੰ ਵਿਸ਼ਵਾਸ ਹੋਵੇ, ਉਸਨੂੰ ਮੇਰੇ ਨਾਲ ਭੇਜ ਦਿਓ, ਮੈਂ ਹੁਣੇ ਦਿਖਾ ਦਿੰਦਾ ਹਾਂ ਤਾਂ ਤੁਹਾਨੂੰ ਆਪੇ ਯਕੀਨ ਆ ਜਾਵੇਗਾ।"

ਗੁਰੂ ਜੀ ਦੇ ਬਚਨ ਸੁਣ ਕੇ ਪੀਰ ਜੀ ਨੇ ਆਪਣਾ ਬੇਟਾ ਹਾਜ਼ਰ ਕੀਤਾ। ਗੁਰੂ ਜੀ ਨੇ ਉਸਦੇ ਪੁੱਤਰ ਦਾ ਹੱਥ ਫੜਿਆ ਅਤੇ ਅੱਖਾਂ ਬੰਦ ਕਰਨ ਲਈ ਆਖਿਆ। ਗੁਰੂ ਜੀ ਤੇ ਪੀਰ ਦਾ ਪੁੱਤਰ ਦੋਨੋਂ ਲੋਕਾਂ ਦੀ ਭੀੜ ਵਿਚੋਂ ਕੁਝ ਦੇਰ ਲਈ ਗਾਇਬ ਹੋ ਗਏ। ਇਸ ਅਵਸਥਾ ਵਿਚ ਪੀਰ ਦੇ ਪੁੱਤਰ ਨੂੰ ਲੱਖਾਂ ਆਕਾਸ਼ ਅਤੇ ਪਾਤਾਲ ਨਜ਼ਰ ਆਏ। ਇਕ ਕਚਕੌਲ ਕੜਾਹ ਪ੍ਰਸ਼ਾਦ ਦਾ ਭਰ ਕੇ ਧੁਰੋਂ ਪਾਤਾਲੋਂ ਲਿਆਏ ਜੋ ਸਾਰਿਆਂ ਦੇ ਵਿਚ ਵੰਡਿਆ ਗਿਆ। ਪੀਰ ਦੇ ਪੁੱਤਰ ਨੇ ਪੀਰ ਅਤੇ ਉੱਥੇ ਜੁੜੀ ਲੋਕਾਂ ਦੀ ਭੀੜ ਦੀ ਤਸੱਲੀ ਕਰਵਾ ਦਿੱਤੀ ,"ਜਿਸ ਤਰ੍ਹਾਂ ਗੁਰੂ ਜੀ ਕਹਿੰਦੇ ਹਨ, ਮੈਨੂੰ ਵੀ ਉਸੇ ਤਰ੍ਹਾਂ ਬੇ-ਗਿਣਤ ਆਕਾਸ਼ ਅਤੇ ਪਾਤਾਲ ਨਜ਼ਰੀਂ ਆਏ ਹਨ।"

ਇਹ ਸੁਣ ਕੇ ਸਭ ਦੀ ਤਸੱਲੀ ਹੋ ਗਈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ਵਿਚ ਇਸ ਦਾ ਵਰਨਣ ਕੀਤਾ ਹੈ:-

**ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ ।**
**ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ ।**
**ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ ।**
**ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ ।**
**ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ ।**
**ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ ।**
**ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ ।**
**ਜਾਹਰ ਕਲਾ ਨ ਛਪੈ ਛਪਾਈ ॥** ਵਾਰ: ੧/੩੬

ਗੁਰੂ ਜੀ ਦੀ ਇਸ ਫੇਰੀ ਦੀ ਯਾਦ ਵਿਚ ਉਸ ਥਾਂ 'ਤੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।


Raj Singh Paul's
PENCILS 2019

## 43. ਵਲੀ ਕੰਧਾਰੀ ਦਾ ਹੰਕਾਰ ਤੋੜਨਾ :-

ਮੱਕੇ ਤੋਂ ਗੁਰੂ ਜੀ ਤੇ ਭਾਈ ਮਰਦਾਨਾ ਹਸਨ ਅਬਦਾਲ ਪੁੱਜੇ, ਜਿੱਥੇ ਅੱਜਕਲ੍ਹ ਗੁਰਦੁਆਰਾ ਪੰਜਾ ਸਾਹਿਬ ਸੁਸ਼ੋਭਿਤ ਹੈ। ਭਾਈ ਮਰਦਾਨਾ ਨੂੰ ਪਿਆਸ ਲੱਗੀ ਤਾਂ ਉਸਨੇ ਗੁਰੂ ਜੀ ਤੋਂ ਕਿਸੇ ਥਾਂ ਪਾਣੀ ਦੀ ਭਾਲ ਕਰਨ ਲਈ ਆਗਿਆ ਮੰਗੀ, ਕਿਉਂਕਿ ਉਸ ਥਾਂ ਪਾਣੀ ਦੀ ਬਹੁਤ ਕਮੀ ਸੀ। ਗੁਰੂ ਜੀ ਨੇ ਸੁਝਾਅ ਦਿੱਤਾ ਕਿ ਇਸ ਪਹਾੜੀ ਉੱਪਰ ਇਕ ਵਲੀ ਕੰਧਾਰੀ ਨਾਂ ਦਾ ਫ਼ਕੀਰ ਰਹਿੰਦਾ ਹੈ। ਉਸ ਪਾਸ ਪਾਣੀ ਦਾ ਇਕ ਚਸ਼ਮਾ ਹੈ, ਜਿਸ ਵਿਚੋਂ ਉਹ ਕਿਸੇ ਨੂੰ ਪਾਣੀ ਪੀਣ ਨੂੰ ਨਹੀਂ ਦਿੰਦਾ। ਹੋ ਸਕਦਾ ਹੈ ਕਿ ਤੈਨੂੰ ਪਰਦੇਸੀ ਸਮਝ ਕੇ ਤਰਸ ਕਰਕੇ ਪਾਣੀ ਦੇ ਦੇਵੇ। ਭਾਈ ਮਰਦਾਨਾ ਪਹਾੜੀ ਉੱਪਰ ਚੜ੍ਹ ਕੇ ਵਲੀ ਕੰਧਾਰੀ ਪਾਸ ਪਹੁੰਚ ਗਏ ਅਤੇ ਪਾਣੀ ਲਈ ਉਸਨੂੰ ਬੇਨਤੀ ਕੀਤੀ। ਵਲੀ ਕੰਧਾਰੀ ਨੇ ਆਖਿਆ ਕਿ ਇਸ ਚਸ਼ਮੇ ਦਾ ਪਾਣੀ ਜੇ ਮੈਂ ਲੋਕਾਂ ਨੂੰ ਦੇਣ ਲੱਗਾ ਤਾਂ ਇਹ ਮੁੱਕ ਜਾਵੇਗਾ। ਇਹ ਪਾਣੀ ਮੈਂ ਸਿਰਫ ਆਪਣੇ ਪੀਣ ਵਾਸਤੇ ਹੀ ਰੱਖਿਆ ਹੈ।

ਭਾਈ ਮਰਦਾਨਾ ਨੇ ਬੇਨਤੀ ਕੀਤੀ, "ਮੈਂ ਪਰਦੇਸੀ ਹਾਂ, ਇੱਥੇ ਪਾਣੀ ਦੀ ਬਹੁਤ ਘਾਟ ਹੈ, ਇਸ ਕਰਕੇ ਹੀ ਮੈਂ ਆਪ ਜੀ ਪਾਸ ਆਇਆ ਹਾਂ।" ਵਲੀ ਕੰਧਾਰੀ 'ਤੇ ਇਸ ਬੇਨਤੀ ਦਾ ਕੋਈ ਅਸਰ ਨਾ ਹੋਇਆ ਤੇ ਉਸਨੇ ਭਾਈ ਮਰਦਾਨੇ ਨੂੰ ਕੋਰਾ ਜਵਾਬ ਦੇ ਦਿੱਤਾ।

ਭਾਈ ਮਰਦਾਨਾ ਵਾਪਿਸ ਮੁੜ ਆਇਆ ਤੇ ਗੁਰੂ ਜੀ ਨੂੰ ਵਲੀ ਕੰਧਾਰੀ ਦੇ ਇਨਕਾਰ ਕਰਨ ਬਾਰੇ ਸਾਰੀ ਗੱਲ ਦੱਸ ਦਿੱਤੀ। ਗੁਰੂ ਜੀ ਨੇ ਆਖਿਆ, "ਇਕ ਵਾਰੀ ਫਿਰ ਉਸ ਫ਼ਕੀਰ ਕੋਲ ਜਾ ਕੇ ਬੇਨਤੀ ਕਰੋ ਕਿ ਇਹ ਪਾਣੀ ਅੱਲ੍ਹਾ ਦੀ ਬਖ਼ਸ਼ਿਸ਼ ਹੈ ਤੇ ਇਸਨੂੰ ਵੰਡ ਕੇ ਹੀ ਵਰਤਨਾ ਚਾਹੀਦਾ ਹੈ ਅਤੇ ਅਜਿਹਾ ਕਰਨ ਨਾਲ ਹੀ ਤੁਸੀਂ ਖ਼ੁਦਾ ਦੀ ਬਖ਼ਸ਼ਿਸ਼ ਦੇ ਪਾਤਰ ਬਣੋਗੇ।"

ਭਾਈ ਮਰਦਾਨੇ ਨੇ ਦੂਸਰੀ ਵਾਰ ਜਾ ਕੇ ਜਿਵੇਂ ਗੁਰੂ ਜੀ ਨੇ ਉਪਦੇਸ਼ ਦਿੱਤਾ ਸੀ, ਐਨ ਉਸੇ ਤਰ੍ਹਾਂ ਹੀ ਵਲੀ ਕੰਧਾਰੀ ਨੂੰ ਜਾ ਬੇਨਤੀ ਕੀਤੀ। ਵਲੀ ਕੰਧਾਰੀ ਐਸਾ ਕਠੋਰ ਦਿਲ ਸੀ ਕਿ ਉਸ ਉੱਪਰ ਖ਼ੁਦਾ ਦੇ ਵਾਸਤੇ ਦਾ ਵੀ ਕੋਈ ਅਸਰ ਨਾ ਹੋਇਆ ਕਿਉਂਕਿ ਉਹ ਇਕ ਹੰਕਾਰੀ ਇਨਸਾਨ ਸੀ, ਜਿਸ ਵਿਚ ਫ਼ਕੀਰਾਂ ਵਾਲੇ ਗੁਣ ਨਹੀਂ ਸਨ।

ਹੰਕਾਰ ਵਿਚ ਆ ਕੇ ਉਸਨੇ ਭਾਈ ਮਰਦਾਨਾ ਨੂੰ ਬਹੁਤ ਬੋਲ-ਕੁਬੋਲ ਕੀਤੇ ਤੇ ਇੱਥੋਂ ਤਕ ਕਹਿ ਦਿੱਤਾ, "ਤੂੰ ਮੋਮਨ ਹੋ ਕੇ ਇਕ ਕਾਫ਼ਰ ਨਾਲ ਤੁਰਿਆ ਫਿਰਦਾ ਹੈਂ। ਜੇ ਤੇਰਾ ਐਡਾ ਹੀ ਜ਼ਾਹਰ ਮੁਰਸ਼ਦ ਹੈ ਤਾਂ ਤੈਨੂੰ ਪਾਣੀ ਕਿਉਂ ਨਹੀਂ ਪਿਲਾ ਸਕਦਾ। ਮੁੜ-ਮੁੜ ਕੇ ਮੇਰੇ ਕੋਲ ਕਿਉਂ ਭੇਜਦਾ ਹੈ।"

ਉਦਾਸ ਹੋ ਕੇ, ਭਾਈ ਮਰਦਾਨਾ ਫਿਰ ਗੁਰੂ ਜੀ ਦੇ ਕੋਲ ਵਾਪਿਸ ਆ ਗਿਆ ਤੇ ਵਲੀ ਕੰਧਾਰੀ ਦੀਆਂ ਹੰਕਾਰ ਭਰੀਆਂ ਸਾਰੀਆਂ ਗੱਲਾਂ ਉਨ੍ਹਾਂ ਨੂੰ ਦੱਸ ਦਿੱਤੀਆਂ। ਭਾਈ ਮਰਦਾਨਾ ਪਿਆਸ ਨਾਲ ਵੀ ਕਾਫ਼ੀ ਉਦਾਸ ਚਿੱਤ ਹੋ ਗਿਆ ਸੀ। ਗੁਰੂ ਜੀ ਨੇ ਉਸਨੂੰ ਆਖਿਆ ਕਿ ਕਰਤਾਰ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ, ਉਦਾਸ ਨਾ ਹੋ। ਗੁਰੂ ਜੀ ਨੇ ਇਕ ਪੱਥਰ ਵੱਲ ਇਸ਼ਾਰਾ ਕਰਦਿਆਂ ਭਾਈ ਮਰਦਾਨਾ ਜੀ ਨੂੰ ਆਖਿਆ ਕਿ ਉਸ ਪੱਥਰ ਨੂੰ ਇਕ ਪਾਸੇ ਕਰ ਦਿਓ। ਜਦੋਂ ਪੱਥਰ ਚੁੱਕ ਕੇ ਭਾਈ ਮਰਦਾਨੇ ਨੇ ਇਕ ਪਾਸੇ ਕੀਤਾ ਤਾਂ ਉਸਦੇ ਥੱਲਿਓਂ ਨਿਰਮਲ ਜਲ ਨਿਕਲ ਆਇਆ, ਜੋ ਭਾਈ ਮਰਦਾਨੇ ਨੇ ਰੱਜ ਕੇ ਪੀਤਾ ਅਤੇ ਵਾਹਿਗੁਰੂ ਦਾ ਸ਼ੁਕਰ ਕੀਤਾ।

ਵਲੀ ਕੰਧਾਰੀ ਨੇ ਜਦ ਆਪਣੇ ਚਸ਼ਮੇ ਵਲ ਵੇਖਿਆ ਤਾਂ ਉਸਨੂੰ ਉਸਦਾ ਪਾਣੀ ਘਟਦਾ ਨਜ਼ਰੀਂ ਆਇਆ ਅਤੇ ਆਪਣੇ ਹੰਕਾਰ ਨੂੰ ਵੀ ਸੱਟ ਵਜਦੀ ਮਹਿਸੂਸ ਹੋਈ। ਉਸਨੇ ਜਦ ਖੜਾ ਹੋ ਕੇ ਥੱਲੇ ਝਾਤ ਮਾਰੀ ਤਾਂ ਭਾਈ ਮਰਦਾਨੇ ਨੂੰ ਪਾਣੀ ਪੀਂਦੇ ਵੇਖਿਆ। ਅਸਲ ਵਿਚ ਇਹ ਪਾਣੀ ਉਸਦੇ ਚਸ਼ਮੇ ਵਿਚੋਂ ਹੀ ਆ ਰਿਹਾ ਸੀ।

ਆਪਣੇ ਚਸ਼ਮੇ 'ਚੋਂ ਪਾਣੀ ਘਟਦਾ ਵੇਖ ਕੇ ਪਹਿਲਾਂ ਤਾਂ ਵਲੀ ਕੰਧਾਰੀ ਉਦਾਸ ਜਿਹਾ ਹੋਇਆ, ਫਿਰ ਉਸਨੇ ਹੰਕਾਰ ਵਿਚ ਆ ਕੇ ਇਕ ਵੱਡਾ ਪੱਥਰ ਉਸ ਪਾਸੇ ਵੱਲ ਨੂੰ ਰੇੜ੍ਹਿਆ, ਜਿਸ ਪਾਸੇ ਥੱਲੇ ਗੁਰੂ ਜੀ ਤੇ ਭਾਈ ਮਰਦਾਨਾ ਬੈਠੇ ਹੋਏ ਸਨ। ਉਸਨੇ ਇਹ ਪੱਥਰ ਗੁਰੂ ਜੀ ਤੇ ਭਾਈ ਮਰਦਾਨਾ ਨੂੰ ਮਾਰਨ ਵਾਸਤੇ ਰੇੜ੍ਹਿਆ ਸੀ। ਗੁਰੂ ਜੀ ਨੇ ਸਹਿਜੇ ਹੀ ਆਪਣਾ ਹੱਥ ਥੱਲੇ ਨੂੰ ਰਿੜਦੇ ਆਉਂਦੇ ਉਸ ਵੱਡੇ ਸਾਰੇ ਪੱਥਰ ਵਲ ਕੀਤਾ ਅਤੇ ਪੱਥਰ ਹੱਥ ਨੂੰ ਛੂੰਹਦੇ ਸਾਰ ਹੀ ਉਥੇ ਹੀ ਅਟਕ ਗਿਆ ਅਤੇ ਗੁਰੂ ਜੀ ਤੇ ਮਰਦਾਨੇ ਨੂੰ ਕੋਈ ਹਾਨੀ ਨਾ ਪਹੁੰਚੀ। ਰੱਬ ਦੀ ਕੁਦਰਤ ਅਤੇ ਗੁਰੂ ਜੀ ਦਾ ਤੇਜ ਪ੍ਰਤਾਪ! ਪੱਥਰ ਐਨਾ ਨਰਮ ਹੋ ਗਿਆ ਸੀ ਕਿ ਗੁਰੂ ਜੀ ਦਾ ਪੰਜਾ ਉਸ ਵਿਚ ਧੱਸ ਗਿਆ, ਜਿਸ ਨਾਲ ਪੱਥਰ ਉੱਤੇ ਪੰਜੇ ਦਾ ਪੱਕਾ ਨਿਸ਼ਾਨ ਲੱਗ ਗਿਆ, ਜੋ ਅਜ ਤਕ ਮੌਜੂਦ ਹੈ।

ਇਹ ਵੇਖ ਕੇ ਵਲੀ ਕੰਧਾਰੀ ਦਾ ਹੰਕਾਰ ਟੁੱਟ ਗਿਆ ਅਤੇ ਉਸਨੇ ਗੁਰੂ ਜੀ ਪਾਸ ਆ ਕੇ ਆਪਣੀ ਭੁੱਲ ਲਈ ਮੁਆਫ਼ੀ ਮੰਗੀ। ਗੁਰੂ ਜੀ ਨੇ ਉਪਦੇਸ਼ ਦਿੱਤਾ, "ਵਲੀ ਕੰਧਾਰੀ! ਖ਼ੁਦਾ ਦੀ ਦਿੱਤੀ ਵਸਤੂ ਦਾ ਕੀ ਹੰਕਾਰ; ਉਸ ਦੀਆਂ ਬਖ਼ਸ਼ਿਸ਼ਾਂ ਦਾ ਧੰਨਵਾਦ ਹੀ ਕਰਨਾ ਬਣਦਾ ਹੈ, ਹੰਕਾਰ ਨਹੀਂ। ਸਰਬ ਕਲਾ ਸਮਰੱਥ ਜੇ ਬਖ਼ਸ਼ਿਸ਼ ਕਰਦਾ ਹੈ ਤਾਂ ਭਾਵੇਂ ਉਹ ਕਿੰਨਾਂ ਦਿਆਲੂ ਹੈ, ਹੰਕਾਰੀਆਂ ਨੂੰ ਸਿੱਖਿਆ ਦੇਣ ਲਈ ਖੋਹ ਵੀ ਸਕਦਾ ਹੈ। ਉਸਦੀਆਂ ਬਖ਼ਸ਼ਿਸ਼ਾਂ ਦਾ ਧੰਨਵਾਦ ਕਰੋ, ਦੂਜਿਆਂ ਨਾਲ ਵੰਡ ਕੇ ਵਰਤੋ ਅਤੇ ਸਦਾ ਉਸਦਾ ਸ਼ੁਕਰਾਨਾ ਹੀ ਕਰਦੇ ਰਹੋ।"


Raj Singh Paul's
PENCILS 2019

## 44. ਬਾਬਰ ਦਾ ਹਮਲਾ :-

ਮੱਕੇ ਦੇ ਹੱਜ ਤੋਂ ਵਾਪਿਸ ਆਉਂਦੇ ਰਾਹ ਵਿਚ ਥਾਂ-ਥਾਂ 'ਤੇ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਜੀ ਸੈਦਪੁਰ (ਹੁਣ ਐਮਨਾਬਾਦ) ਪੁੱਜੇ, ਜਿਥੇ ਉਨ੍ਹਾਂ ਨੇ ਸੰਸਾਰ ਫੇਰੀ ਦੇ ਆਰੰਭ ਵਿਚ ਭਾਈ ਲਾਲੋ ਨੂੰ ਸਿੱਖ ਧਰਮ ਦਾ ਪਹਿਲਾ ਪ੍ਰਚਾਰਕ ਥਾਪਿਆ ਸੀ। ਉਨ੍ਹਾਂ ਨੂੰ ਮੱਕੇ ਤੋਂ ਵਾਪਸ ਆਉਂਦਿਆਂ ਕਾਬਲ ਵਿਚ ਹੀ ਪਤਾ ਲੱਗ ਗਿਆ ਸੀ ਕਿ ਬਾਬਰ ਹਿੰਦੁਸਤਾਨ 'ਤੇ ਹਮਲਾ ਕਰਨ ਦੀ ਜ਼ੋਰਦਾਰ ਤਿਆਰੀ ਕਰ ਰਿਹਾ ਸੀ। ਬਾਬਰ ਦੇ ਹੋਣ ਵਾਲੇ ਹਮਲੇ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਗੁਰੂ ਜੀ ਨੇ ਗੁਰਬਾਣੀ ਦੇ ਗਾਇਨ ਰਾਹੀਂ ਲੋਕਾਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਬਾਬਰ ਕਾਬਲ ਤੋਂ ਪਾਪ ਦੀ ਜੰਞ (ਫ਼ੌਜ) ਨਾਲ ਲੈ ਕੇ ਭਾਰਤ ਵੱਲ ਹਮਲਾ ਕਰਨ ਆ ਰਿਹਾ ਹੈ ਅਤੇ ਜ਼ੋਰ ਜ਼ਬਰਦਸਤੀ ਕਰਕੇ ਲੋਕਾਂ ਤੋਂ ਸਭ ਕੁਝ ਖੋਹ ਲਵੇਗਾ, ਬੇਦੋਸ਼ਾਂ ਦਾ ਕਤਲ ਕਰੇਗਾ, ਔਰਤਾਂ ਦੀ ਬੇ-ਪੱਤੀ ਕਰੇਗਾ, ਆਦਿ ਅਤੇ ਅਜਿਹਾ ਸਭ ਕੁਝ ਕਰਦਿਆਂ ਉਹ ਰੱਬ ਨੂੰ ਬਿਲਕੁਲ ਭੁਲਾ ਦੇਵੇਗਾ। ਕਿਸੇ ਦਾ ਵੀ ਧਨ-ਦੌਲਤ ਤੇ ਇਜ਼ੱਤ-ਪੱਤ ਸੁਰੱਖਿਅਤ ਨਹੀਂ ਹੋਵੇਗੀ।

ਇਸ ਤਾੜਨਾ ਦੇ ਬਾਵਜੂਦ ਜਦੋਂ ਬਾਬਰ ਆਪਣੀ ਫ਼ੌਜ ਸਮੇਤ ਐਮਾਨਬਾਦ ਵਿਚ ਮਾਰੋਮਾਰ ਕਰਦਾ ਆਇਆ, ਲੋਧੀਆਂ (ਪਠਾਣਾ) ਦੀ ਸਰਕਾਰ ਵੱਲੋਂ ਉਸਦੇ ਟਾਕਰੇ ਲਈ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ। ਉਨ੍ਹਾਂ ਕੁਝ ਮੌਲਵੀ ਕਿਰਾਏ 'ਤੇ ਲੈ ਕੇ ਕਲਮਾਂ ਪੜ੍ਹਨ ਲਈ ਬਿਠਾਏ ਹੋਏ ਸਨ ਕਿਉਂਕਿ ਉਨ੍ਹਾਂ ਦਾ ਖ਼ਿਆਲ ਸੀ ਕਿ ਅਜਿਹਾ ਕਰਨ ਨਾਲ ਹੀ ਆਉਣ ਵਾਲੀ ਬਲ਼ਾ ਟੱਲ਼ ਜਾਵੇਗੀ।


ਐਸੇ ਹਾਲਾਤ ਵਿਚ ਬਾਬਰ ਦੀ ਜਿੱਤ ਹੋਣੀ ਜ਼ਰੂਰੀ ਸੀ, ਜੋ ਹੋ ਕੇ ਹੀ ਰਹੀ। ਹਮਲਾਵਰ ਫ਼ੌਜ ਨੇ ਸ਼ਹਿਰ ਨੂੰ ਖ਼ੂਬ ਲੁੱਟਿਆ ਅਤੇ ਮਨ ਮਰਜੀਆਂ ਕੀਤੀਆਂ। ਇਸ ਖ਼ੂਨ ਖਰਾਬੇ ਤੋਂ ਪਿੱਛੋਂ ਜੋ ਮਰਦ, ਇਸਤਰੀ, ਬੱਚੇ ਸਭ ਨੂੰ ਬੰਦੀ ਬਣਾ ਕੇ ਜੇਲ ਵਿਚ ਸੁੱਟ ਦਿੱਤਾ। ਇਨ੍ਹਾਂ ਬੰਦੀਆਂ ਵਿਚ ਗੁਰੂ ਜੀ ਅਤੇ ਭਾਈ ਮਰਦਾਨਾ ਵੀ ਸ਼ਾਮਲ ਸਨ। ਜੇਲ ਵਿਚ ਬੰਦ ਸਾਰੇ ਬੰਦੀਆਂ ਨੂੰ ਫ਼ੌਜ ਵਾਸਤੇ ਚੱਕੀਆਂ ਦੁਆਰਾ ਆਟਾ ਪੀਸਣ 'ਤੇ ਲਾਇਆ ਗਿਆ।

ਗੁਰੂ ਜੀ ਨੇ ਜੇਲ ਵਿਚ ਇਕ ਸ਼ਬਦ ਉਚਾਰਿਆ, ਜਿਸ ਤੋਂ ਸਾਰੇ ਬੰਦੀਆਂ ਨੂੰ ਸ਼ਾਂਤੀ ਮਿਲੀ ਅਤੇ ਉਨ੍ਹਾਂ ਰੋਣਾ-ਧੋਣਾ ਬੰਦ ਕਰ ਦਿੱਤਾ। ਸ਼ਬਦ ਰਾਹੀਂ ਗੁਰੂ ਜੀ ਨੇ ਇਹ ਸਿੱਖਿਆ ਦਿੱਤੀ ਸੀ ਕਿ ਉਹ ਰਾਜ ਦੇ ਹੰਕਾਰ ਵਿਚ ਸਰਵ-ਸ਼ਕਤੀਮਾਨ ਨੂੰ ਉੱਕਾ ਹੀ ਭੁੱਲ ਗਏ ਸਨ ਤਾਂ ਹੀ ਉਨ੍ਹਾਂ ਦਾ ਐਸਾ ਬੁਰਾ ਹਾਲ ਹੋਇਆ ਹੈ। ਜਿੰਨ੍ਹਾਂ ਔਰਤਾਂ ਨੇ ਆਪਣੇ ਵਾਲ ਸਵਾਰ ਕੇ ਵਿਚ ਸੰਧੂਰ ਸਜਾਇਆ ਹੋਇਆ ਸੀ, ਮਹਿਲਾਂ ਵਿਚ ਬੈਠੀਆਂ ਮੌਜਾਂ ਕਰਦੀਆਂ ਸਨ, ਉਨ੍ਹਾਂ ਦੇ ਵਾਲ ਬੜੀ ਬੇ-ਦਰਦੀ ਨਾਲ ਮੁੰਨ ਦਿੱਤੇ ਗਏ ਅਤੇ ਉਨ੍ਹਾਂ ਨੂੰ ਵੀ ਚੱਕੀਆਂ ਪੀਸਣ 'ਤੇ ਲਾ ਦਿੱਤਾ ਗਿਆ ਸੀ। ਉਨ੍ਹਾਂ ਦਾ ਸੁੰਦਰ ਰੂਪ ਹੀ, ਉਨ੍ਹਾਂ ਦਾ ਵੈਰੀ ਬਣ ਗਿਆ ਸੀ। ਜੇ ਉਨ੍ਹਾਂ ਪਰਮਾਤਮਾ ਨੂੰ ਵਿਸਾਰਿਆ ਨਾ ਹੁੰਦਾ ਤਾਂ ਉਨ੍ਹਾਂ ਨੂੰ ਇਹ ਮੰਦੇ ਦਿਨ ਨਾ ਵੇਖਣੇ ਪੈਂਦੇ। ਆਪਣੀਆਂ ਸੁੱਖ-ਸਹੂਲਤਾਂ ਅਤੇ ਐਸ਼-ਆਰਾਮ ਵਿਚ ਪੈ ਕੇ ਉਹ ਤਾਂ ਰੱਬ ਨੂੰ ਉੱਕਾ ਹੀ ਭੁੱਲੀਆਂ ਹੋਈਆਂ ਸਨ।

ਇਹ ਸਾਰਾ ਕੁਝ, ਰੋਣ-ਕਰਲਾਉਣ ਦਾ ਦ੍ਰਿਸ਼ ਅਤੇ ਗੁਰੂ ਸਾਹਿਬ ਦੇ ਸ਼ਬਦ ਰਾਹੀਂ ਸਾਰੇ ਬੰਦੀਆਂ ਦੇ ਸ਼ਾਂਤ ਹੋ ਜਾਣ ਦੇ ਦ੍ਰਿਸ਼ ਨੂੰ ਬਾਬਰ ਦਾ ਜਰਨੈਲ ਮੀਰ ਖ਼ਾਂ ਆਪਣੇ ਅੱਖੀਂ ਵੇਖ ਰਿਹਾ ਸੀ। ਉਸਨੇ ਇਸ ਅੱਖੀਂ ਵੇਖੇ ਹਾਲ ਦੀ ਰਿਪੋਰਟ ਵਿਸਥਾਰ ਵਿਚ ਬਾਬਰ ਦੇ ਧਿਆਨ ਵਿਚ ਲਿਆਂਦੀ ਕਿ ਕਿਵੇਂ ਗੁਰੂ ਜੀ ਦੇ ਸ਼ਬਦ ਨੇ ਸਾਰੇ ਬੰਦੀਆਂ 'ਤੇ ਅਸਰ ਪਾਇਆ, ਕਿਵੇਂ ਉਹ ਸਾਰੇ ਰੋਣਾ-ਧੋਣਾ ਛੱਡ ਕੇ ਸ਼ਾਂਤ-ਚਿੱਤ ਹੋ ਗਏ।

ਆਪਣੇ ਜਰਨੈਲ ਦੀ ਰਿਪੋਰਟ ਮਿਲਣ 'ਤੇ ਬਾਬਰ ਨੇ ਬੰਦੀਖਾਨੇ ਦਾ ਆਪ ਦੌਰਾ ਕੀਤਾ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਇਆ ਅਤੇ ਥੋੜੀ ਦੇਰ ਗੁਰੂ ਜੀ ਨਾਲ ਵਿਚਾਰ-ਚਰਚਾ ਵੀ ਕੀਤੀ। ਇਸ ਦੇ ਫਲਸਰੂਪ ਬਾਬਰ ਨੇ, ਗੁਰੂ ਜੀ ਤੇ ਭਾਈ ਮਰਦਾਨਾ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸ ਲਈ ਦੁਆ ਮੰਗੋ ਤਾਂ ਗੁਰੂ ਜੀ ਨੇ ਆਖਿਆ ਕਿ ਜਦ ਤਕ ਬਾਦਸ਼ਾਹ ਅੱਤਿਆਚਾਰ ਦਾ ਰਾਹ ਛੱਡਣ ਦਾ ਪ੍ਰਣ ਨਹੀਂ ਕਰਦਾ, ਦੁਆ ਨਹੀਂ ਹੋ ਸਕਦੀ । ਨਾਲ ਹੀ ਇਹ ਵੀ ਕਿਹਾ, "ਮੈਂ ਇਕੱਲਾ ਬੰਦੀਖਾਨੇ ਤੋਂ ਬਾਹਰ ਨਹੀਂ ਜਾਵਾਂਗਾ, ਜੇ ਸਾਰੇ ਬੰਦੀਆਂ ਨੂੰ ਛੱਡਿਆ ਜਾਵੇਗਾ ਤਾਂ ਮੈਂ ਵੀ ਬਾਹਰ ਚਲਿਆ ਜਾਵਾਂਗਾ।" ਬਾਬਰ ਨੇ ਗੁਰੂ ਜੀ ਦਾ ਆਦਰ ਕਰਦਿਆਂ ਸਾਰੇ ਬੰਦੀ ਛੱਡ ਦਿੱਤੇ ਅਤੇ ਖੁਸ਼ ਹੋ ਕੇ ਕਹਿਣ ਲੱਗਾ, "ਬਾਬਾ ਜੀ ਕੁਝ ਹੋਰ ਮੰਗ ਲਵੋ।" ਗੁਰੂ ਜੀ ਨੇ ਆਖਿਆ, "ਸਭ ਉਸ ਖ਼ੁਦਾ ਦਾ ਦਿੱਤਾ ਹੋਇਆ ਹੀ ਖਾਂਦੇ ਹਨ, ਬਾਦਸ਼ਾਹ, ਆਦਿ ਵੀ ਉਸ ਅੱਲ੍ਹਾ ਦੇ ਹੀ ਬਣਾਏ ਹੋਏ ਹਨ। ਸਾਡੇ ਪਾਸ ਵੀ ਉਸ ਮਾਲਕ ਦਾ ਦਿੱਤਾ ਹੋਇਆ ਬਹੁਤ ਕੁਝ ਹੈ ਅਤੇ ਸਾਨੂੰ ਉਸ ਮਾਲਕ ਉੱਤੇ ਪੂਰਾ ਭਰੋਸਾ ਹੈ। ਮਨੁੱਖ ਤੋਂ ਮੰਗਣ ਵਾਲਿਆਂ ਦੀ ਕਦੇ ਪੂਰੀ ਨਹੀਂ ਪੈਂਦੀ ਅਤੇ ਨਾ ਹੀ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ ਤੇਰੇ ਪਾਸੋਂ ਜਿਹੜਾ ਮੰਗੇਗਾ, ਉਹ ਵੱਡਾ ਮੂਰਖ ਹੋਵੇਗਾ।" ਜਰਨੈਲ ਮੀਰ ਖਾਂ, ਜੋ ਪਹਿਲਾਂ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਉਨ੍ਹਾਂ ਦਾ ਸ਼ਬਦ-ਗਾਇਨ ਸੁਣ ਕੇ ਨਿਹਾਲ ਹੋਇਆ ਪਿਆ ਸੀ, ਨੇ ਵੀ ਆਖਿਆ, "ਬਾਦਸ਼ਾਹ ਸਲਾਮਤ! ਉਸ ਸਰਬ-ਕਲਾ ਸਮਰਥ ਵੱਲੋਂ ਵਰੋਸਾਏ ਹੋਏ ਫ਼ਕੀਰਾਂ ਨੂੰ ਦਿੱਤਾ ਨਹੀਂ ਜਾਂਦਾ, ਉਨ੍ਹਾਂ ਪਾਸੋਂ ਮੰਗਿਆ ਹੀ ਜਾਂਦਾ ਹੈ"। ਬਾਬਰ ਵੀ ਗੁਰੂ ਜੀ ਨਾਲ ਕੁਝ ਵਿਚਾਰ-ਚਰਚਾ ਕਰਕੇ ਅਤੇ ਦਰਸ਼ਨ ਕਰਕੇ ਨਿਹਾਲ ਹੋਇਆ ਪਿਆ ਸੀ, ਗੁਰੂ ਜੀ ਦੀ ਅਜ਼ਮਤ ਨੂੰ ਭਲੀ-ਭਾਂਤ ਜਾਣ ਗਿਆ ਅਤੇ ਆਪਣੇ ਜਰਨੈਲ ਨਾਲ ਸਹਿਮਤੀ ਪ੍ਰਗਟਾਈ।

ਬਾਬਰ ਅਤੇ ਬਾਬਾ ਨਾਨਕ ਦਾ ਜੋ ਟਕਰਾਅ ਸੈਦਪੁਰ (ਹੁਣ ਐਮਨਾਬਾਦ) ਵਿਚ ਹੋਇਆ, ਕਈ ਪੀੜ੍ਹੀਆਂ ਤਕ ਚੱਲਦਾ ਰਿਹਾ। ਬਾਬਰ ਦਾ ਪੁੱਤਰ ਹਮਾਯੂੰ ਖਡੂਰ ਸਾਹਿਬ ਵਿਖੇ ਤਲਵਾਰ ਕੱਢਣ ਲੱਗਾ ਤਾਂ ਗੁਰੂ ਅੰਗਦ ਦੇਵ ਜੀ ਨੇ ਮੁਸਕਰਾ ਕੇ ਆਖਿਆ, "ਬਾਦਸ਼ਾਹ! ਇਹ ਤਲਵਾਰ ਸ਼ੇਰਸ਼ਾਹ ਸੂਰੀ ਨਾਲ ਹੋਈ ਲੜਾਈ ਸਮੇਂ ਕਿੱਥੇ ਸੀ ?" ਬਾਦਸ਼ਾਹ ਸ਼ਰਮਿੰਦਾ ਹੋਇਆ ਤੇ ਘੋੜੇ ਤੋਂ ਉੱਤਰ ਕੇ ਖਿਮਾ ਮੰਗੀ ਅਤੇ ਵਰ ਵੀ । ਜਹਾਂਗੀਰ ਨੇ ਅੰਨ੍ਹੇ ਤੁਅੱਸਬ ਦੇ ਅਸਰ ਹੇਠ ਗੁਰੂ ਅਰਜਨ ਦੇਵ ਜੀ ਨੂੰ ਬੇਵਜਾਹ ਸ਼ਹੀਦ ਕਰਵਾਇਆ । ਜਹਾਂਗੀਰ ਦੇ ਪੁੱਤਰ ਸ਼ਾਹਜਹਾਨ ਦੇ ਰਾਜ ਵਿਚ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਗੁਰੂ ਹਰਿਗੋਬਿੰਦ ਜੀ ਉੱਤੇ ਚਾਰ ਯੁੱਧ ਠੋਸੇ ਗਏ ਅਤੇ ਚੌਹਾਂ ਵਿਚ ਹੀ ਮੂੰਹ ਦੀ ਖਾਧੀ। ਸ਼ਾਹਜਹਾਨ ਦੇ ਪੁੱਤਰ ਔਰੰਗਜ਼ੇਬ ਨੇ ਰਾਜ ਦੇ ਅਹੰਕਾਰ ਵਿਚ ਧਰਮ ਬਦਲੀ ਕਰਨ ਦੀ ਅੱਤ ਚੁੱਕੀ ਤਾਂ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਪੁੱਤਰ ਗੁਰੂ ਤੇਗ਼ ਬਹਾਦਰ ਜੀ ਨੇ ਉਸਦੇ ਜ਼ੁਲਮਾਂ ਨੂੰ ਠੱਲ ਪਾਉਣ ਲਈ, ਉਸਦੇ ਸਿਰ ਚੜ੍ਹ ਕੇ, ਦਿੱਲੀ ਜਾ ਕੇ ਸ਼ਹਾਦਤ ਦਾ ਜਾਮ ਪੀਤਾ । ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨੌਂ ਸਾਲ ਦੀ ਛੋਟੀ ਜਿਹੀ ਉਮਰ ਤੋਂ ਹੀ ਔਰੰਗਜ਼ੇਬ ਦੇ ਜ਼ੁਲਮਾਂ ਨਾਲ ਟੱਕਰ ਜਾਰੀ ਰੱਖੀ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਵੀ ਖ਼ਾਲਸਾ ਪੰਥ ਵਲੋਂ ਉਦੋਂ ਤਕ ਚਲਦੀ ਰਹੀ ਜਦੋਂ ਤਕ ਮੁਗ਼ਲ ਰਾਜ ਢਹਿ ਢੇਰੀ ਨਾ ਹੋ ਗਿਆ ।


Raj Singh Paul's
PENCILS 2019

## 45. ਕਰਤਾਰਪੁਰ ਵਸਾਉਣਾ :-

ਜਗਤ ਫੇਰੀਆਂ ਕਰਨ ਉਪਰੰਤ ਗੁਰੂ ਜੀ ਨੇ ਆਪਣੀ ਉਮਰ ਦੇ ਆਖ਼ਰੀ 18 ਸਾਲ ਕਰਤਾਰਪੁਰ ਸਾਹਿਬ ਵਿਖੇ ਹੱਥੀਂ ਖੇਤੀ ਕਰਦਿਆਂ ਗੁਜਾਰੇ। ਜਦੋਂ ਜਗਨਨਾਥ ਪੁਰੀ ਤੋਂ ਪੰਜਾਬ ਵੱਲ ਨੂੰ ਮੁੜੇ ਅਤੇ 1508 ਈ. ਵਿਚ ਸੁਲਤਾਨਪੁਰ ਲੋਧੀ ਪਹੁੰਚੇ, ਉਸ ਵੇਲੇ ਮਾਤਾ ਸੁਲੱਖਣੀ ਜੀ ਆਪਣੇ ਦੋਵਾਂ ਸਾਹਿਬਜ਼ਾਦਿਆਂ ਨਾਲ ਆਪਣੇ ਪੇਕੇ ਪਿੰਡ ਪੱਖੋਕੇ ਰੰਧਾਵੇ ਰਹਿੰਦੇ ਸਨ। ਗੁਰੂ ਜੀ ਨੇ ਉਨ੍ਹਾਂ ਵਾਸਤੇ ਕੋਈ ਟਿਕਾਣਾ ਆਦਿ ਬਨਾਉਣ ਦੀ ਸੋਚੀ। ਆਪ ਲਾਹੌਰ ਤੋਂ ਰਾਵੀ ਦੇ ਸੱਜੇ ਕੰਡੇ ਦੇ ਨਾਲ-ਨਾਲ ਤੁਰੇ ਆਏ ਅਤੇ ਪੱਖੋਕੇ ਰੰਧਾਵੇ ਦੇ ਦੂਜੇ ਪਾਰ ਇਕ ਰਮਨੀਕ ਥਾਂ ਵੇਖੀ। ਇਹ ਲਾਹੌਰ ਦੇ ਮੁਸਲਮਾਨ ਕਰੋੜੀਆ ਦੀ ਜ਼ਮੀਨ ਸੀ। ਪਹਿਲਾਂ ਤਾਂ ਕਰੋੜੀਆ ਔਖਾ ਹੋਇਆ ਪਰ ਜਦੋਂ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਅਨਮੋਲ ਬਚਨ ਸੁਣੇ ਤਾਂ ਚਰਨੀਂ ਢਹਿ ਪਿਆ; ਸਿੱਖ ਬਣਿਆ ਤੇ ਬੇਨਤੀ ਕੀਤੀ, "ਹਜ਼ੂਰ! ਮੇਰੀ ਜ਼ਮੀਨ ਵਿਚ ਨਗਰ ਵਸਾਓ। ਇਹ ਜ਼ਮੀਨ ਮੈਂ ਆਪ ਜੀ ਦੀ ਭੇਟਾ ਕਰਦਾ ਹਾਂ।" ਗੁਰੂ ਜੀ ਨੇ ਪ੍ਰਵਾਨ ਕਰ ਲਿਆ ਅਤੇ ਕਰਤਾਰਪੁਰ ਨਗਰ ਦੀ ਨੀਂਹ ਰੱਖ ਦਿੱਤੀ। ਛੇਤੀ ਹੀ ਕਾਫ਼ੀ ਉਸਾਰੀ ਦੇ ਕੰਮ ਹੋ ਗਏ। ਥੋੜੇ ਚਿਰ ਪਿੱਛੋਂ ਗੁਰੂ ਜੀ ਦੇ ਮਾਤਾ-ਪਿਤਾ ਵੀ ਉੱਥੇ ਆ ਗਏ ਸਨ । ਤਲਵੰਡੀ ਦੀ ਕਾਫ਼ੀ ਹੋਰ ਵਸੋਂ ਵੀ, ਬਲਵੰਡ ਜੀ ਅਤੇ ਮਰਦਾਨਾ ਜੀ ਵੀ ਪਰਿਵਾਰ ਸਮੇਤ, ਇਥੇ ਹੀ ਆ ਗਈ ਸੀ।

ਗੁਰੂ ਜੀ ਨੇ ਲੋਕਾਂ ਦੇ ਤਨ, ਮਨ ਦੀ ਤ੍ਰਿਪਤੀ ਲਈ ਦੁੱਧ, ਮੱਖਣ ਅਤੇ ਲੰਗਰ ਅਤੇ ਸਵੇਰੇ-ਸ਼ਾਮ ਨਾਮ-ਸਿਮਰਨ, ਕੀਰਤਨ, ਆਦਿ, ਦਾ ਪਰਵਾਹ ਚਲਾ ਦਿੱਤਾ।

ਗੁਰੂ ਜੀ ਤਾਂ 1522 ਈ. ਤਕ ਦੱਖਣ, ਉੱਤਰ ਅਤੇ ਪੱਛਮ ਦੀ ਉਦਾਸੀ ਕਰਦੇ ਰਹੇ। ਨਾਲ ਦੀ ਨਾਲ ਕਰਤਾਰਪੁਰ ਦੀਆਂ ਰੌਣਕਾਂ ਵੀ ਵਧਦੀਆਂ ਰਹੀਆਂ।

1522 ਈ. ਤੋਂ ਗੁਰੂ ਜੀ ਲਗਾਤਾਰ ਬਹੁਤਾ ਕਰਕੇ ਕਰਤਾਰਪੁਰ ਹੀ ਰਹੇ। ਇੱਥੇ ਹੀ ਭਾਈ ਲਹਿਣਾ ਜੀ 1532 ਈ. ਵਿਚ ਗੁਰੂ ਜੀ ਨੂੰ ਮਿਲਣ ਆਏ ਅਤੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਆਮ ਤੌਰ 'ਤੇ ਗੁਰੂ ਜੀ ਉਨ੍ਹਾਂ ਨੂੰ ਆਪ ਹੀ ਕਹਿੰਦੇ ਹੁੰਦੇ ਸਨ ਕਿ ਖ਼ਡੂਰ ਜਾ ਕੇ ਆਪਣੇ ਪਰਿਵਾਰ ਦੀ ਵੀ ਸਾਰ ਲੈ ਆਓ।

ਹੋਰ ਅਨੇਕ ਕਾਰਜਾਂ ਤੋਂ ਛੁਟ, ਕਰਤਾਰਪੁਰ ਵਿਖੇ ਇੱਕ 'ਗੁਰ ਗਿਆਨ ਟਕਸਾਲ' ਵੀ ਸਥਾਪਤ ਕੀਤੀ ਗਈ ਜਿਸ ਵਿਚ ਗੁਰਬਾਣੀ ਦੇ ਉਤਾਰੇ, ਜੋ ਇਕ ਮੁਖ ਕਾਰਜ ਸੀ, ਭਾਈ ਲਹਿਣਾ ਜੀ ਦੀ ਦੇਖ-ਰੇਖ ਵਿਚ ਕੀਤੇ ਜਾਂਦੇ ਸਨ। ਇਥੇ ਹੀ ਗੁਰੂ ਜੀ ਨੇ ਆਪਣੀ ਬਾਣੀ ਨੂੰ ਤਰਤੀਬ ਦਿੱਤੀ ਅਤੇ ਹੋਰ ਬਾਣੀ ਦੀ ਰਚਨਾ ਵੀ ਕੀਤੀ ।


ਲੰਗਰ ਵਿਚ ਸਾਰੇ ਇਕ ਥਾਂ ਬੈਠ ਕੇ ਲੰਗਰ ਛੱਕਦੇ। ਊਚ-ਨੀਚ ਦਾ ਕੋਈ ਖਿਆਲ ਨਾ ਕੀਤਾ ਜਾਂਦਾ। ਜਿੱਥੇ ਬ੍ਰਾਹਮਣ ਲੋਕ ਨੀਵੀਂ ਜ਼ਾਤ ਦੇ ਬੰਦਿਆਂ ਦੇ ਨਾਲ ਲੱਗ ਕੇ ਹੀ ਭਿੱਟੇ ਜਾਂਦੇ ਸਨ, ਗੁਰੂ ਜੀ ਦੇ ਲੰਗਰ ਵਿਚ ਕੋਈ ਉੱਚੀ ਜਾਂ ਨੀਵੀਂ ਜ਼ਾਤ ਦਾ ਕੋਈ ਭੇਦ-ਭਾਵ ਨਹੀਂ ਸੀ। ਸਾਰੇ ਇਨਸਾਨਾਂ ਦੀ ਜਾਤ ਇਨਸਾਨੀਅਤ ਸੀ। ਨਾ ਹੀ ਕੋਈ ਹਿੰਦੂ, ਸਿੱਖ ਜਾਂ ਮੁਲਸਮਾਨ ਵਿਚ ਵਿਤਕਰਾ ਕੀਤਾ ਜਾਂਦਾ ਸੀ। ਗੁਰੂ ਜੀ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਸਾਰੇ ਮਨੁੱਖ ਹੀ ਉਹਨਾਂ ਦਾ ਭਾਈਚਾਰਾ ਹਨ ਅਤੇ ਜ਼ਾਤ-ਪਾਤ ਦਾ ਕੋਈ ਭੇਦ-ਭਾਵ ਨਹੀਂ ਸੀ। ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਕਿ ਕੋਈ ਵਿਹਲੜ ਲੰਗਰ ਨਾ ਛਕੇ। ਸਭ ਦੀ ਡਿਊਟੀ ਲੱਗੀ ਹੋਈ ਸੀ, ਜਿਵੇਂ ਲੰਗਰ ਪਕਾਉਣਾ, ਥਾਂ ਦੀ ਸਫ਼ਾਈ ਕਰਨੀ, ਬਰਤਨ ਸਾਫ਼ ਕਰਨੇ, ਖੇਤਾਂ ਵਿਚ ਕੰਮ ਕਰਨਾ, ਆਦਿ। ਗੁਰੂ ਘਰ ਵਿਚ ਕਿਸੇ ਚੀਜ਼ ਦੀ ਕਮੀ ਨਾ

ਆਉਂਦੀ। ਵੱਖ-ਵੱਖ ਸ਼ਰਧਾਲੂ ਬੜੇ ਚਾਅ ਨਾਲ ਗੁਰੂ ਜੀ ਦੇ ਭੰਡਾਰੇ ਵਿਚ ਭੇਟਾ ਦਿੰਦੇ। ਸੰਗਤਾਂ ਸਵੇਰੇ ਇਸ਼ਨਾਨ ਕਰਕੇ ਧਰਮਸਾਲ ਵਿਚ ਜੁੜ ਜਾਂਦੀਆਂ। ਜਪੁਜੀ ਸਾਹਿਬ ਦਾ ਪਾਠ ਅਤੇ ਆਸਾ ਦੀ ਵਾਰ ਦਾ ਕੀਰਤਨ, ਆਦਿ, ਹੁੰਦਾ। ਫਿਰ ਆਪਣੇ-ਆਪਣੇ ਕੰਮੀਂ ਲੱਗੇ ਰਹਿੰਦੇ। ਸ਼ਾਮ ਨੂੰ ਫਿਰ ਸੋ ਦਰੁ ਦਾ ਪਾਠ ਹੁੰਦਾ ਅਤੇ ਸੌਣ ਵੇਲੇ ਸੋਹਿਲਾ ਸਾਹਿਬ ਦਾ ਪਾਠ ਕੀਤਾ ਜਾਂਦਾ।

ਜਦ ਸੰਗਤਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਪੱਕੇ ਤੌਰ ’ਤੇ ਕਰਤਾਰਪੁਰ ਰਹਿਣ ਲੱਗ ਪਏ ਹਨ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਵਿਚਾਰ ਸੁਨਣ ਲਈ ਵੱਡੀ ਗਿਣਤੀ ਵਿਚ ਆਉਣ ਲੱਗ ਪਈਆਂ। ਸਭ ਲੋਕ ਇਥੇ ਦਾ ਨਿੱਤ ਦਾ ਪ੍ਰੋਗਰਾਮ — ਲੰਗਰ, ਕਥਾ, ਕੀਰਤਨ, ਆਦਿ, ਵੇਖ ਕੇ ਅਤੇ ਗੁਰੂ ਜੀ ਦੇ ਵਿਚਾਰ ਸੁਣ ਕੇ ਨਿਹਾਲ ਹੁੰਦੇ ਸਨ।

ਕਰਤਾਰਪੁਰ ਦੇ ਵਸਾਉਣ ਵਿਚ ਚੌਧਰੀ ਅਜਿੱਤਾ ਰੰਧਾਵਾ ਜੀ, ਦੋਦਾ ਜੀ ਅਤੇ ਕਰੋੜੀ ਮੱਲ ਜੀ ਨੇ ਬਹੁਤ ਯੋਗਦਾਨ ਪਾਇਆ। ਇਥੇ ਰਹਿੰਦਿਆਂ ਹੀ ਗੁਰੂ ਜੀ ਦੇ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਜੀ ਸੰਨ 1522 ਈ. ਵਿਚ ਇਸ ਸੰਸਾਰ ਤੋਂ ਵਿਦਾ ਹੋਏ । ਭਾਈ ਮਰਦਾਨਾ ਜੀ ਦਾ ਦੇਹਾਂਤ ਵੀ ਸੰਨ 1534 ਈ. (13 ਮੱਘਰ, 1591 ਬਿ.) ਵਿਚ ਇਥੇ ਹੀ ਹੋਇਆ ।

ਸਿੱਖਾਂ ਦੀ ਚਿਰਾਂ ਤੋਂ ਕੀਤੀ ਜਾ ਰਹੀ ਮੰਗ — ਕਰਤਾਰਪੁਰ ਲਾਂਘੇ ਦੀ ਉਸਾਰੀ — ਪਾਕਿਸਤਾਨ ਤੇ ਭਾਰਤ ਸਰਕਾਰਾਂ, ਆਪਸੀ ਸਹਿਮਤੀ ਨਾਲ ਆਪਣੇ-ਆਪਣੇ ਇਲਾਕੇ ਵਿਚ ਕਰ ਰਹੀਆਂ ਹਨ। ਇਹ ਲਾਂਘਾ ਗੁਰੂ ਜੀ ਦੇ 550ਵੇਂ ਪ੍ਰਕਾਸ਼ ਉਤਸਵ ਉੱਤੇ ਚਾਲੂ ਹੋ ਜਾਵੇਗਾ, ਜਿਸ ਰਾਹੀਂ ਭਾਰਤੀ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ, ਬਿਨਾਂ ਵੀਜ਼ਾ ਲਏ, ਦਰਸ਼ਨ ਕਰ ਸਕਣਗੇ।


Raj Singh Paul's
PENCILS 2019

## 46. ਗੁਰੂ ਜੀ ਦੀ ਸਿੱਧਾਂ ਨਾਲ ਆਖਰੀ ਵਿਚਾਰ ਚਰਚਾ :-

ਸੈਦਪੁਰ ਤੋਂ ਚਲ ਕੇ ਗੁਰੂ ਜੀ ਵਾਪਸ ਕਰਤਾਰਪੁਰ ਪੁੱਜੇ। ਕਰਤਾਰਪੁਰ ਇਕ ਚੰਗੇ ਨਗਰ ਦੇ ਰੂਪ ਵਿਚ ਵਸਿਆ ਹੋਇਆ ਸੀ। ਜਿਥੇ ਗੁਰੂ ਜੀ ਦੇ ਸ਼ਰਧਾਲੂ ਸਿੱਖ ਹੀ ਰਹਿੰਦੇ ਸਨ। ਇਹ ਸਾਰੇ ਰੱਲ ਕੇ ਖੇਤੀ ਕਰਦੇ ਅਤੇ ਇਕ ਹੀ ਲੰਗਰ ਵਿਚੋਂ ਪ੍ਰਸ਼ਾਦਾ ਛਕਦੇ ਸਨ ਤੇ ਸਵੇਰੇ-ਸ਼ਾਮ ਦੇ ਦੀਵਾਨਾਂ ਵਿਚ ਹਾਜਰੀ ਭਰਦੇ ਸਨ। ਇਥੇ ਗੁਰੂ ਜੀ ਨੇ ਗ੍ਰਿਹਸਤੀਆਂ ਵਾਲੇ ਕਪੜੇ ਪਾ ਲਏ ਸਨ।

ਸ਼ਿਵਰਾਤਰੀ ਦੇ ਮੌਕੇ 'ਤੇ ਅਚਲ ਵਟਾਲਾ ਵਿਖੇ ਜੋਗੀਆਂ ਦਾ ਹਰ ਸਾਲ ਇਕ ਮੇਲਾ ਲਗਦਾ ਸੀ। ਇਸ ਮੇਲੇ ਵਿਚ ਜੋਗੀ-ਲੋਕ ਕਈ ਕਿਸਮ ਦੀਆਂ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਭਰਮਾਉਂਦੇ ਅਤੇ ਉਨ੍ਹਾਂ ਦਾ ਸ਼ੋਸ਼ਨ ਕਰਦੇ ਸਨ। ਇਸ ਕਰਕੇ ਗੁਰੂ ਜੀ ਦਾ ਇਸ ਮੇਲੇ ਵਿਚ ਆਉਣਾ ਸੁਭਾਵਕ ਹੀ ਸੀ ਅਤੇ ਉਹ ਭਾਈ ਮਰਦਾਨੇ ਨੂੰ ਨਾਲ ਲੈ ਕੇ ਅਚਲ ਵਟਾਲੇ ਪਹੁੰਚ ਗਏ।

ਗੁਰੂ ਜੀ ਇਕ ਸੰਘਣੀ ਬੇਰੀ ਥੱਲੇ ਬੈਠ ਗਏ ਅਤੇ ਇਲਾਹੀ ਬਾਣੀ ਦਾ ਕੀਰਤਨ ਆਰੰਭ ਕਰ ਦਿੱਤਾ। ਭਾਈ ਮਰਦਾਨਾ ਰਬਾਬ ਵਜਾ ਰਹੇ ਸਨ। ਜਦੋਂ ਲੋਕਾਂ ਨੂੰ ਜਗਤ ਪ੍ਰਸਿੱਧ ਗੁਰੂ ਨਾਨਕ ਸਾਹਿਬ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਹੁੰਮ-ਹੁਮਾ ਕੇ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਗੁਰੂ ਜੀ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਪ੍ਰਭੂ ਪ੍ਰਾਪਤੀ ਲਈ ਜੋਗੀ, ਸੰਨਿਆਸੀ, ਫ਼ਕੀਰ, ਆਦਿ, ਬਨਣ ਦੀ ਲੋੜ ਨਹੀਂ, ਗ੍ਰਿਹਸਤ ਵਿਚ ਰਹਿ ਕੇ ਵੀ, ਮਾਇਆ ਤੋਂ ਨਿਰਲੇਪ ਹੋ ਕੇ, ਪ੍ਰਭੂ ਭਗਤੀ ਦੁਆਰਾ ਪ੍ਰਭੂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜਦ ਜੋਗੀਆਂ ਨੇ ਲੋਕਾਂ ਦੀ ਭੀੜ ਗੁਰੂ ਜੀ ਦੇ ਆਲੇ-ਦੁਆਲੇ ਵੇਖੀ ਤਾਂ ਉਹ ਈਰਖਾ ਵਿਚ ਲਾਲ-ਪੀਲੇ ਹੋ ਉੱਠੇ। ਉਨ੍ਹਾਂ ਦਾ ਮੁਖੀ ਜੋਗੀ ਭੰਗਰ ਨਾਥ ਗੁਰੂ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਉਦਾਸੀਆਂ ਵਾਲੇ ਕਪੜੇ ਛੱਡ ਕੇ ਅਤੇ ਗ੍ਰਹਿਸਤੀਆਂ ਵਾਲੇ ਕਪੜੇ ਪਾ ਕੇ ਚੰਗਾ ਨਹੀਂ ਕੀਤਾ। ਗੁਰੂ ਜੀ ਨੇ ਆਖਿਆ, " ਭੰਗਰ ਨਾਥ! ਤੈਨੂੰ ਕਿਸੇ ਸਿਆਣੇ ਬਜ਼ੁਰਗ ਨੇ ਵੀ ਇਹ ਮਤ ਨਹੀਂ ਦਿੱਤੀ ਕਿ ਜਿਨ੍ਹਾਂ ਗ੍ਰਿਹਸਤੀਆਂ ਨੂੰ ਨਿੰਦਦੇ ਹੋ ਫਿਰ ਉਨ੍ਹਾਂ ਦੇ ਘਰਾਂ ਤੋਂ ਹੀ ਮੰਗਣ ਜਾਂਦੇ ਹੋ। ਕੀ ਇਹ ਚੰਗੀ ਗੱਲ ਹੈ ਤੁਹਾਡੇ ਵਾਸਤੇ ?"

ਉੱਧਰ ਭੰਗਰ ਨਾਥ ਦੇ ਚੇਲੇ ਅਤੇ ਸਾਥੀ ਲੋਕਾਂ ਨੂੰ ਭਰਮਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਕਰਾ-ਮਾਤਾਂ ਦਿਖਾ ਰਹੇ ਸਨ ਅਤੇ ਗੁਰੂ ਜੀ ਦੀ ਨਿੰਦਾ ਕਰਕੇ ਲੋਕਾਂ ਨੂੰ ਭਰਮਾਉਣ ਦਾ ਯਤਨ ਕਰ ਰਹੇ ਸਨ ਪਰ ਲੋਕਾਂ ਦੀ ਗੁਰੂ ਜੀ ਪ੍ਰਤੀ ਅਡੋਲ ਸ਼ਰਧਾ ਸੀ। ਇਸ ਲਈ ਸਿੱਧਾਂ ਦੀਆਂ ਕਰਾਮਾਤਾਂ ਦਾ ਲੋਕਾਂ ਉੱਤੇ ਕੋਈ ਅਸਰ ਨਾ ਹੋਇਆ।


ਹਾਰ ਹੰਭ ਕੇ ਜੋਗੀ ਪੁਕਾਰ ਉੱਠੇ: ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:-

**ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ।**
**ਕੁਝ ਵਿਖਾਲੇਂ ਅਸਾ ਨੋ ਤੁਹਿ ਕਿਉ ਢਿਲ ਅਵੇਹੀ ਲਾਈ ।**
**ਬਾਬਾ ਬੋਲੇ ਨਾਥ ਜੀ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ ।**
**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ ।** ਵਾਰ: ੧/੪੨

**......ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ।** ਵਾਰ: ੧/੪੩

**ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ ।**
**ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ ।**
**ਸਿਧਿ ਬੋਲਨਿ ਸੁਭ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ ।** ਵਾਰ: ੧/੪੪

ਕਰਤਾਰਪੁਰ ਜਾ ਕੇ ਗੁਰੂ ਜੀ ਨੇ 'ਸਿੱਧ ਗੋਸਟਿ' ਨਾਂ ਦੀ ਬਾਣੀ 73 ਪਉੜੀਆਂ ਵਿਚ ਉਚਾਰਨ ਕੀਤੀ ।


Raj Singh Paul's
PENCILS 2019

## 47. ਮੁਲਤਾਨ ਫੇਰੀ :-


ਸਿੱਧਾਂ ਨਾਲ ਅਚਲ ਵਟਾਲੇ ਹੋਈ ਗੋਸ਼ਟਿ ਤੋਂ ਬਾਅਦ ਗੁਰੂ ਜੀ ਕਰਤਾਰਪੁਰ ਚਲੇ ਗਏ। ਜਿੱਥੇ ਉਨ੍ਹਾਂ ਨੇ ਸਿੱਧਾਂ ਨਾਲ ਹੋਈਆਂ ਗੋਸ਼ਟੀਆਂ ਦਾ ਖੁਲਾਸਾ ਸਵਾਲ-ਜਵਾਬ ਦੇ ਰੂਪ ਵਿਚ ਲਿੱਖਿਆ। ਉਪਰੰਤ ਉਨ੍ਹਾਂ ਨੇ ਮੁਲਤਾਨ ਦੇ ਪੀਰਾਂ ਨਾਲ ਵਿਚਾਰ ਚਰਚਾ ਕਰਨ ਦਾ ਮਨ ਬਣਾਇਆ ਤੇ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸ਼ਹਿਰ ਤੋਂ ਬਾਹਰ ਜਾ ਡੇਰਾ ਲਾਇਆ।

ਮੁਲਤਾਨ ਦੇ ਪੀਰਾਂ ਨੂੰ ਪਤਾ ਲੱਗਾ ਤਾਂ ਉਹ ਗੁਰੂ ਜੀ ਨੂੰ ਮਿਲਣ ਆਏ। ਉਨ੍ਹਾਂ ਦੇ ਹੱਥ ਵਿਚ ਦੁੱਧ ਦਾ ਭਰਿਆ ਹੋਇਆ ਕਟੋਰਾ ਸੀ। ਜਿਸ ਦਾ ਅਰਥ ਸੀ, " ਇੱਥੇ ਪਹਿਲਾਂ ਹੀ ਕਾਫ਼ੀ ਪੀਰ-ਫ਼ਕੀਰ ਹਨ ਤੇ ਹੋਰ ਧਾਰਮਿਕ ਲੋਕਾਂ ਦੇ ਇੱਥੇ ਸਮਾਉਣ ਦੀ ਗੁੰਜਾਇਸ਼ ਨਹੀਂ ।" ਗੁਰੂ ਜੀ ਨੇ ਦੁੱਧ ਦੇ ਕਟੋਰੇ ਵਿਚ ਚਮੇਲੀ ਦਾ ਫੁੱਲ ਰੱਖ ਦਿੱਤਾ ਅਤੇ ਇਹ ਕਟੋਰਾ ਲਿਆਉਣ ਵਾਲੇ ਸੇਵਕ ਨੂੰ ਆਖਿਆ ਕਿ ਇਸ ਨੂੰ ਵਾਪਸ ਉਸ ਪੀਰ ਨੂੰ ਦੇ ਦੇਵੋ, ਜਿਸ ਨੇ ਇਹ ਭੇਜਿਆ ਹੈ।

ਭਾਈ ਮਰਦਾਨਾ ਜੀ ਨੇ ਇਸ ਬਾਰੇ ਗੁਰੂ ਜੀ ਨੂੰ ਸਵਾਲ ਕੀਤਾ ਕਿ ਇਹ ਕੀ ਕੌਤਕ ਹੈ? ਜੋ ਆਪ ਜੀ ਨੇ ਦੁੱਧ ਦੇ ਕਟੋਰੇ ਵਿਚ ਫੁੱਲ ਰੱਖ ਕੇ ਕੀਤਾ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਉਨ੍ਹਾਂ ਦਾ ਅਰਥ ਸੀ ਕਿ ਇਥੇ ਪਹਿਲਾਂ ਹੀ ਬਹੁਤ ਪੀਰ ਫ਼ਕੀਰ ਹਨ ਤੇ ਇਥੇ ਕਿਸੇ ਹੋਰ ਧਾਰਮਿਕ ਬੰਦੇ ਦੇ ਰਹਿਣ ਦੀ ਗੁੰਜਾਇਸ਼ ਨਹੀਂ ਹੈ। ਚਮੇਲੀ ਦਾ ਫੁੱਲ ਰੱਖਣ ਦਾ ਅਰਥ ਸੀ ਕਿ ਅਸੀਂ ਕਿਸੇ ਦੀ ਥਾਂ ਮੱਲਣ ਨਹੀਂ ਆਏ, ਅਸੀਂ ਤਾਂ ਪ੍ਰਮਾਤਮਾ ਦੇ ਨਾਮ ਦੀ ਖ਼ੁਸ਼ਬੂ ਵੰਡਣ ਆਏ ਹਾਂ।

ਕੁਝ ਸਮੇਂ ਬਾਅਦ ਵੱਡੇ-ਵੱਡੇ ਪੀਰ, ਫ਼ਕੀਰ ਵੀ ਗੁਰੂ ਜੀ ਨਾਲ ਵਿਚਾਰ-ਚਰਚਾ ਕਰਨ ਲਈ ਆਣ ਪਹੁੰਚੇ। ਉਨ੍ਹਾਂ ਨੇ ਗੁਰੂ ਜੀ ਦੇ ਗ੍ਰਿਹਸਤੀ ਬਾਣੇ ਨੂੰ ਦੇਖ ਕੇ ਹੈਰਾਨੀ ਨਾਲ ਪੁੱਛਿਆ ਕਿ ਤੁਸੀਂ ਗ੍ਰਿਹਸਤੀ ਜਾਪਦੇ ਹੋ, ਤੁਹਾਡਾ ਸਾਡੇ ਨਾਲ ਕੀ ਮੇਲ ਹੈ? ਗੁਰੂ ਜੀ ਨੇ ਸਮਝਾਇਆ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ, ਮੋਹ-ਮਾਇਆ ਤਿਆਗ ਕੇ, ਗ੍ਰਿਹਸਤੀ ਲੋਕਾਂ ਨੂੰ ਹੱਥੀਂ ਕਿਰਤ ਕਰਨੀ ਚਾਹੀਦੀ ਹੈ। ਪੀਰ, ਫ਼ਕੀਰ ਤੇ ਧਾਰਮਿਕ ਲੋਕ ਗ੍ਰਿਹਸਤੀਆਂ ਨੂੰ ਝੂਠੀਆਂ ਕਰਾਮਾਤਾਂ ਵਿਖਾ ਕੇ ਡਰਾਉਂਦੇ ਅਤੇ ਲੁੱਟਦੇ ਹਨ। ਇਸ ਤਰ੍ਹਾਂ ਉਹ ਆਪਣਾ ਇਹ ਜਨਮ ਤਾਂ ਅਜਾਈਂ ਗਵਾਉਂਦੇ ਹੀ ਹਨ, ਪਰਲੋਕ ਵੀ ਵਿਗਾੜ ਲੈਂਦੇ ਹਨ। ਕਿਰਤੀਆਂ ਤੋਂ ਮੰਗ ਕੇ ਖਾਣ ਵਾਲੇ ਧਾਰਮਿਕ ਨਹੀਂ ਕਹੇ ਜਾ ਸਕਦੇ, ਨਖਿੱਦ ਹੀ ਕਹੇ ਜਾ ਸਕਦੇ ਹਨ। ਜਿਨ੍ਹਾਂ ਨੂੰ ਤੁਸੀਂ ਲੁੱਟ ਕੇ ਖਾਂਦੇ ਹੋ, ਉਲਟੀ ਤੁਹਾਨੂੰ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਤੁਸੀਂ ਰੱਬ ਦੀ ਦਰਗਾਹ ਵਿਚ ਕਬੂਲ ਹੋ ਸਕੋ। ਕੁਝ ਦਿਨ ਗੁਰੂ ਜੀ ਦੇ ਵਿਚਾਰ ਸੁਨਣ ਉਪਰੰਤ ਸਾਰੇ ਪੀਰ ਗੁਰੂ ਜੀ ਦੇ ਸ਼ਰਧਾਲੂ ਬਣ ਗਏ।

ਮੁਲਤਾਨ ਤੋਂ ਚਲ ਕੇ ਗੁਰੂ ਜੀ ਪਾਕਪਟਨ ਪੁੱਜੇ। ਉੱਥੋਂ ਉਨ੍ਹਾਂ ਨੇ ਬਾਬਾ ਸ਼ੇਖ ਫ਼ਰੀਦ ਦੇ ਉੱਤਰਾਧਿਕਾਰੀ ਤੋਂ  ਫ਼ਰੀਦ ਜੀ ਦੀ ਬਾਣੀ ਦਾ ਇਕ ਉਤਾਰਾ ਲਿਆ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਸਮੇਂ ਉਸ ਵਿਚ ਸ਼ਾਮਲ ਕੀਤੀ ਗਈ।


Raj Singh Paul's
PENCILS 2019

## 48. ਜੋਤੀ ਜੋਤ ਸਮਾਉਣਾ :-

ਜਦੋਂ ਭਾਈ ਲਹਿਣਾ ਪਹਿਲੀ ਵਾਰ 1532 ਈ. ਵਿਚ ਕਰਤਾਰਪੁਰ ਪੁੱਜੇ ਸਨ, ਗੁਰੂ ਜੀ ਨੇ ਓਦੋਂ ਹੀ ਭਵਿੱਖ-ਬਾਣੀ ਕਰ ਦਿੱਤੀ ਸੀ ਕਿ ਉਨ੍ਹਾਂ ਦੀ ਗੱਦੀ ਦਾ ਵਾਰਸ ਆ ਗਿਆ ਹੈ। ਪ੍ਰੰਤੂ, ਸਿੱਖਾਂ ਅਤੇ ਆਪਣੇ ਦੋਹਾਂ ਪੁੱਤਰਾਂ ਦਾ ਭੁਲੇਖਾ ਦੂਰ ਕਰਨ ਲਈ, ਉਨ੍ਹਾਂ ਨੇ ਬਹੁਤ ਸਾਰੀਆਂ ਪ੍ਰੀਖਿਆਵਾਂ ਲਈਆਂ। ਅੰਤ ਵਿਚ, ਜਦੋਂ ਇਹ ਸਿੱਧ ਹੋ ਗਿਆ ਕਿ ਭਾਈ ਲਹਿਣਾ ਜੀ ਹੀ ਗੁਰਗੱਦੀ ਦੇ ਹੱਕਦਾਰ ਹਨ ਤਾਂ ਗੁਰੂ ਜੀ ਨੇ 14 ਜੂਨ, 1539 ਈ. ਨੂੰ ਭਾਈ ਲਹਿਣਾ ਜੀ ਨੂੰ ਗੁਰਤਾਗੱਦੀ ਦੀ ਬਖ਼ਸ਼ਿਸ਼ ਕਰਕੇ ਖਡੂਰ ਸਾਹਿਬ ਭੇਜ ਦਿੱਤਾ।


ਆਖਿਰ, 20 ਸਤੰਬਰ, 1539 ਈ. ਨੂੰ ਗੁਰੂ ਜੀ ਨੇ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਉਨ੍ਹਾਂ ਦਾ ਪਰਮ ਜੋਤਿ ਨਾਲ ਅਭੇਦ ਹੋਣ ਦਾ ਸਮਾਂ ਆ ਗਿਆ ਹੈ ਅਤੇ ਉਨ੍ਹਾਂ ਤੋਂ ਪਿੱਛੋਂ ਗੁਰੂ ਅੰਗਦ ਦੇਵ ਜੀ ਨੂੰ ਹੀ ਉਨ੍ਹਾਂ ਦਾ ਰੂਪ ਸਮਝਿਆ ਜਾਵੇ। ਗੁਰੂ ਜੀ ਇਕ ਚਾਦਰ ਲੈ ਕੇ ਲੇਟ ਗਏ। ਇਸ ਤਰ੍ਹਾਂ ਉਨ੍ਹਾਂ ਦੀ ਜੋਤੀ ਜੋਤਿ ਸਮਾਉਣ ਦੀ ਖਬਰ ਸਾਰੇ ਪਾਸੇ ਫੈਲ ਗਈ।

ਜਿਥੇ ਸਿੱਖ ਸੰਗਤਾਂ ਗੁਰੂ ਜੀ ਨੂੰ ਆਪਣਾ ਗੁਰੂ ਮੰਨਦੀਆਂ ਸਨ, ਮੁਸਲਮਾਨ ਸ਼ਰਧਾਲੂ ਵੀ ਉਨ੍ਹਾਂ ਨੂੰ ਆਪਣਾ ਮੁਰਸ਼ਦ ਮੰਨਦੇ ਸਨ। ਜਿਵੇਂ ਗੁਰੂ ਜੀ ਨੇ 'ਵੇਈਂ ਦਾ ਉਪਦੇਸ਼', 'ਨਾ ਕੋ ਹਿੰਦੂ ਨਾ ਮੁਸਲਮਾਨ', ਸੁਲਤਾਨਪੁਰ ਲੋਧੀ ਵਿਖੇ ਦਿੱਤਾ ਸੀ, ਉਨ੍ਹਾਂ ਦੀ ਨਿਗ੍ਹਾ ਵਿਚ ਹਿੰਦੂਆਂ, ਮੁਸਲਮਾਨਾਂ, ਆਦਿ ਵਿਚ ਕੋਈ ਫਰਕ ਨਹੀਂ ਸੀ। ਸਾਰੇ ਉਸ ਇਕੋ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਇਸ ਕਰਕੇ ਸਾਰੇ ਉਨ੍ਹਾਂ ਨੂੰ ਸੱਚਾ ਰਸਤਾ ਦਿਖਾਉਣ ਵਾਲਾ ਸਤਿਗੁਰੂ ਪ੍ਰਵਾਨ ਕਰਦੇ ਸਨ।

ਸਿੱਖ ਸੰਗਤਾਂ ਅਤੇ ਮੁਸਲਮਾਨਾਂ ਵਿਚ ਆਪਣੇ-ਆਪਣੇ ਧਰਮ ਅਨੁਸਾਰ ਗੁਰੂ ਜੀ ਦੀਆਂ ਅੰਤਿਮ ਰਸਮਾਂ ਕਰਨ ਬਾਰੇ ਬਹਿਸ ਛਿੜ ਪਈ। ਜਿਥੇ ਸਿੱਖ ਸੰਗਤ ਕਹਿੰਦੀ ਸੀ ਕਿ ਅਸੀਂ ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨਾ ਹੈ, ਓਥੇ ਹੀ ਮੁਸਲਮਾਨ ਕਹਿੰਦੇ ਸੀ ਕਿ ਅਸੀਂ ਆਪਣੀ ਰੀਤੀ ਅਨੁਸਾਰ ਉਨ੍ਹਾਂ ਦੇ ਸਰੀਰ ਨੂੰ ਦਫ਼ਨ ਕਰਨਾ ਹੈ। ਅਜੇ, ਦੋਵੇਂ ਧਿਰਾਂ ਵਿਚ ਬਹਿਸ ਚੱਲ ਹੀ ਰਹੀ ਸੀ ਕਿ ਇਕ ਸੰਤ ਜੋ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਹੋਇਆ ਸੀ, ਨੇ ਸਲਾਹ ਦਿੱਤੀ ਕਿ ਤੁਸੀਂ ਪਹਿਲਾਂ ਚਾਦਰ ਦੇ ਥੱਲੇ ਵੇਖ ਲਓ ਕਿ ਗੁਰੂ ਜੀ ਦਾ ਸਰੀਰ ਚਾਦਰ ਦੇ ਥੱਲੇ ਹੈ ਵੀ ਕਿ ਨਹੀਂ।

ਸੰਤ ਦੀ ਸਲਾਹ ਮੰਨਦਿਆਂ ਦੋਵਾਂ ਧਿਰਾਂ ਨੇ ਰਜ਼ਾਮੰਦੀ ਨਾਲ ਜਦ ਚਾਦਰ ਚੁੱਕ ਕੇ ਵੇਖਿਆ ਤਾਂ ਥੱਲੇ ਕੁਝ ਫੁੱਲ ਹੀ ਓਥੇ ਪਏ ਹੋਏ ਵੇਖੇ। ਇਸ ਤਰ੍ਹਾਂ ਝਗੜਾ ਕਰਨ ਵਾਲਿਆਂ ਦੀ ਤਸੱਲੀ ਹੋ ਗਈ। ਗੁਰੂ ਜੀ ਦਾ ਸਰੀਰ ਜੋ ਪੰਜ ਤੱਤਾਂ ਦਾ ਬਣਿਆ ਹੋਇਆ ਸੀ, ਉਨ੍ਹਾਂ ਵਿਚ ਹੀ ਵਾਪਿਸ ਸਮਾਅ ਚੁੱਕਾ ਸੀ।

ਇਸ ਤਰ੍ਹਾਂ ਝਗੜਾ ਕਰਨ ਵਾਲੇ ਸਿੱਖਾਂ ਤੇ ਮੁਸਲਮਾਨਾਂ ਨੇ ਆਪਸ ਵਿਚ ਅੱਧੇ-ਅੱਧੇ ਫੁੱਲ ਵੰਡ ਲਏ ਅਤੇ ਚਾਦਰ ਦੇ ਵੀ ਦੋ ਬਰਾਬਰ ਹਿੱਸੇ ਕਰ ਲਏ। ਸਿੱਖਾਂ ਨੇ ਆਪਣੇ ਹਿੱਸੇ ਦੇ ਫੁੱਲ ਤੇ ਚਾਦਰ ਦਾ ਸਸਕਾਰ ਕਰਕੇ ਕੁਝ ਸਮੇਂ ਬਾਅਦ ਉਸ ਥਾਂ ਉੱਤੇ ਸਮਾਧ ਬਣਾ ਦਿੱਤੀ ਅਤੇ ਮੁਸਲਮਾਨਾਂ ਨੇ ਆਪਣੇ ਹਿੱਸੇ ਦੇ ਫੁੱਲਾਂ ਤੇ ਚਾਦਰ ਨੂੰ ਦਫਨਾ ਕੇ ਉੱਪਰ ਕਬਰ ਬਣਾ ਦਿੱਤੀ। ਦੋਵਾਂ ਧਿਰਾਂ ਨੇ ਇਸ ਤਰ੍ਹਾਂ ਬਣਾਈਆਂ ਯਾਦਗਾਰਾਂ ਨੂੰ ਮੱਥੇ ਟੇਕਣੇ ਸ਼ੁਰੂ ਕਰ ਦਿੱਤੇ, ਜਿਸ ਤੋਂ ਗੁਰੂ ਜੀ ਸਾਰੀ ਉਮਰ ਵਰਜਦੇ ਰਹੇ ਸਨ ਕਿਉਂਕਿ ਅਜਿਹਾ ਕਰਮ-ਕਾਂਡ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਉਲਟ ਕੀਤਾ ਜਾ ਰਿਹਾ ਸੀ। ਰੱਬ ਦਾ ਭਾਣਾ ਦਰਿਆ ਰਾਵੀ ਦਾ ਪਾਣੀ ਇਕ ਵਾਰ ਇਨ੍ਹਾਂ ਚੜ੍ਹ ਗਿਆ ਕਿ ਉਹ ਦੋਵਾਂ ਯਾਦਗਾਰਾਂ ਨੂੰ ਰੋੜ੍ਹ ਕੇ ਲੈ ਗਿਆ।


Ray Singh Paulus
PENCILS 2019

## 49. ਗੁਰੂ ਜੀ ਦੇ ਉਪਦੇਸ਼ਾਂ ਦਾ ਸੰਖੇਪ ਰੂਪ :-

ਉਹ ਹਰੇਕ ਨੂੰ ਪਿਆਰ ਅਤੇ ਦਲੀਲ ਨਾਲ ਸਮਝਾਉਂਦੇ ਸਨ, ਭਾਵੇਂ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ। ਇਸ ਕਰਕੇ ਉਨ੍ਹਾਂ ਨੂੰ ਹਿੰਦੂਆਂ ਦਾ 'ਗੁਰੂ' ਅਤੇ ਮੁਸਲਮਾਨਾਂ ਦਾ 'ਪੀਰ' ਕਿਹਾ ਜਾਂਦਾ ਸੀ। ਜੇ ਉਨ੍ਹਾਂ ਹਿੰਦੂਆਂ ਨੂੰ ਦਇਆ, ਸੰਤੋਖ, ਜਤੁ, ਸਤੁ ਦਾ ਜਨੇਊ ਪਾਉਣ ਲਈ ਆਖਿਆ :-

**ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥** ਅੰਗ: ੪੭੧

ਤਾਂ ਮੁਸਲਮਾਨਾਂ ਨੂੰ ਸੱਚਾਈ, ਧਰਮ ਦੀ ਕਮਾਈ, ਰੱਬ ਦੇ ਨਾਮ 'ਤੇ ਦਾਨ-ਪੁੰਨ, ਪਵਿੱਤਰ ਨੀਅਤ, ਸਾਫ਼ ਮਨ ਅਤੇ ਅੱਲ੍ਹਾ ਦੀ ਸਿਫਤ ਸਲਾਹ ਕਰਨ ਦੀਆਂ ਪੰਜ ਨਮਾਜ਼ਾਂ ਪੜ੍ਹਨ ਦਾ ਸੁਝਾਅ ਦਿੱਤਾ:-

**ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥** ਅੰਗ: ੧੪੧

ਉਹ ਹਰ ਧਰਮ ਨੂੰ ਚੰਗਾ ਆਖਦੇ ਸਨ। ਜੋਗੀਆਂ ਨੂੰ ਵੀ ਉਨ੍ਹਾਂ ਦਾ ਉਪਦੇਸ਼ ਸੀ ਕਿ ਜੁਗਤ ਪਛਾਣੋ, ਸੰਸਾਰ ਤੋਂ ਨਾ ਭੱਜੋ, ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੀ ਯੋਗ ਅਗਵਾਈ ਕਰੋ।
ਉਨ੍ਹਾਂ ਦੀਆਂ ਸਿੱਖਿਆਵਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਹੈ :-

**i) ਜਾਤ-ਪਾਤ :-** ਉਨ੍ਹਾਂ ਜਾਤ-ਪਾਤ ਨੂੰ ਕਰੜੇ ਸ਼ਬਦਾਂ ਵਿਚ ਨਿੰਦਿਆ । ਉਨ੍ਹਾਂ ਅਨੁਸਾਰ ਹਰੇਕ ਮਨੁੱਖ ਦੂਜੇ ਮਨੁੱਖ ਦਾ ਭਰਾ ਹੈ ਅਤੇ ਸਭ ਦਾ ਪਰਮਪਿਤਾ ਪਰਮਾਤਮਾ ਹੈ। ਮਨੁੱਖ ਜਨਮ ਨਾਲ ਨਹੀਂ ਸਗੋਂ ਕਰਮਾਂ ਨਾਲ ਉੱਚਾ ਜਾਂ ਨੀਵਾਂ ਹੁੰਦਾ ਹੈ :-

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥** ਅੰਗ: ੧੩੩੦

**ii) ਔਰਤ :-** ਔਰਤ ਉਤਪਤੀ ਦਾ ਮੂਲ ਅਤੇ ਸਮਾਜ ਦਾ ਅੱਧ ਹੈ। ਫਿਰ ਵੀ ਸੰਸਾਰ ਦੇ ਵੱਖ-ਵੱਖ ਧਾਰਮਿਕ ਆਗੂ ਅਤੇ ਚਿੰਤਕ ਇਸ ਪ੍ਰਤੀ ਕੋਈ ਚੰਗੀ ਭਾਵਨਾ ਨਹੀਂ ਰੱਖਦੇ ਸਨ। ਮੁਹੰਮਦ ਸਾਹਿਬ ਤੋਂ ਪਹਿਲਾਂ ਅਰਬ ਦੇਸ ਵਿਚ ਔਰਤਾਂ ਦੀ ਪਸ਼ੂਆਂ ਵਾਂਗ ਖਰੀਦ-ਵੇਚ ਹੁੰਦੀ ਸੀ

ਤੁਲਸੀਦਾਸ ਅਨੁਸਾਰ :-

**ਢੋਰ, ਗਵਾਰ, ਸ਼ੂਦਰ, ਪਸ਼ੂ, ਨਾਰੀ ।**
**ਪਾਂਚੋ ਤਾੜਨ ਕੇ ਅਧਿਕਾਰੀ ।**

ਗੋਰਖਨਾਥ ਅਨੁਸਾਰ :-

**ਔਰਤ ਤਿੰਨਾਂ ਲੋਕਾਂ ਨੂੰ ਖਾ ਜਾਣ ਵਾਲੀ ਬਾਘਨਿ ਹੈ ।**

ਇਸ ਤੋਂ ਇਲਾਵਾ, ਔਰਤ ਦੀ ਸ਼ਾਨ ਦੇ ਵਿਰੁੱਧ ਹੋਰ ਅਣਗਿਣਤ ਮਿਸਾਲਾਂ ਹਨ । ਪ੍ਰੰਤੂ, ਗੁਰੂ ਨਾਨਕ ਸਾਹਿਬ ਹੀ ਪਹਿਲੇ ਮਹਾਂਪੁਰਖ ਸਨ ਜਿਨ੍ਹਾਂ ਨੇ ਔਰਤ ਨੂੰ ਬੱਤੀ ਸੁਲਖਣੀ ਅਤੇ ਰਾਜਿਆਂ ਦੀ ਜਨਮ-ਦਾਤੀ ਆਖ ਕੇ ਵਡਿਆਈ ਬਖ਼ਸ਼ੀ :-

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** ਅੰਗ: ੪੭੩

iii) ਉਨ੍ਹਾਂ ਗ੍ਰਿਹਸਤ ਵਿਚ ਉਦਾਸ (ਮਾਇਆ ਤੋਂ ਨਿਰਲੇਪ) ਰਹਿਣ ਦਾ ਉਪਦੇਸ਼ ਦਿੱਤਾ। ਗ੍ਰਿਹਸਤ ਤਿਆਗ ਕੇ ਜੰਗਲਾਂ, ਪਹਾੜਾਂ ਵਿਚ ਮੁਕਤੀ ਦੀ ਭਾਲ ਕਰਨ ਅਤੇ ਸਰੀਰ ਨੂੰ ਤਸੀਹੇ ਦੇਣ ਨੂੰ ਉਨ੍ਹਾਂ ਨਿੰਦਿਆ :-

**ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥** ਅੰਗ: ੬੬੧

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥** ਅੰਗ: ੯੩੮

iv) ਉਹ ਹੰਕਾਰ ਨੂੰ ਇਕ ਵੱਡਾ ਰੋਗ ਮੰਨਦੇ ਸਨ । ਨਾਲ ਹੀ ਉਨ੍ਹਾਂ ਦੱਸਿਆ ਕਿ ਜੇ ਪ੍ਰਭੂ ਦੀ ਕਿਰਪਾ ਹੋ ਜਾਵੇ ਤਾਂ ਸ਼ਬਦ ਦੀ ਕਮਾਈ (ਨਾਮ-ਸਿਮਰਨ) ਨਾਲ ਇਸਦਾ ਇਲਾਜ ਹੋ ਸਕਦਾ ਹੈ:-

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥**
**ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥** ਅੰਗ: ੪੬੬

v) ਉਹ ਮਿੱਠਤ ਅਤੇ ਨਿਮ੍ਰਤਾ ਨੂੰ ਵੱਡਾ ਗੁਣ ਅਤੇ ਸਾਰੀਆਂ ਚੰਗਿਆਈਆਂ ਦਾ ਤੱਤ (ਸਾਰ) ਮੰਨਦੇ ਸਨ:-

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** ਅੰਗ: ੪੭੦

vi) ਉਹ ਸੱਚ ਨੂੰ ਸਭ ਤੋਂ ਉੱਚਾ ਮੰਨਦੇ ਸਨ ਪ੍ਰੰਤੂ ਸਚਿਆਰ ਜੀਵਨ (truthful living) ਨੂੰ ਉਸ ਤੋਂ ਵੀ ਉਚੇਰਾ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥** ਅੰਗ: ੬੨

vii) ਉਹ ਹੱਕ ਇਨਸਾਫ ਦੇ ਮੁਦਈ ਸਨ । ਕਿਸੇ ਦਾ ਮਾਲ ਹੜੱਪਣ ਵਾਲੇ ਅਤੇ ਵੱਢੀ-ਖੋਰ ਨੂੰ ਉਨ੍ਹਾਂ ਨੇ ਸਖ਼ਤ ਤਾੜਨਾ ਕੀਤੀ:-

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥** ਅੰਗ: ੧੪੧

viii) 'ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ' ਉਨ੍ਹਾਂ ਦੀ ਵੱਡਮੁਲੀ ਸਿਖਿਆ ਹੈ, ਜਿਸ ਨੂੰ ਉਨ੍ਹਾਂ ਨੇ ਪਹਿਲਾਂ ਮੋਦੀਖ਼ਾਨੇ ਵਿਚ ਅਤੇ ਫਿਰ ਜ਼ਿੰਦਗੀ ਦੇ ਆਖ਼ਰੀ ਅਠਾਰਾਂ ਸਾਲ ਕਰਤਾਰਪੁਰ ਵਿਚ ਅਮਲੀ ਰੂਪ ਦਿੱਤਾ ਅਤੇ ਅਮਿੱਟ ਪੂਰਨੇ ਪਾਏ:-

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥** ਅੰਗ: ੧੨੪੫

ix) ਉਨ੍ਹਾਂ ਸਵੈਮਾਨ ਅਤੇ ਅਣਖ ਦਾ ਜੀਵਨ ਜੀਉਣਾ ਸਿਖਾਇਆ:-

**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥** ਅੰਗ: ੧੪੨

x) ਉਨ੍ਹਾਂ ਪਿਆਰ, ਭਾਈਚਾਰੇ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦਿਤਾ ਅਤੇ ਮਾਲਕ ਦੀ ਰਜ਼ਾ ਵਿਚ ਰਹਿਕੇ ਭਾਣਾ ਮੰਨਣ ਦੀ ਸਿਖਿਆ ਦਿੱਤੀ:-

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥** ਅੰਗ: ੧

xi) ਉਨ੍ਹਾਂ 'ਨਾਮ, ਦਾਨ, ਇਸ਼ਨਾਨ' ਦ੍ਰਿੜ੍ਹ ਕਰਵਾਇਆ ਅਤੇ ਆਪਣੇ ਕੰਮ-ਕਾਰ 'ਤੇ ਜਾਣ ਤੋਂ ਪਹਿਲਾਂ ਅੰਮ੍ਰਿਤ ਵੇਲੇ ਜਾਗਣ, ਇਸ਼ਨਾਨ ਕਰਨ, ਨਾਮ ਜਪਣ ਅਤੇ ਸਾਧ-ਸੰਗਤ ਵਿਚ ਜਾ ਕੇ ਮਾਲਕ ਦੀ ਕੀਰਤੀ ਕਰਨ ਨੂੰ ਉਨ੍ਹਾਂ ਬਹੁਤ ਮਹੱਤਵ ਦਿੱਤਾ ।

xii) ਗੁਰੂ ਜੀ ਅਨੁਸਾਰ ਧਰਮ ਦਇਆ ਅਤੇ ਸੰਤੋਖ ਦੀ ਭਾਵਨਾ ਨਾਲ ਭਰਪੂਰ ਹੋਣਾ ਚਾਹੀਦਾ ਹੈ:-

**ਧੌਲੁ ਧਰਮੁ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥** ਅੰਗ:੩

xiii) ਉਹ ਗਰੀਬਾਂ ਦੀ ਸਾਰ ਲੈਂਦੇ ਅਤੇ ਅਖੌਤੀ ਨੀਵਿਆਂ ਦਾ ਸਾਥ ਮਾਣਦੇ ਸਨ :-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** ਅੰਗ: ੧੫

xiv) ਉਨ੍ਹਾਂ ਮਾੜੇ ਕੰਮ ਕਰਨ ਵਿਰੁੱਧ ਤਾੜਨਾ ਕੀਤੀ:-

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**
**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥**
**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥** ਅੰਗ: ੪੭੪

xv) ਉਹ ਵਿਚਾਰ-ਚਰਚਾ (ਗੋਸ਼ਟੀ) ਦੇ ਮੁਦਈ ਸਨ ਜਿਸ ਨਾਲ ਸ਼ੰਕੇ ਨਵਿਰਤ ਹੁੰਦੇ ਹਨ:-

**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥** ਅੰਗ:੬੬੧

xvi) ਉਨ੍ਹਾਂ ਅਵਗੁਣ ਛੱਡ ਗੁਣ ਅਪਨਾਉਣ ਦੀ ਪ੍ਰੇਰਣਾ ਕੀਤੀ :-

**ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥** ਅੰਗ: ੭੬੬

xvii) ਉਨ੍ਹਾਂ ਸਭ ਨੂੰ ਨਸ਼ਿਆਂ ਵਿਰੁੱਧ ਤਾੜਨਾ ਕੀਤੀ:-

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥** ਅੰਗ: ੫੫੩

**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥** ਅੰਗ: ੩੯੯

xviii) ਉਨ੍ਹਾਂ ਘਟ ਖਾਣ, ਘਟ ਸਉਣ ਅਤੇ ਘਟ ਬੋਲਣ ਦਾ ਉਪਦੇਸ਼ ਦਿੱਤਾ :-

**ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥** ਅੰਗ:੯੩੯

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥** ਅੰਗ:੧੬

**ਬਾਬਾ ਹੋਰੁ ਸਉਣਾ ਖੁਸੀ ਖੁਆਰੁ॥**
**ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥** ਅੰਗ: ੧੭

**ਬਹੁਤਾ ਬੋਲਣ ਝਖਣ ਹੋਇ ॥** ਅੰਗ: ੬੬੧

ਇਕ ਹਿੰਦੂ (ਬਾਲਾ) ਅਤੇ ਇਕ ਮੁਸਲਮਾਨ (ਮਰਦਾਨਾ) ਉਨ੍ਹਾਂ ਦੇ ਉਮਰ ਭਰ ਸਾਥੀ ਰਹੇ । ਅਸਲੀ ਅਰਥਾਂ ਵਿਚ ਧਰਮ-ਨਿਰਪੱਖਤਾ ਉਨ੍ਹਾਂ ਦੀ ਹੀ ਦੇਣ ਹੈ ।

ਜਿੱਥੇ ਗੁਰੂ ਜੀ ਨੇ **ਰਾਜਸੀ ਜਬਰ**, **ਸਮਾਜੀ ਵਿਤਕਰੇ** ਅਤੇ **ਧਾਰਮਿਕ ਸ਼ੋਸ਼ਣ** ਵਿਰੁੱਧ (ਭਰਮ-ਭੁਲੇਖੇ ਪਾ ਕੇ ਸ਼ੋਸ਼ਣ ਕਰਨ ਵਿਰੁੱਧ) ਜਾਗਰੂਕ ਹੋਣ ਅਤੇ ਡਟ ਜਾਣ ਲਈ ਸਾਵਧਾਨ ਕੀਤਾ, ਉਥੇ ਅੰਦਰਲੇ ਵਿਕਾਰਾਂ— ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਚੁਗਲੀ-ਨਿੰਦਿਆ, ਖੁਸ਼ਾਮਦ (ਚਾਪਲੋਸੀ), ਝਗੜੇ, ਸਾੜੇ, ਆਦਿ ਬੁਰਾਈਆਂ ਦਾ ਤਿਆਗ ਕਰਕੇ ਸੱਚ, ਧਰਮ ਦਾ ਜੀਵਨ ਜਿਊਣ ਲਈ ਵੀ ਪ੍ਰੇਰਨਾ ਕੀਤੀ ।

## 50. ਗੁਰੂ ਜੀ ਪ੍ਰਤੀ ਕੁਝ ਵਿਦਵਾਨਾਂ ਦੇ ਵਿਚਾਰ :-

i) **ਐਮ. ਏ. ਮੈਕਾਲਿਫ:-** ਗੁਰੂ ਨਾਨਕ, ਜਨਮ ਤੋਂ ਜਾਂ ਸਿਖਿਆ ਦੁਆਰਾ, ਧਾਰਮਿਕ ਆਗੂ ਨਹੀਂ ਸਨ ਪਰ ਉਹ ਅਜੇਹੇ ਪੁਰਸ਼ ਸਨ, ਜਿਨ੍ਹਾਂ ਦੈਵੀ ਭਾਵਕਤਾ ਦੀਆਂ ਉੱਚੀਆਂ ਤੋਂ ਉੱਚੀਆਂ ਬੁਲੰਦੀਆਂ(ਟੀਸੀਆਂ) ਛੂਹੀਆਂ ਅਤੇ ਆਪਣੀ ਮਾਨਸਿਕ ਦ੍ਰਿਸ਼ਟੀ ਨੂੰ ਉਸ ਨੈਤਿਕ ਸੰਪੂਰਨਤਾ ਤੱਕ ਪਹੁੰਚਾਇਆ, ਜਿਸਦਾ ਹਿੰਦੂ ਜਾਂ ਮੁਸਲਮਾਨ ਨੂੰ ਖਿਆਲ ਤਕ ਨਹੀਂ ਸੀ ।

(Guru Nanak was not a priest either by birth or education, but a man who soared to the loftiest heights of divine emotionalism, and exalted his mental vision to an ethical ideal beyond the conception of Hindu or Muhammadan.)

ii) **ਜੇ. ਡੀ. ਕਨਿੰਘਮ:-** ਇਹ ਮਹਾਨ ਕੰਮ ਕੇਵਲ ਗੁਰੂ ਨਾਨਕ ਦੇਵ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ ਸੁੱਚੇ ਅਸੂਲ ਲੱਭੇ, ਵਰਤੇ ਅਤੇ ਉਹ ਮਜ਼ਬੂਤ ਨੀਹਾਂ ਰੱਖੀਆਂ, ਜਿਨ੍ਹਾਂ ਸਦਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮ-ਵਤਨਾਂ ਦੇ ਦਿਲਾਂ ਵਿਚ ਇਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਅਤੇ ਇਸ ਮਜ਼੍ਹਬੀ ਸਿੱਧਾਂਤ ਨੂੰ ਅਮਲੀ ਰੂਪ ਦੇ ਦਿੱਤਾ ਕਿ ਜਾਤ ਅਤੇ ਨਸਲ ਦੇ ਪੱਖ ਤੋਂ ਅਤੇ ਸਿਆਸੀ ਹੱਕਾਂ ਅਤੇ ਧਾਰਮਿਕ ਆਸ਼ਾਵਾਂ ਦੇ ਸਬੰਧ ਵਿਚ, ਨੀਵੇਂ ਤੋਂ ਨੀਵਾਂ ਅਤੇ ਗਰੀਬ ਤੋਂ ਗਰੀਬ, ਉੱਚੇ ਤੋਂ ਉੱਚੇ ਅਤੇ ਅਮੀਰ ਤੋਂ ਅਮੀਰ ਦੇ ਬਰਾਬਰ ਹੈ ।

(It was reserved for Nanak to perceive the true principles of reform and to lay those broad foundations which enabled his successor Gobind to fire the minds of his countrymen with a new nationality, and to give practical effect to the doctrine that the lowest is equal to the highest, in race as in creed, in political rights as in religious hopes.)

iii) **ਡਾ. ਮੁਜੀਬ:-** 'ਕਿਰਤ' ਨੂੰ ਪਹਿਲ ਦੇਣੀ, 'ਨਾਮ' ਨੂੰ ਵਿਚਕਾਰ ਰੱਖਣਾ ਅਤੇ 'ਵੰਡ ਛਕਣ' ਨੂੰ ਪਿੱਛੇ ਅਤੇ ਨਾਮ ਦੇ ਸਹਾਰੇ ਰੱਖਣਾ ਹੀ ਸਿੱਖੀ ਦਾ ਮੂਲ ਸਿਧਾਂਤ ਹੈ । 'ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਕੇ ਛਕਣਾ' ਅਜਿਹਾ ਸਿੱਧਾਂਤ ਇਸਲਾਮ ਵਿਚ ਕਿਧਰੇ ਨਹੀਂ ਲੱਭਾ ।

iv) **ਮੋਹਸਿਨ ਫ਼ਾਨੀ :-** ਇਹ ਆਪਣੀ ਪੁਸਤਕ ਦਬਿਸਤਾਨ-ਏ-ਮਜ਼ਾਹਬ ਵਿਚ ਲਿਖਦੇ ਹਨ ਕਿ ਜੋ ਨਾਨਕ ਦੇਵ ਜੀ ਦੇ ਰਾਹ ਟੁਰ ਪੈਂਦੇ ਸਨ ਉਨ੍ਹਾਂ ਨੂੰ ਕਰਤਾਰੀ ਕਿਹਾ ਜਾਂਦਾ ਸੀ : ਇਕ ਤਾਂ ਉਹ ਕਰਤਾਰ (ਵਾਹਿਗੁਰੂ) ਨੂੰ ਮੰਨਣ ਵਾਲੇ ਹੁੰਦੇ ਸਨ, ਦੂਜੇ ਕਰਤਾਰਪੁਰ ਦੀ ਮਰਯਾਦਾ ਹੀ ਆਪਣੇ ਨਗਰਾਂ ਅਤੇ ਜੀਵਨ ਵਿਚ ਨਿਭਾਂਦੇ ਸਨ । ਗੁਰੂ ਗੋਬਿੰਦ ਸਿੰਘ ਨੇ ਇਸੇ ਕਰਤਾਰੀ ਸੰਗਤ ਨੂੰ ਵਾਹਿਗੁਰੂ ਜੀ ਕਾ ਖਾਲਸਾ ਬਣਾਇਆ । ਜਿਸ ਫ਼ਸਲ ਨੂੰ ਗੁਰੂ ਗੋਬਿੰਦ ਸਿੰਘ ਘਰ ਲਿਆ ਰਹੇ ਸਨ, ਉਸਦੀ ਬਿਜਾਈ ਗੁਰੂ ਨਾਨਕ ਸਾਹਿਬ ਨੇ ਹੀ ਕੀਤੀ ਸੀ ।

v) **ਸਰ ਮੁਹੰਮਦ ਇਕਬਾਲ:-** ਗੁਰੂ ਨਾਨਕ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਕ ਬਰਾਬਰੀ ਅਤੇ ਵਿਸ਼ਵ ਭਾਈਚਾਰਾ ਬਨਾਉਂਣਾ ਅਤੇ ਫਿਰਕਾਦਾਰੀ ਖ਼ਤਮ ਕਰਨਾ ਅਤੇ ਵਹਿਮਾਂ ਭਰਮਾਂ ਦਾ ਨਾਸ਼ ਕਰਨਾ ਸੀ । ਉਨ੍ਹਾਂ ਦੇ ਉਪਦੇਸ਼ਾਂ ਵਿਚ ਕਰਮ-ਕਾਂਡ ਅਤੇ ਰੀਤ-ਰਸਮ ਲਈ ਕੋਈ ਥਾਂ ਨਹੀਂ ਸੀ ।

ਇਕਬਾਲ ਦੁਆਰਾ ਗੁਰੂ ਜੀ ਬਾਰੇ ਲਿਖੀ ਇਕ ਲੰਮੀ ਨਜ਼ਮ (ਕਵਿਤਾ) ਦਾ ਸ਼ੇਅਰ ਹੈ :-

**ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ ।**
**ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਾਬ ਸੇ ।**
**(At last, the call of Monotheism arose from Punjab.**
**A perfect soul awakened India from deep slumber)**

vi) **ਮਹਿਮਦੀ ਨਿਜ਼ਾਮੀ:- ਆਦਮੀਅਤ ਜਾਗ ਉਠੀ ਉਸਕੀ ਤਾਲੀਮਾਤ ਸੇ ।**
**ਨੂਰ ਕੀ ਰੌ ਫੂਟ ਨਿਕਲੀ ਪਰਦਾ-ਏ-ਜ਼ੁਲਮਾਤ ਸੇ ।**
**(His teachings awakened the humanity and, with this awakening, a beam of light sprang from under the veil of atrocities)**

vii) **ਸਾਧੂ. ਟੀ. ਐਲ. ਵਾਸਵਾਨੀ:-** ਗੁਰੂ ਨਾਨਕ ਗਰੀਬਾਂ ਦੇ ਹਮਦਰਦ ਹੀ ਨਹੀਂ ਸਨ ਬਲਕਿ ਉਨ੍ਹਾਂ ਦੀ ਸੰਗਤ ਵਿਚ ਆਨੰਦ ਮਾਣਦੇ ਸਨ:

**ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ ॥**
**ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥** ਅੰਗ : ੧੫

viii) **ਡਾ. ਗੋਕਲ ਚੰਦ ਨਾਰੰਗ:-** ਜੇ ਗੁਰੂ ਜੀ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਜਾਣ ਪਿੱਛੋਂ ਦੇ ਹਾਲਾਤ ਦਾ ਟਾਕਰਾ ਕੀਤਾ ਜਾਵੇ ਤਾਂ ਨਿਰਸੰਦੇਹ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਜਿਸ ਹਾਲਾਤ ਵਿਚ ਹਿੰਦੂ ਪਹਿਲਾਂ ਸਨ, ਉਨ੍ਹਾਂ ਦੇ ਜਾਣ ਉਪ੍ਰੰਤ ਕਈ ਦਰਜੇ ਉੱਚੇ ਹੋ ਗਏ ਸਨ ।

ix) **ਸਵਾਮੀ ਵਿਵੇਕਾ ਨੰਦ:-** ਜਦ ਰੱਬ ਨੇ ਲੋਕਾਈ ਵੱਲ ਨੀਝ ਲਾ ਕੇ ਦੇਖਿਆ ਤਾਂ ਉਸਦੀਆਂ ਅੱਖਾਂ ਵਿਚੋਂ ਇਕ ਹੰਝੂ ਧਰਤੀ 'ਤੇ ਡਿੱਗਾ ਜੋ ਗੁਰੂ ਨਾਨਕ ਦਾ ਰੂਪ ਧਾਰ ਸੰਸਾਰ ਵਿਚ ਵਿਚਰਿਆ । ਇਸੇ ਲਈ ਗੁਰੂ ਨਾਨਕ ਤਰਸ-ਰੂਪ ਹੈ ।

x) **ਲਾਲ ਦੌਲਤ ਰਾਏ:-** ਇਸਲਾਮੀ ਅਤਿਆਚਾਰ ਦੇ ਸਿੱਟੇ ਵਜੋਂ ਐਨ ਸੰਭਵ ਸੀ ਕਿ ਹਿੰਦੂ ਧਰਮ ਦਾ ਜਹਾਜ਼ ਹੀ ਖ਼ਤਮ ਹੋ ਜਾਂਦਾ ਅਤੇ ਵੇਦਕ ਧਰਮ ਦੇ ਸੇਵਕ ਸਦਾ ਲਈ ਸੰਸਾਰ ਤੋਂ ਅਲੋਪ ਜੋ ਜਾਂਦੇ । ਇਸ ਨਿਰਾਸਤਾ ਦੇ ਸਮੇਂ ਇਕ ਅਜਿਹਾ ਮਲਾਹ ਪੈਦਾ ਹੋਇਆ ਜਿਸ ਨੇ ਵੇਦਿਕ ਧਰਮ ਦੀਆਂ ਨੀਹਾਂ ਅਤੇ ਹਿੰਦੂਆਂ ਦੀ ਹੋਂਦ ਨੂੰ ਅਜਿਹਾ ਮੋਢਾ ਦਿੱਤਾ ਕਿ ਉਸਦੇ ਸੁਘੜ ਤੇ ਲਾਇਕ ਉਤਰਾਧਿਕਾਰੀਆਂ ਨੇ ਉਨ੍ਹਾਂ ਨੂੰ ਤੂਫਾਨ ਵਿਚ ਗ਼ਰਕ ਹੋਣ ਤੋਂ ਬਚਾ ਲਿਆ । ਇਹ ਮਲਾਹ ਕੌਣ ਸੀ ? ਇਹ ਮਲਾਹ ਗੁਰੂ ਨਾਨਕ ਦੇਵ ਜੀ ਸਨ ।

**ਸਮਕਾਲੀਨ ਹੁਕਮਰਾਨ :-**

| | | |
|---|---|---|
| i) ਬਹਿਲੋਲ ਲੋਧੀ | - | (1451-1489 ਈ.) |
| ii) ਸਿਕੰਦਰ ਲੋਧੀ | - | (1489-1517 ਈ.) |
| iii) ਇਬਰਾਹਿਮ ਲੋਧੀ | - | (1517-1526 ਈ.) |
| iv) ਬਾਬਰ | - | (1526-1530 ਈ.) |
| v) ਹੁਮਾਯੂੰ | - | (1530-1540 ਈ.) |

## 51. ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ :-

### ੳ) ਮੂਲ ਮੰਤਰ

ਵਾਹਿਗੁਰੂ, ਪਰਮਾਤਮਾ, ਖ਼ੁਦਾ ਬਾਰੇ ਚਿੱਤਰ ਗੁਰੂ ਜੀ ਨੇ ਮੂਲ ਮੰਤਰ ਵਿੱਚ ਚਿਤ੍ਰਿਆ ਹੈ। ਦੂਸਰੇ ਸ਼ਬਦਾਂ ਵਿੱਚ ਮੂਲ ਮੰਤਰ ਵਾਹਿਗੁਰੂ ਦੀ ਸੰਖੇਪ, ਪਰੰਤੂ, ਮੁਕੰਮਲ ਵਿਆਖਿਆ ਹੈ:-

| | |
|---|---|
| **ੴ** | ਵਾਹਿਗੁਰੂ ਇਕ ਹੈ, ਦੋਵਾਂ ਨਿਰਗੁਣ ਅਤੇ ਸਰਗੁਣ ਸਰੂਪਾਂ ਵਿੱਚ । |
| **ਸਤਿਨਾਮੁ** | ਉਹ ਸਦਾ ਰਹਿਣ ਵਾਲਾ ਹੈ ਅਤੇ ਸਭ ਗੁਣਾਂ ਦਾ ਸਮੂੰਹ ਹੈ। |
| **ਕਰਤਾ ਪੁਰਖੁ** | ਉਹ ਸਿਰਜਨਹਾਰ ਹੈ। |
| **ਨਿਰਭਉ** | ਉਹ ਕਿਸੇ ਨੂੰ ਭਉ ਨਹੀਂ ਦਿੰਦਾ। |
| **ਨਿਰਵੈਰ** | ਉਹ ਕਿਸੇ ਨਾਲ ਵੈਰ ਨਹੀਂ ਰੱਖਦਾ। |
| **ਅਕਾਲ ਮੂਰਤਿ** | ਉਹ ਸਮੇਂ ਦੀ ਬੰਦਸ਼ ਵਿੱਚ ਨਹੀਂ (ਕਾਲ ਰਹਿਤ) ਹੈ। |
| **ਅਜੂਨੀ** | ਉਹ ਜਨਮ ਰਹਿਤ ਹੈ। |
| **ਸੈਭੰ** | ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। |
| **ਗੁਰਪ੍ਰਸਾਦਿ॥** | ਉਸਦੀ ਪ੍ਰਾਪਤੀ ਗੁਰੂ ਦੀ ਮਿਹਰ ਸਦਕਾ ਹੀ ਹੁੰਦੀ ਹੈ। |

### ਅ) ਨਿਤਨੇਮ ਦੀਆਂ ਬਾਣੀਆਂ

**ਸਵੇਰੇ**

1. **ਜਪੁਜੀ ਸਾਹਿਬ**
2. **ਜਾਪੁ ਸਾਹਿਬ**
3. **ਸਵੱਯੇ ਸਾਹਿਬ**
4. **ਚੌਪਈ ਸਾਹਿਬ**
5. **ਅਨੰਦੁ ਸਾਹਿਬ**

**ਸ਼ਾਮ**

1. **ਰਹਿਰਾਸ**

**ਰਾਤ**

1. **ਕੀਰਤਨ ਸੋਹਲਾ**

**ਨੋਟ:-**

1. ਕੁਛ ਲੋਕ '**ਆਸਾ ਦੀ ਵਾਰ**' ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।
2. ਕੁਛ ਲੋਕ '**ਸੁਖਮਨੀ ਸਾਹਿਬ**' ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।

## ੲ) ਪੰਜ ਪਿਆਰੇ

1. **ਭਾਈ ਦੈਯਾ ਸਿੰਘ** - ਇਹ ਦੈਯਾ ਰਾਮ ਲਾਹੌਰ (ਪੰਜਾਬ) ਦੇ ਰਹਿਣ ਵਾਲੇ ਖਤਰੀ ਸਨ।
2. **ਭਾਈ ਧਰਮ ਸਿੰਘ** - ਇਹ ਧਰਮ ਦਾਸ ਹਸਤਨਾਪੁਰ (ਦਿੱਲੀ) ਦੇ ਰਹਿਣ ਵਾਲੇ ਜੱਟ ਸਨ।
3. **ਭਾਈ ਹਿੰਮਤ ਸਿੰਘ** - ਇਹ ਹਿੰਮਤ ਰਾਏ ਜਗਨ ਨਾਥ ਪੁਰੀ (ਉੜੀਸਾ)ਦੇ ਰਹਿਣ ਵਾਲੇ ਝੀਊਰ ਸਨ।
4. **ਭਾਈ ਮੋਹਕਮ ਸਿੰਘ** - ਇਹ ਮੋਹਕਮ ਚੰਦ ਦਵਾਰਕਾ (ਗੁਜਰਾਤ) ਦੇ ਰਹਿਣ ਵਾਲੇ ਛੀਂਬਾ ਸਨ।
5. **ਭਾਈ ਸਾਹਿਬ ਸਿੰਘ** - ਇਹ ਸਾਹਿਬ ਚੰਦ ਬਿਦਰ (ਕਰਨਾਟਕਾ) ਦੇ ਰਹਿਣ ਵਾਲੇ ਨਾਈ ਸਨ।

ਇਨ੍ਹਾਂ ਦੀ ਚੋਣ ਅਤੇ ਇਨ੍ਹਾਂ ਦੁਆਰਾ ਅੰਮ੍ਰਿਤ-ਪਾਨ ਕਰਨ ਨਾਲ ਇਕ ਨਵੇਂ ਪੰਥ-ਖ਼ਾਲਸਾ ਪੰਥ (ਸੰਤ ਸਿਪਾਹੀਆਂ ਦੀ ਕੌਮ) ਦੀ ਸਿਰਜਨਾ ਹੋਈ।

## ਸ) ਚਾਰ ਸਾਹਿਬਜ਼ਾਦੇ
## (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ)

**1. ਬਾਬਾ ਅਜੀਤ ਸਿੰਘ**

**2. ਬਾਬਾ ਜੁਝਾਰ ਸਿੰਘ**

ਇਨ੍ਹਾਂ ਦੋਵਾਂ ਨੇ ਗੁਰੂ-ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਦੇ ਸਾਮ੍ਹਣੇ ਚਮਕੌਰ ਦੇ ਯੁੱਧ ਵਿੱਚ ਸ਼ਹੀਦੀਆਂ ਪ੍ਰਾਪਤ ਕੀਤੀਆਂ।

**3. ਬਾਬਾ ਜੋਰਾਵਰ ਸਿੰਘ**

**4. ਬਾਬਾ ਫ਼ਤਹਿ ਸਿੰਘ**

ਇਨ੍ਹਾਂ ਦੋਵਾਂ ਨੇ ਸਰਹਿੰਦ ਵਿੱਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਮੁਸ਼ਕਲ ਨਾਲ 9 ਅਤੇ 6 ਸਾਲਾਂ ਦੇ ਸਨ ਜਦੋਂ ਵਜ਼ੀਰ ਖਾਂ, ਸੂਬਾ ਸਰਹਿੰਦ, ਦੇ ਹੁਕਮਾਂ ਨਾਲ ਇਨ੍ਹਾਂ ਨੂੰ ਪਹਿਲਾਂ ਕੰਧ ਵਿੱਚ ਚਿਣਿਆ ਗਿਆ ਅਤੇ ਬਾਅਦ ਵਿੱਚ ਕੋਹ ਕੇ ਮਾਰ ਦਿੱਤਾ ਗਿਆ।

## ਹ) ਪੰਜ ਤਖ਼ਤ ਸਾਹਿਬਾਨ

1. **ਸ੍ਰੀ ਅਕਾਲ ਤਖ਼ਤ ਸਾਹਿਬ,** ਅੰਮ੍ਰਿਤਸਰ, ਪੰਜਾਬ
2. **ਤਖ਼ਤ ਸ੍ਰੀ ਪਟਨਾ ਸਾਹਿਬ,** ਪਟਨਾ, ਬਿਹਾਰ
3. **ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,** ਅਨੰਦਪੁਰ ਸਾਹਿਬ, ਪੰਜਾਬ
4. **ਤਖ਼ਤ ਸ੍ਰੀ ਹਜ਼ੂਰ ਸਾਹਿਬ,** ਅਬਚਲ ਨਗਰ, ਮਹਾਂਰਾਸ਼ਟਰਾ
5. **ਤਖ਼ਤ ਸ੍ਰੀ ਦਮਦਮਾ ਸਾਹਿਬ,** ਤਲਵੰਡੀ ਸਾਬੋ, ਪੰਜਾਬ

## ਕ) ਪੰਜ ਕਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਨ ਸਮੇਂ, ਅੰਮ੍ਰਿਤ ਪਾਨ ਕਰਵਾਉਣ ਉਪ੍ਰੰਤ, ਰਹਿਤ-ਮਰਿਯਾਦਾ ਵਿੱਚ ਪੰਜ ਕਕਾਰ ਦੀ ਰਹਿਤ ਵੀ ਦੱਸੀ:-

1) ਕੱਛ, 2) ਕੜਾ, 3) ਕਿਰਪਾਨ, 4) ਕੰਘਾ ਅਤੇ 5) ਕੇਸ।

1. **ਕੱਛ** - ਇਹ ਗੋਡਿਆਂ ਤਕ ਹੁੰਦੀ ਹੈ ਅਤੇ ਕੰਮ ਕਰਦਿਆਂ ਵੀ ਪਾਈ ਰਹਿੰਦੀ ਹੈ।
2. **ਕੜਾ** - ਇਹ ਸੱਜੀ ਬਾਂਹ ਤੇ ਪਾਇਆ ਜਾਂਦਾ ਹੈ ਅਤੇ ਸ੍ਵੈ-ਕਾਬੂ ਵਿੱਚ ਰਹਿਣ ਲਈ ਸੁਚੇਤ ਕਰਦਾ ਰਹਿੰਦਾ ਹੈ।
3. **ਕਿਰਪਾਨ** - ਇਹ ਤਾਕਤ ਅਤੇ ਸ੍ਵੈਮਾਨ ਦਾ ਪ੍ਰਤੀਕ ਹੈ ਅਤੇ ਮਜ਼ਲੂਮ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਲਈ ਵਰਤੀ ਜਾਂਦੀ ਹੈ।
4. **ਕੰਘਾ** - ਇਹ ਕੇਸਾਂ ਦੀ ਸਾਂਭ ਸੰਭਾਲ ਵਾਸਤੇ ਹੈ।
5. **ਕੇਸ** - ਘਰ ਬਾਰ ਛੱਡਣ ਸਮੇਂ ਸਿਰ, ਮੂੰਹ ਮੁੰਡਾਉਣ ਦੀ ਪੁਰਾਣੀ ਰਵਾਇਤ ਦੇ ਉਲਟ ਇਹ ਗ੍ਰਹਿਸਤੀ ਜੀਵਨ ਦੀ ਸੰਪੂਰਨਤਾ ਦੇ ਪ੍ਰਤੀਕ ਹਨ।

### ਖ) ਸਿੱਖ ਧਰਮ ਵਿਚ ਕਰਨਯੋਗ ਗੱਲਾਂ

1. ਵਾਲਾਂ ਦੀ ਸਾਂਭ ਸੰਭਾਲ ਕਰਨੀ ।
2. ਆਪਣੇ ਜੀਵਨ-ਸਾਥੀ ਨਾਲ ਵਫਾਦਾਰੀ ਰੱਖਣੀ ।
3. ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਅਤੇ ਇਸ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ ।
4. ਅੰਮ੍ਰਿਤ ਛਕਣਾ ਅਤੇ ਰਹਿਤ-ਮਰਯਾਦਾ ਦਾ ਪਾਲਨ ਕਰਨਾ ।
5. ਤੜ੍ਹਕੇ ਉੱਠ ਇਸ਼ਨਾਨ ਕਰਨਾ, ਨਿਤਨੇਮ ਕਰਨਾ ਅਤੇ ਕੁਝ ਸਮਾਂ ਸੰਗਤ ਵਿਚ ਬੈਠਣਾ ।
6. ਹਰ ਵੇਲੇ ਉਸਦੀ ਯਾਦ, ਭਾਓ ਅਤੇ ਭਉ ਵਿਚ ਰਹਿਣਾ ।
7. ਨੇਕ ਕਮਾਈ ਕਰਨੀ ਅਤੇ ਲੋੜਵੰਦਾਂ ਦੀ ਮਦਦ ਕਰਨੀ ।
8. ਦੇਗ਼ ਚਲਾਉਣੀ। (ਦੇਗ: ਉਦਾਰਤਾ ਅਤੇ ਖੁਸ਼ਹਾਲੀ ਦਾ ਚਿੰਨ੍ਹ ਅਤੇ ਵੰਡ ਛਕਣ ਦਾ ਪ੍ਰਤੀਕ ਹੈ।)
9. ਤੇਗ਼ ਵਾਹੁਣੀ (ਤੇਗ: ਤਾਕਤ ਅਤੇ ਹੱਕ, ਇਨਸਾਫ ਦਾ ਚਿੰਨ੍ਹ ਅਤੇ ਗਊ, ਗ਼ਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦਾ ਪ੍ਰਤੀਕ ਹੈ।)
10. ਸੱਚ ਬੋਲਣਾ ਅਤੇ ਸਚਿਆਰ ਜੀਵਨ ਜੀਊਣਾ ।
11. ਧਰਮ, ਜਾਤ, ਰੰਗ, ਨਸਲ, ਰੁਤਬੇ ਅਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਦੁਖੀ ਮਨੁੱਖਤਾ ਨਾਲ ਪਿਆਰ ਅਤੇ ਉਸਦੀ ਸੇਵਾ ਕਰਨੀ ।
12. ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਣਾ ।
13. ਰੁਤਬੇ, ਲਿੰਗ, ਧਰਮ, ਜਾਤ, ਰੰਗ, ਨਸਲ ਅਤੇ ਹੋਰ ਕਿਸੇ ਵਿਤਕਰੇ ਤੋਂ ਬਿਨਾਂ ਸਭ ਦੇ ਬਰਾਬਰ ਦੇ ਹੱਕਾਂ ਦਾ ਆਦਰ ਕਰਨਾ ।
14. ਚੰਗੇ ਗੁਣ ਜਿਵੇਂ ਸੱਚਾਈ, ਈਮਾਨਦਾਰੀ, ਹਲੀਮੀ, ਨਿਰਪੱਖਤਾ, ਇਨਸਾਫ, ਪਰਉਪਕਾਰ, ਕ੍ਰਿਤੱਗਤਾ, ਵਫਾਦਾਰੀ ਅਤੇ ਹੋਰ ਸਭ ਨੈਤਿਕ ਅਤੇ ਪਰਿਵਾਰਕ ਗੁਣ ਗ੍ਰਹਿਣ ਕਰਨਾ ।
15. ਚੜ੍ਹਦੀ ਕਲਾ ਵਿਚ ਰਹਿਣਾ, ਭਾਣਾ ਮੰਨਣਾ ਅਤੇ ਸਰਬੱਤ ਦਾ ਭਲਾ ਮੰਗਣਾ ।
16. ਬਾਣੀ ਪੜ੍ਹਨੀ, ਪੜ੍ਹਾਉਣੀ, ਵਿਚਾਰਨੀ ਅਤੇ ਇਸ 'ਤੇ ਅਮਲ ਕਰਨਾ ।

## ਗ) ਸਿੱਖ ਧਰਮ ਵਿਚ ਨਾ-ਕਰਨਯੋਗ (ਵਰਜਿਤ) ਗੱਲਾਂ

1. ਵਾਲਾਂ ਦੀ ਬੇ-ਅਦਬੀ ਕਰਨਾ ।
2. ਸ਼ਰਾਬ, ਸਿਗਰੇਟ, ਤੰਮਾਕੂ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਰਨਾ ।
3. ਆਪਣੇ ਜੀਵਨ ਸਾਥੀ ਤੋਂ ਬਗੈਰ ਕਿਸੇ ਹੋਰ ਨਾਲ ਸਰੀਰਕ ਸੰਬੰਧ ਬਨਾਉਣੇ ।
4. ਕੁੱਠਾ ਖਾਣਾ ।
5. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝਗੜਾ, ਸਾੜਾ, ਚੁਗਲੀ, ਨਿੰਦਾ, ਖੁਸ਼ਾਮਦ ਕਰਨਾ ।
6. ਬੱਚੀ-ਕੁਸ਼ੀ ਅਤੇ ਗਰਭ-ਪਾਤ ਕਰਨੇ ।
7. ਮੜ੍ਹੀਆਂ, ਕਬਰਾਂ ਦੀ ਪੂਜਾ ਕਰਨੀ ।
8. ਕਿਸੇ ਦੇਹ-ਧਾਰੀ ਨੂੰ ਗੁਰੂ ਮੰਨਣਾ ਅਤੇ ਡੇਰਾ-ਵਾਦ ਨੂੰ ਬੜ੍ਹਾਵਾ ਦੇਣਾ ।
9. ਸਤੀ ਪ੍ਰਥਾ ਜਾਰੀ ਰੱਖਣਾ ।
10. ਔਰਤਾਂ ਨੂੰ ਬੰਦੀ ਬਨਾਉਣਾ ਅਤੇ ਉਨ੍ਹਾਂ ਦਾ ਸ਼ੋਸ਼ਨ ਕਰਨਾ ।
11. ਬੁੱਤ ਪੂਜਾ ਕਰਨਾ ।
12. ਦੂਈ, ਦਵੈਤ, ਢੋਂਗ, ਵਹਿਮ-ਭਰਮ ਅਤੇ ਵਿਅਰਥ ਕਰਮ-ਕਾਂਡ ਕਰਨੇ ।
13. ਜਾਤ-ਪਾਤੀ ਵਿਤਕਰਾ ਅਤੇ ਛੂਤ-ਛਾਤ ਕਰਨਾ।
14. ਆਪਣੇ ਦੇਸ, ਕੌਮ ਅਤੇ ਸਮਾਜ ਵਿਰੋਧੀ ਕੋਈ ਵੀ ਹਰਕਤ ਕਰਨਾ ।
15. ਬਹੁਤਾ ਖਾਣਾ, ਸੌਣਾ ਜਾਂ ਬੋਲਣਾ ।
16. ਸਰਾਧ ਕਰਨੇ ।

## 52. ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ :


1. ਡਾ. ਅਜੀਤ ਸਿੰਘ ਔਲਖ : ਸਚਿੱਤਰ ਜੀਵਨ ਸਾਖੀਆਂ ਗੁਰੂ ਨਾਨਕ ਦੇਵ ਜੀ
   ਛਾਪਕ — ਭਾਈ ਚਤਰ ਸਿੰਘ, ਭਾਈ ਜੀਵਨ ਸਿੰਘ
2. ਸੰਤੋਖ ਸਿੰਘ ਜਗਦੇਵ : ਬਾਬਾਣੀਆਂ ਕਹਾਣੀਆਂ – 1
   ਧੰਨ ਧੰਨ ਗੁਰੂ ਨਾਨਕ ਦੇਵ ਜੀ
3. ਸਤਿਬੀਰ ਸਿੰਘ : ਬਲਿਓ ਚਿਰਾਗ
   (ਜੀਵਨੀ ਗੁਰੂ ਨਾਨਕ ਦੇਵ ਜੀ)
4. ਮੁਖਤਾਰ ਸਿੰਘ ਗੁਰਾਇਆ : ਦਸ ਪਾਤਸ਼ਾਹੀਆਂ
   ਜੀਵਨ, ਕਾਰਜ ਤੇ ਉਦੇਸ਼
   ਸੰਖੇਪ ਬਿਰਤਾਂਤ
   ਪ੍ਰਕਾਸ਼ਕ — ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ(ਰਜਿ.) ਅੰਮ੍ਰਿਤਸਰ ।
5. ਗੁਰਮਤਿ ਪ੍ਰਕਾਸ਼ : ਜੁਲਾਈ 2019
6. ਪ੍ਰੋ. ਸਾਹਿਬ ਸਿੰਘ : ਜੀਵਨ ਬ੍ਰਿਤਾਂਤ
   ਸ੍ਰੀ ਗੁਰੂ ਨਾਨਕ ਦੇਵ ਜੀ

# ਅਪੀਲ

**ਸੇਵਕ ਕਉ ਸੇਵਾ ਬਨਿ ਆਈ ॥**
**ਹੁਕਮੁ ਬੂਝਿ ਪਰਮ ਪਦੁ ਪਾਈ ॥**

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਮਾਹੌਲ ਵਿਚ ਅਤੇ ਗੁਰਬਾਣੀ ਦੀ ਸਿੱਖਿਆ 'ਤੇ ਚਲਦਿਆਂ ਭਗਤ ਪੂਰਨ ਸਿੰਘ ਜੀ ਨੇ ਜੋ ਲਾਹੌਰ ਵਿਖੇ ਨਿਸ਼ਕਾਮ ਸੇਵਾ ਦਾ ਕੰਮ ਆਰੰਭ ਕੀਤਾ ਸੀ, ਉਸ ਨੂੰ ਅੰਮ੍ਰਿਤਸਰ ਪਹੁੰਚ ਕੇ ਅਮਲੀ ਜਾਮਾ ਪਹਿਨਾਇਆ ਗਿਆ। ਦੇਸ਼ ਦੀ ਵੰਡ ਸਮੇਂ 18 ਅਗਸਤ 1947 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਵਿਚ ਪੁਜ ਕੇ ਭਗਤ ਜੀ ਨੇ ਦੁਖੀ ਮਨੁੱਖਤਾ ਦੀ ਸੇਵਾ ਬੜੀ ਸ਼ਿੱਦਤ ਨਾਲ ਆਰੰਭ ਕਰ ਦਿੱਤੀ ਜੋ ਕਿ ਹੈਜ਼ੇ ਦੀ ਵਬਾ ਕਾਰਨ ਉਸ ਵੇਲੇ ਦੀ ਲੋੜ ਬਣ ਗਈ ਸੀ । ਇਸ ਤੋਂ ਪਿੱਛੋਂ ਉਹਨਾਂ ਨੇ ਕਦੀ ਪਿੱਛਾ ਭੌਂ ਕੇ ਨਹੀਂ ਵੇਖਿਆ ਅਤੇ ਮੌਜੂਦਾ ਰੂਪ ਵਿਚ ਪਿੰਗਲਵਾੜਾ ਬਣਨ ਤਕ ਇਸ ਦੇ ਬਾਨੀ ਨੂੰ ਦਿਨ-ਰਾਤ ਇਕ ਕਰਕੇ ਸਖ਼ਤ ਘਾਲਣਾ ਘਾਲਣੀ ਪਈ । ਪਿੰਗਲਵਾੜਾ ਵਿਚ ਇਸ ਵੇਲੇ (31-07-2019)1792 ਲਾਚਾਰ ਰੋਗੀ ਹਨ ਜਿਨ੍ਹਾਂ ਦੀ, ਬਿਨਾਂ ਧਰਮ, ਜਾਤ, ਨਸਲ ਜਾਂ ਰੰਗ ਦੇ ਵਿਤਕਰੇ ਦੇ, ਸੇਵਾ ਸੰਭਾਲ ਕੀਤੀ ਜਾਂਦੀ ਹੈ । ਇਹਨਾਂ ਵਿਚ ਲਾਚਾਰ, ਅਪਾਹਿਜ, ਬਿਮਾਰ ਅਤੇ ਪਾਗ਼ਲ ਔਰਤਾਂ, ਮਰਦ, ਬੱਚੇ ਅਤੇ ਬੁੱਢੇ ਸ਼ਾਮਲ ਹਨ । ਇਹਨਾਂ ਵਿਚ ਕੁਝ ਨਾ ਠੀਕ ਹੋਣ ਵਾਲੇ ਅਤੇ ਭਿਆਨਕ ਰੋਗਾਂ ਤੋਂ ਗ੍ਰਸਤ ਰੋਗੀ ਸ਼ਾਮਲ ਹਨ ।

ਇਸ ਤੋਂ ਇਲਾਵਾ, ਬਹੁਤ ਸਾਰਾ ਸਾਹਿਤ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ। ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦਿੱਤੀ ਜਾਂਦੀ ਹੈ। ਅਪਾਹਿਜਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਏ ਜਾਂਦੇ ਹਨ ਅਤੇ ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧਤਾ ਲਈ ਸਰਕਾਰੀ ਅਤੇ ਸਾਂਝੀਆਂ ਥਾਵਾਂ 'ਤੇ ਮੁਫ਼ਤ ਰੁੱਖ ਲਗਾਏ ਜਾਂਦੇ ਹਨ, ਇਤਿਆਦਿ।

ਪਿੰਗਲਵਾੜੇ ਦਾ ਰੋਜ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੀ ਵੱਧ ਹੈ ਜੋ ਕਿ ਦਾਨੀ ਸੱਜਣਾਂ ਅਤੇ ਪਿੰਗਲਵਾੜੇ ਦੇ ਹਿਤੈਸ਼ੀਆਂ ਵੱਲੋਂ ਦਿੱਤੇ ਦਾਨ ਅਤੇ ਸਹਾਇਤਾ ਨਾਲ ਚਲਦਾ ਹੈ । ਦਾਨੀ ਸੱਜਣਾਂ ਨੂੰ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਸੰਸਥਾ ਨੂੰ ਮਨੀਆਰਡਰ, ਬੈਂਕ ਡਰਾਫਟ ਅਤੇ ਚੈੱਕ ਰਾਹੀਂ ਦਾਨ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਇਸ ਸ਼ੁੱਭ ਕੰਮ ਨੂੰ ਜਾਰੀ ਰੱਖਿਆ ਜਾਵੇ ।

- Foreign A/c no. 01562010002890, Oriental Bank of Commerce, Sharif Pura, Amritsar-143001
- Inland A/c no. 01562010003720, Oriental Bank of Commerce, Sharif Pura, Amritsar-143001

**ਡਾ. ਇੰਦਰਜੀਤ ਕੌਰ,**
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।
ਫ਼ੋਨ ਨੰ: 0183-2584713, 2584586
*Email: pingalwara57@gmail.com, Website: www.pingalwara.org*